ਬੁਲੇਟਿਨ

# ਲਲਕਾਰ

**ਤਬਦੀਲੀ ਪਸੰਦ ਨੌਜਵਾਨਾਂ-ਵਿਦਿਆਰਥੀਆਂ ਦੀ ਮੈਗਜ਼ੀਨ**

ਅਪ੍ਰੈਲ-ਜੂਨ 2010 ● 10 ਰੁਪਏ



**ਵਿਸ਼ੇਸ਼ ਲੇਖ**

**ਭਾਰਤੀ ਗਣਰਾਜ ਅਤੇ ਸੰਵਿਧਾਨ ਦੇ ਸੱਠ ਵਰ੍ਹੇ-**

ਕਿਹੋ ਜਿਹਾ ਹੈ ਇਹ ਲੋਕਤੰਤਰ ਅਤੇ ਇਹ ਸੰਵਿਧਾਨ
ਕਿੰਨ੍ਹਾਂ ਦੀ ਸੇਵਾ ਕਰਦਾ ਹੈ ?

**ਯੂ. ਪੀ. ਏ ਸਰਕਾਰ ਦੀ ਅਣਐਲਾਨੀ ਨਵੀਂ ਸਿੱਖਿਆ ਨੀਤੀ—**

**ਸਿੱਖਿਆ ਦੇ ਖੇਤਰ ਵਿੱਚ ਸਮਾਜਿਕ ਪ੍ਰੋਹਿਤਵਾਦ ਨੂੰ ਮਜ਼ਬੂਤ ਬਣਾਉਣ ਅਤੇ ਨਿਜੀ ਮੁਨਾਫ਼ੇ ਨੂੰ ਵਧਾਉਣ ਨੂੰ ਸਮਰਪਿਤ**

**ਆਸਾਰਾਮ ਬਾਪੂ— ਕਤਲ ਅਤੇ ਸੰਪੱਤੀ ਕਬਜ਼ੇ ਦੇ ਮਾਮਲੇ**

**ਧਾਰਮਕ ਪੂੰਜੀਵਾਦ ਦੇ ਅਪਰਾਧ ਜਾਂ ਅਪਰਾਧੀ ਪੂੰਜੀਵਾਦ ਦਾ ਧਰਮ ?**

## 'ਲਲਕਾਰ' ਬਾਰੇ ਕੁੱਝ ਮਹੱਤਵਪੂਰਨ ਨੁਕਤੇ

➢ ਭਾਰਤੀ ਇਨਕਲਾਬ ਦਾ ਰਾਹ ਕਿਰਤੀਆਂ ਦੀ ਅਗਵਾਈ 'ਚ ਸਾਮਰਾਜਵਾਦ-ਪੂੰਜੀਵਾਦ ਵਿਰੋਧੀ ਇਨਕਲਾਬ ਦਾ ਰਾਹ ਹੈ। ਇਹ ਨਵੇਂ ਸਮਾਜਵਾਦੀ ਇਨਕਲਾਬ ਦਾ ਰਾਹ ਹੈ। ਇਹ ਸ਼ਹੀਦ-ਏ-ਆਜ਼ਮ ਭਗਤ ਸਿੰਘ ਦਾ ਰਾਹ ਹੈ। ਇਨਕਲਾਬ ਬੇਆਸਿਆਂ ਦੀ ਆਸ ਹੈ। ਹਨ੍ਹੇਰੇ ਵਿੱਚ ਜੀਣ ਵਾਲ਼ਿਆਂ ਲਈ ਰੌਸ਼ਨੀ ਦੀ ਕਿਰਨ ਹੈ। ਮੌਤ ਦੇ ਅਵਸਾਦ ਨੂੰ ਤੋੜਨ ਵਾਲ਼ੇ ਉਤਸਵ ਦਾ ਅਹਿਲਾਦ ਹੈ। "ਲਲਕਾਰ" ਇਸ ਤੂਫ਼ਾਨ ਨੂੰ ਮੁਕਤ ਕੰਠ ਨਾਲ਼ ਸੱਦਾ ਦਿੰਦਾ ਹੈ। "ਲਲਕਾਰ" ਇਸ ਤੂਫ਼ਾਨ ਦਾ ਅਨੰਦ ਲੈਣ ਲਈ ਸਾਰੇ ਨੌਜਵਾਨ ਤੂਫ਼ਾਨੀ ਪੇਤਰੇਲਾਂ ਨੂੰ ਨਿਉਂਦਾ ਦਿੰਦਾ ਹੈ।

➢ ਪੂਰਾ ਭਾਰਤੀ ਸਮਾਜ ਅੱਜ ਇੱਕ ਜਵਾਲਾ ਮੁਖੀ ਦੇ ਮੂੰਹ 'ਤੇ ਬੈਠਾ ਹੈ। ਹੁਣ ਇਹ ਸੱਚ ਪੂਰੀ ਤਰਾਂ ਉਜਾਗਰ ਹੋ ਚੁੱਕਾ ਹੈ ਕਿ ਰੋਗੀ-ਅਪੰਗ, ਬੁੱਢਾ-ਬੌਣਾ ਭਾਰਤੀ ਪੂੰਜੀਵਾਦ ਆਮ ਲੋਕਾਂ ਨੂੰ ਕੁੱਝ ਵੀ ਸਕਾਰਾਤਮਕ ਨਹੀਂ ਦੇ ਸਕਦਾ। ਕਿਰਤੀਆਂ ਦੀ ਜ਼ਿੰਦਗੀ ਨੂੰ ਇਸਨੇ ਲੁੱਟ-ਜਬਰ ਦੇ ਅਸਹਿ ਦੁੱਖਾਂ ਦੇ ਹਨ੍ਹੇਰੇ ਵਿੱਚ ਧੱਕ ਦਿੱਤਾ ਹੈ। ਅਥਾਹ ਦੁੱਖਾਂ ਦੇ ਸਾਗਰ ਵਿਚੋਂ ਐਯਾਸ਼ੀ ਦੇ ਟਾਪੂ ਅਤੇ ਵਿਲਾਸਤਾ ਦੀਆਂ ਮੀਨਾਰਾਂ, ਸੰਸਦ ਵਿੱਚ ਸਰਮਾਏਦਾਰਾਂ ਦੀਆਂ ਝੋਲ਼ੀ-ਚੁੱਕ ਵੋਟ-ਬਟੋਰੂ ਸਿਆਸੀ ਪਾਰਟੀਆਂ ਦਾ ਜਾਬਾਂ ਦਾ ਭੇੜ, ਵਿਦੇਸ਼ੀ ਲੁਟੇਰਿਆਂ ਨੂੰ ਲੁੱਟ ਦੀ ਖੁੱਲ੍ਹੀ ਛੁੱਟੀ, ਭ੍ਰਿਸ਼ਟਾਚਾਰ ਦੇ ਨਿੱਤ ਟੁੱਟਦੇ ਰਿਕਾਰਡ, ਸੰਵੇਦਨਾਵਾਂ ਨੂੰ ਖੁੰਢਾ ਕਰ ਰਹੇ ਵਿਗੜੇ-ਬਿਮਾਰ ਸਾਮਰਾਜਵਾਦੀ-ਪੂੰਜੀਵਾਦੀ ਸੱਭਿਆਚਾਰ ਦਾ ਧੀਮਾ ਜ਼ਹਿਰ, ਸੰਚਾਰ-ਮਾਧਿਅਮਾਂ ਉਪਰ ਪੂੰਜੀ ਦੀ ਸਰਬਵਿਆਪੀ ਜਕੜ, ਵਿਕਦਾ ਨਿਆਂ, ਬੇਤਹਾਸ਼ਾ ਮਹਿੰਗੀ ਹੁੰਦੀ ਜਾ ਰਹੀ ਨਿਰਾਰਥਕ-ਅਵਿਗਿਆਨਕ ਸਿੱਖਿਆ, ਮਾਮੂਲੀ ਇਲਾਜ ਦੀ ਕਮੀ ਨਾਲ਼ ਮਰਦੇ ਲੋਕ - ਇਹੋ ਅੱਜ ਦਾ ਉਹ ਨਰਕੀ ਸੱਚ ਹੈ, ਜਿਸਨੂੰ ਫਿਲਹਾਲ, ਹਾਰੀ ਹੋਈ ਮਾਨਸਿਕਤਾ ਦੇ ਸ਼ਿਕਾਰ ਲੋਕਾਂ ਨੇ ਆਪਣੀ ਹੋਣੀ ਮੰਨ ਲਿਆ ਹੈ। ਇਸ ਨੂੰ ਬਦਲਣ ਦਾ ਰਾਹ ਇਨਕਲਾਬ ਦਾ ਰਾਹ ਹੈ। ਇਨਕਲਾਬ ਮੁਸ਼ਕਿਲ ਹੈ, ਇਨਕਲਾਬ ਦਾ ਰਾਹ ਲੰਬਾ ਹੈ, ਤਬਾਹਕੁਨ ਹੈ, ਪਰ ਇਸ ਤੋਂ ਬਿਨਾਂ ਨਵੇਂ ਦੀ ਉਸਾਰੀ ਅਸੰਭਵ ਹੈ। ਇਹੋ ਅੱਜ ਦਾ ਠੰਢਾ ਸੱਚ ਹੈ, ਨੰਗਾ ਸੱਚ ਹੈ - ਪਰ ਇਹੋ ਮੁਕਤੀਦਾਈ ਸੱਚ ਹੈ। ਇਹੋ 'ਲਲਕਾਰ' ਦਾ ਬੇਖੌਫ਼ ਐਲਾਨ ਹੈ।

## ਇਸ ਅੰਕ ਵਿੱਚ




# ਲਲਕਾਰ

ਤਬਦੀਲੀ ਪਸੰਦ ਨੌਜਵਾਨਾਂ ਵਿਦਿਆਰਥੀਆਂ ਦਾ ਮੈਗਜ਼ੀਨ

ਸਾਲ 4, ਬੁਲੇਟਿਨ 12

ਅਪ੍ਰੈਲ-ਜੂਨ 2010



**ਸੰਪਾਦਕ**

ਲਖਵਿੰਦਰ

**ਚਿੱਠੀ-ਪੱਤਰ, ਰਚਨਾਵਾਂ ਅਤੇ ਚੰਦੇ ਭੇਜਣ ਦਾ ਪਤਾ**

ਲਖਵਿੰਦਰ ਸਪੁੱਤਰ ਸ. ਮਨਜੀਤ ਸਿੰਘ, ਮੁਹੱਲਾ ਜੱਸੜਾਂ, ਸ਼ਹਿਰ ਅਤੇ ਡਾਕਖਾਨਾ-ਸਰਹਿੰਦ ਸ਼ਹਿਰ, ਜ਼ਿਲ੍ਹਾ-ਫਤਿਹਗੜ੍ਹ ਸਾਹਿਬ-140406 ☎ 96461 50249

e-mail id— lalkaar08@rediffmail.com



**ਇੱਕ ਕਾਪੀ ਦੀ ਕੀਮਤ** ਦਸ ਰੁਪਏ **ਸਾਲਾਨਾ** ਚਾਲੀ ਰੁਪਏ (ਡਾਕ ਰਾਹੀਂ ਪੰਜਾਹ ਰੁਪਏ)

ਤੁਸੀਂ 'ਲਲਕਾਰ' ਸਾਡੇ ਬਲੌਗ 'ਤੇ ਵੀ ਪੜ੍ਹ ਸਕਦੇ ਹੋ। 'ਲਲਕਾਰ' ਦੇ ਪਿਛਲੇ ਸਾਰੇ ਅੰਕ ਵੀ ਬਲੌਗ 'ਤੇ ਉਪਲੱਬਧ ਹਨ।

lalkaar.wordpress.com

ਵਿਸ਼ੇਸ਼ ਲੇਖ

# ਭਾਰਤੀ ਗਣਰਾਜ ਅਤੇ ਸੰਵਿਧਾਨ ਦੇ ਸੱਠ ਵਰ੍ਹੇ

**ਬਸਤੀਵਾਦੀ ਭਾਰਤ 'ਚ ਸੰਵਿਧਾਨ ਤਿਆਰ ਕਰਨ ਦੀ ਇਤਿਹਾਸਕ ਪਿੱਠਭੂਮੀ, ਇਸਦੀ ਤਿਆਰੀ ਪ੍ਰਕਿਰਿਆ ਇਸਦੇ ਚਰਿੱਤਰ ਅਤੇ ਭਾਰਤੀ ਪੂੰਜੀਵਾਦੀ ਜਮਹੂਰੀ ਗਣਰਾਜ ਦਾ ਜਮਾਤੀ ਤੱਤ, ਇਸ ਦੀ ਅਤਿ ਸੀਮਿਤ ਪੂੰਜੀਵਾਦੀ ਜਮਹੂਰੀਅਤ ਅਤੇ ਨਿਰੰਕੁਸ਼ ਤਾਨਾਸ਼ਾਹੀ ਦੇ ਖ਼ਤਰਿਆ ਬਾਰੇ**

***ਕਿਹੋ ਜਿਹਾ ਹੈ ਇਹ ਲੋਕਤੰਤਰ ਅਤੇ ਇਹ ਸੰਵਿਧਾਨ ਕਿੰਨ੍ਹਾਂ ਦੀ ਸੇਵਾ ਕਰਦਾ ਹੈ?***

*"ਅਸੀਂ ਭਾਰਤ ਦੇ ਲੋਕ, ਭਾਰਤ ਨੂੰ ਇੱਕ ਸੰਪੂਰਨ ਖੁਦ-ਮੁਖਤਿਆਰੀ-ਸੰਪੰਨ ਸਮਾਜਵਾਦੀ ਪੰਥ-ਨਿਰਪੇਖ ਜਮਹੂਰੀ ਗਣਰਾਜ ਬਣਾਉਣ ਲਈ ਅਤੇ ਇਸ ਦੇ ਸਾਰੇ ਨਾਗਰਿਕਾਂ ਨੂੰ ਸਮਾਜਿਕ, ਆਰਥਿਕ ਅਤੇ ਰਾਜਨੀਤਕ ਨਿਆਂ, ਵਿਚਾਰ ਪ੍ਰਗਟਾਵੇ, ਵਿਸ਼ਵਾਸ, ਧਰਮ ਅਤੇ ਪੂਜਾ ਦੀ ਅਜ਼ਾਦੀ, ਇਜੱਤ ਅਤੇ ਮੌਕਿਆਂ ਦੀ ਬਰਾਬਰੀ ਹਾਸਲ ਕਰਾਉਣ ਲਈ ਅਤੇ ਉਹਨਾਂ ਸਭਨਾਂ 'ਚ ਵਿਅਕਤੀ ਦਾ ਸਵੈ-ਮਾਣ ਤੇ ਕੌਮ ਦੀ ਏਕਤਾ ਅਤੇ ਅਖੰਡਤਾ ਦੀ ਗਰੰਟੀ ਕਰਨ ਵਾਲ਼ੇ ਭਾਈਚਾਰੇ ਨੂੰ ਵਧਾਉਣ ਲਈ ਦ੍ਰਿੜ ਸੰਕਲਪ ਹੋ ਕੇ ਆਪਣੀ ਇਸ ਸੰਵਿਧਾਨ ਸਭਾ 'ਚ ਅੱਜ ਤਾਰੀਕ 26 ਨਵੰਬਰ, 1949 ਈਸਵੀ ਨੂੰ ਇਸ ਸੰਵਿਧਾਨ ਨੂੰ ਅੰਗੀਕਾਰ, ਅਧਿਨਿਯਮਿਤ ਅਤੇ ਆਤਮ-ਅਰਪਿਤ ਕਰਦੇ ਹਾਂ।"*

ਇਹਨਾਂ ਲੱਛੇਦਾਰ ਸ਼ਬਦਾਂ ਦੀ ਪ੍ਰਸਤਾਵਨਾ ਨਾਲ਼ ਦੁਨੀਆਂ ਦੇ ਸਭ ਤੋਂ ਵੱਡੀ ਜਮਹੂਰੀਅਤ ਦੇ ਸੰਵਿਧਾਨ ਦੀ ਸ਼ੁਰੂਆਤ ਹੁੰਦੀ ਹੈ ਜੋ (90,000 ਸ਼ਬਦ) ਦੁਨੀਆਂ ਦਾ ਸਭ ਤੋਂ ਵੱਡਾ ਸੰਵਿਧਾਨ ਹੈ। ਇਸ 26 ਜਨਵਰੀ ਨੂੰ ਭਾਰਤੀ ਗਣਤੰਤਰ ਅਤੇ ਭਾਰਤੀ ਸੰਵਿਧਾਨ ਦੀ ਸੱਠਵੀਂ ਵਰ੍ਹੇਗੰਢ ਧੂਮ-ਧਾਮ ਨਾਲ਼ ਮਨਾਈ ਗਈ। ਜਸ਼ਨ ਅਤੇ ਜਲਸੇ ਹੋਏ। ਰਾਜਧਾਨੀ ਦਿੱਲੀ 'ਚ ਤਕੜੇ ਸੁਰੱਖਿਆ ਇੰਤਜਾਮਾਂ ਨਾਲ਼ ਗਣਤੰਤਰ ਦਿਵਸ ਪਰੇਡ ਹੋਈ। ਇੱਥੇ ਪਤਵੰਤੇ ਅਤੇ ਵਧੇਰੇ-ਖਾਸ ਲੋਕ ਵੀ ਮੌਜੂਦ ਸਨ। ਇੱਕ ਤਾਂ ਲੋਕਾਂ 'ਚ ਹੁਣ ਮੇਲੇ ਠੇਲੇ ਵਾਲ਼ਾ ਪੁਰਾਣਾ ਉਤਸ਼ਾਹ ਰਿਹਾ ਵੀ ਨਹੀਂ, ਦੂਜਾ ਸਖ਼ਤ ਸੁਰੱਖਿਆ ਇੰਤਜਾਮ ਉਨ੍ਹਾਂ ਨੂੰ ਰਾਜਪਥ ਤੱਕ ਫਟਕਣ ਵੀ ਨਹੀਂ ਦਿੰਦਾ।

ਸਵਾਲ ਇਹ ਵੀ ਉਠਾਇਆ ਜਾ ਸਕਦਾ ਹੈ ਕਿ ਗਣਤੰਤਰ ਦਿਵਸ ਦੀ ਮੁੱਖ ਖਿੱਚ ਫੌਜੀ ਸ਼ਕਤੀ ਦਾ ਪ੍ਰਦਰਸ਼ਨ ਹੀ ਕਿਉਂ ਹੋਇਆ ਕਰਦਾ ਹੈ? ਕੀ ਜਮਹੂਰੀਅਤ ਦੀ ਮਜਬੂਤੀ ਫ਼ੌਜ ਦੀ ਤਾਕਤ ਨਾਲ਼ ਤੈਅ ਹੁੰਦੀ ਹੈ? ਉਂਞ ਇਸ ਪ੍ਰਤੀਕਾਤਮਿਕਤਾ ਨਾਲ਼ ਸਚੇਤ-ਅਚੇਤ ਇੱਕ ਸੱਚਾਈ ਹੀ ਸਾਹਮਣੇ ਆਉਂਦੀ ਹੈ। ਹਰ ਪੂੰਜੀਵਾਦੀ ਜਮਹੂਰੀਅਤ (ਲੋਕਤੰਤਰ) ਅਸਲ 'ਚ ਪੂੰਜੀਪਤੀ ਜਮਾਤ ਦੀ ਤਾਨਾਸ਼ਾਹੀ ਹੁੰਦੀ ਹੈ, ਇਹ ਬਹੁਗਿਣਤੀ 'ਤੇ ਲੋਟੂ ਘੱਟ ਗਿਣਤੀ ਦਾ ਸ਼ਾਸਨ ਹੁੰਦਾ ਹੈ ਜਿਹੜਾ ਥੋੜ੍ਹੀ ਕੰਮ ਚਲਾਊ ਅਤੇ ਥੋੜ੍ਹੀ ਦਿਖਾਵਟੀ ਜਮਹੂਰੀਅਤ ਦੇ ਬਾਵਜੂਦ ਮੁੱਖ ਤੌਰ 'ਤੇ ਤਾਕਤ 'ਤੇ ਅਧਾਰਿਤ ਹੁੰਦਾ ਹੈ। ਫ਼ੌਜੀ ਸ਼ਕਤੀ ਉਸ ਦੀ ਬੁਨਿਆਦੀ ਤਾਕਤ ਹੁੰਦੀ ਹੈ। ਗਣਤੰਤਰ ਦਿਵਸ ਮੌਕੇ ਯੁੱਧ ਸ਼ਕਤੀ ਦਾ ਵਿਖਾਵਾ ਇੱਕ ਪਾਸੇ ਲੋਕਾਂ 'ਚ ਅੰਨੀਆਂ ਕੌਮਪ੍ਰਸਤ ਭਾਵਨਾਵਾਂ ਪੈਦਾ ਕਰਦਾ ਹੈ, ਦੂਜੇ ਪਾਸੇ ਇਹ ਵੀ ਸੰਦੇਸ਼ ਦਿੰਦਾ ਹੈ ਕਿ ਇੰਨੀ ਵਿਰਾਟ ਫ਼ੌਜੀ ਤਾਕਤ ਨਾਲ਼ ਲੈਸ ਸੱਤ੍ਹਾ ਖ਼ਿਲਾਫ਼ ਅਵਾਜ ਉਠਾਉਣ ਦੀ ਜੁਅੱਰਤ ਕੋਈ ਕਦੇ ਨਾ ਕਰੇ।

ਅਜਿਹੇ ਮੌਕੇ 'ਤੇ ਇਹ ਬੁਨਿਆਦੀ ਸਵਾਲ ਉਠਾਉਣ ਦੀ ਲੋੜ ਹੈ ਕਿ ਅਸੀਂ ਜਿਸ ਖੁਦਮੁਖਤਿਆਰ, ਸਮਾਜਵਾਦੀ ਜਮੂਹਰੀ ਗਣਰਾਜ 'ਚ ਜੀਅ ਰਹੇ ਹਾਂ, ਉਹ ਅਸਲ 'ਚ ਕਿੰਨਾ

ਖੁਦਮੁਖਤਿਆਰ ਹੈ, ਕਿੰਨਾ ਸਮਾਜਵਾਦੀ ਹੈ ਅਤੇ ਕਿੰਨਾ ਜਮਹੂਰੀ ਹੈ ? ਪਿਛਲੇ ਸੱਠਾਂ ਵਰ੍ਹਿਆਂ ਦੌਰਾਨ ਆਮ ਭਾਰਤੀ ਨਾਗਰਿਕ ਨੂੰ ਕਿੰਨੇ ਜਮਹੂਰੀ ਹੱਕ ਹਾਸਲ ਹੋਏ ਹਨ ? ਸਾਡਾ ਸੰਵਿਧਾਨ ਆਮ ਲੋਕਾਂ ਨੂੰ ਕਿਸ ਹੱਦ ਤੱਕ ਨਾਗਰਿਕ ਅਤੇ ਜਮਹੂਰੀ ਹੱਕ ਦੇਂਦਾ ਹੈ ਅਤੇ ਕਿਸ ਹੱਦ ਤੱਕ, ਕਿੰਨ੍ਹਾਂ ਰੂਪਾਂ 'ਚ ਉਹਨਾਂ ਦੀ ਹਿਫ਼ਾਜਤ ਦੀ ਗਰੰਟੀ ਦੇਂਦਾ ਹੈ ? ਸੰਵਿਧਾਨ 'ਚ ਜ਼ਿਕਰ ਕੀਤੇ ਬੁਨਿਆਦੀ ਹੱਕ ਅਮਲ 'ਚ ਕਿਸ ਹੱਦ ਤੱਕ ਪ੍ਰਭਾਵੀ ਹਨ ? ਸੰਵਿਧਾਨ 'ਚ ਜ਼ਿਕਰ ਕੀਤੇ ਨੀਤੀ-ਨਿਰਦੇਸ਼ਕ ਸਿਧਾਤਾਂ ਨਾਲ਼ ਰਾਜ ਕੀ ਅਸਲ 'ਚ ਨਿਰਦੇਸ਼ਤ ਹੁੰਦਾ ਹੈ ? ਇਹ ਸਭ ਸਵਾਲ ਇੱਕ ਵਿਸਥਾਰੀ ਚਰਚਾ ਦੀ ਮੰਗ ਕਰਦੇ ਹਨ। ਇਸ ਲੇਖ 'ਚ ਅਸੀਂ ਸੰਖੇਪ 'ਚ ਸੰਵਿਧਾਨ ਦੇ ਚਰਿੱਤਰ ਅਤੇ ਭਾਰਤ ਦੇ ਜਮਹੂਰੀ ਗਣਰਾਜ ਦੀ ਅਸਲੀਅਤ ਨੂੰ ਜਾਣਨ ਲਈ ਕੁੱਝ ਪ੍ਰਤੀਨਿੱਧੀ ਤੱਥਾਂ ਜ਼ਰੀਏ ਇੱਕ ਤਸਵੀਰ ਪੇਸ਼ ਕਰਨ ਦੀ ਕੋਸ਼ਿਸ਼ ਕਰਾਂਗੇ।

ਕਿਸੇ ਵੀ ਚੀਜ਼ ਦੇ ਚਰਿੱਤਰ ਨੂੰ ਸੰਖੇਪ 'ਚ ਸਹੀ-ਸਟੀਕ ਤਰੀਕਿਆਂ ਨਾਲ਼ ਸਮਝਣ ਲਈ, ਉਪਰੀ ਲਿੱਪਾ-ਪੋਚੀ ਤੋਂ ਅੱਗੇ ਉਸਦੇ ਅੰਦਰ ਦੀ ਸੱਚਾਈ ਨੂੰ ਜਾਣਨ ਦਾ ਸਭ ਤੋਂ ਉਚਿੱਤ ਸਟੀਕ ਤਰੀਕਾ ਇਹ ਹੁੰਦਾ ਹੈ ਕਿ ਅਸੀਂ ਉਸ ਚੀਜ਼ ਦੇ ਜਨਮ, ਵਿਕਾਸ ਅਤੇ ਆਚਰਣ ਦੀ ਇਤਿਹਾਸਕ ਪ੍ਰਕਿਰਿਆ ਦੀ ਪੜਤਾਲ਼ ਕਰੀਏ। ਇਹੀ ਪਹੁੰਚ ਅਤੇ ਢੰਗ ਆਪਣਾ ਕੇ ਅਸੀਂ ਸਭ ਤੋਂ ਪਹਿਲਾਂ ਭਾਰਤੀ ਸੰਵਿਧਾਨ ਬਣਾਉਣ ਦੀ ਇਤਿਹਾਸਕ ਪਿੱਠ ਭੂਮੀ ਤੋਂ ਚਰਚਾ ਦੀ ਸ਼ੁਰੂਆਤ ਕਰ ਰਹੇ ਹਾਂ। ਇਸ ਮਗਰੋਂ ਅਸੀਂ ਸੰਵਿਧਾਨ ਸਭਾ ਦੇ ਗਠਨ ਅਤੇ ਸੰਵਿਧਾਨ ਬਣਾਉਣ ਦੀ ਪ੍ਰਕਿਰਿਆ 'ਤੇ ਚਰਚਾ ਕਰਾਂਗੇ। ਇਸ ਮਗਰੋਂ ਇਸ ਦੇ ਚਰਿੱਤਰ-ਵਿਸ਼ਲੇਸ਼ਣ ਅਤੇ ਭਾਰਤੀ ਗਣਰਾਜ ਦੇ ਚਾਲ-ਚੇਹਰੇ-ਚਰਿੱਤਰ ਨੂੰ ਜਾਣਨ-ਸਮਝਣ ਦੀ ਵਾਰੀ ਆਵੇਗੀ।

### ਸੰਵਿਧਾਨ ਬਣਾਉਣ ਦੀ ਇਤਿਹਾਸਕ ਪਿੱਠਭੂਮੀ

ਅੱਜ ਬਹੁਤ ਘੱਟ ਲੋਕਾਂ ਨੂੰ ਹੀ ਇਸ ਤੱਥ ਦੀ ਜਾਣਕਾਰੀ ਹੈ ਕਿ ਜਿਹੜਾ ਸੰਵਿਧਾਨ ਭਾਰਤੀ ਜਮਹੂਰੀਅਤ ਦਾ "ਪਵਿੱਤਰ" ਅਧਾਰ ਗ੍ਰੰਥ ਹੈ, ਜਿਹੜਾ ਹਰ ਨਾਗਰਿਕ ਲਈ ਗੈਰ-ਉਲੰਘਣਾਯੋਗ ਅਤੇ ਲਾਜ਼ਮੀ ਹੈ, ਉਸ ਨੂੰ ਭਾਰਤੀ ਲੋਕਾਂ ਦੇ ਚੁਣੇ ਹੋਏ ਪ੍ਰਤੀਨਿਧੀਆਂ ਨੇ ਨਹੀਂ ਬਣਾਇਆ ਸੀ, ਨਾ ਹੀ ਚੁਣੇ ਹੋਏ ਪ੍ਰਤੀਨਿਧੀਆਂ ਦੇ ਕਿਸੇ ਸਮੂਹ ਰਾਹੀਂ ਉਸ ਨੂੰ ਪਾਸ ਹੀ ਕੀਤਾ ਗਿਆ ਸੀ। ਸੰਵਿਧਾਨ ਬਣਾਉਣ ਵਾਲ਼ੀ ਸੰਵਿਧਾਨ ਸਭਾ ਨੂੰ ਉਹਨਾਂ ਪ੍ਰਾਂਤਕ ਵਿਧਾਨ ਮੰਡਲ ਦੇ ਮੈਂਬਰਾਂ ਨੇ ਚੁਣਿਆ ਸੀ, ਖੁਦ ਜਿਨ੍ਹਾਂ ਦੀ ਚੋਣ ਦੇਸ਼ ਦੀ ਕੁੱਲ ਬਾਲਗ ਅਬਾਦੀ ਦੇ ਮਹਿਜ 11.5 ਪ੍ਰਤੀਸ਼ਤ ਹਿੱਸੇ ਤੋਂ ਬਣੇ ਚੋਣ ਮੰਡਲ ਨੇ ਕੀਤੀ ਸੀ। ਜ਼ਾਹਿਰ ਹੈ ਕਿ ਇਨ੍ਹਾਂ 'ਚੋਂ ਕੁੱਝ ਕੁ ਚੋਣ ਖੇਤਰਾਂ ਤੋਂ ਚੁਣੇ ਗਏ ਪ੍ਰਤੀਨਿਧੀਆਂ ਨੂੰ ਛੱਡ ਕੇ ਬਾਕੀ ਸਾਰੇ ਸੰਪੱਤੀਸ਼ਾਲੀ ਕੁਲੀਨਾਂ ਦੇ ਪ੍ਰਤੀਨਿਧੀ ਸਨ। ਮਤਲਬ ਸੰਵਿਧਾਨ ਸਭਾ ਸਰਵਵਿਆਪਕ ਨਹੀਂ ਸਗੋਂ ਅਤਿ ਸੀਮਤ ਬਾਲਗ ਵੋਟ ਦੇ ਅਧਿਕਾਰ ਦੇ ਅਧਾਰ 'ਤੇ ਚੁਣੀ ਗਈ ਸੀ ਅਤੇ ਸਿੱਧੀ ਨਹੀਂ ਸਗੋਂ ਅਸਿੱਧੀ ਚੋਣ ਦੇ ਅਧਾਰ 'ਤੇ ਚੁਣੀ ਗਈ ਸੀ। ਇਨ੍ਹਾਂ ਚੁਣੇ ਗਏ ਪ੍ਰਤੀਨਿਧੀਆਂ ਤੋਂ ਇਲਾਵਾ ਉਸ 'ਚ ਰਾਜਿਆਂ ਨਵਾਬਾਂ ਦੇ ਨਾਮਜ਼ਦ ਪ੍ਰਤੀਨਿਧੀ ਸਨ। ਕੁੱਝ ਉੱਚ-ਮੱਧਵਰਗੀ ਕਾਨੂੰਨੀ ਮਾਹਿਰਾਂ ਅਤੇ ਪ੍ਰਸ਼ਾਸਕਾਂ ਨੂੰ ਵੀ ਉਸ 'ਚ ਨਾਮਜ਼ਦ ਕੀਤਾ ਗਿਆ ਸੀ। ਇੱਥੇ ਇਹ ਵੀ ਜੋੜ ਦੇਈਏ ਕਿ ਇਸ ਸੰਵਿਧਾਨ ਸਭਾ ਨੂੰ ਚੁਣਨ ਵਾਲ਼ੇ ਵਿਧਾਨ ਮੰਡਲਾਂ ਦੀ ਚੋਣ (ਅਤਿਸੀਮਤ ਵੋਟ ਦੇ ਹੱਕ 'ਤੇ ਅਧਾਰਿਤ ਹੋਣ ਦੇ ਇਲਾਵਾ) ਧਾਰਮਿਕ ਅਤੇ ਜਾਤੀਗਤ ਅਧਾਰ 'ਤੇ ਪਹਿਲਾਂ ਤੋਂ ਹੀ ਬਣੇ ਵੱਖਰੇ ਚੋਣ ਮੰਡਲਾਂ ਰਾਹੀਂ ਕੀਤਾ ਗਿਆ ਸੀ। ਚੋਣ ਦੇ ਇਹਨਾਂ ਅਧਾਰਾਂ ਅਤੇ ਪ੍ਰਕਿਰਿਆ ਦਾ ਨਿਰਧਾਰਨ 'ਗਰਵਨਮੈਂਟ ਆਫ਼ ਇੰਡੀਆ ਐਕਟ, 1935' ਰਾਹੀਂ ਬਸਤੀਵਾਦੀ ਹਾਕਮਾਂ ਨੇ ਕੀਤਾ ਸੀ। ਸੰਵਿਧਾਨ ਸਭਾ ਨੇ 1946 'ਚ ਜਦੋਂ ਕੰਮ ਕਰਨਾ ਸ਼ੁਰੂ ਕੀਤਾ ਤਾਂ ਦੇਸ਼ ਅਜੇ ਗੁਲਾਮ ਸੀ। 1950 'ਚ ਸੰਵਿਧਾਨ ਜਦੋਂ ਬਣ ਕੇ ਤਿਆਰ ਹੋਇਆ ਤਾਂ ਦੇਸ਼ ਅਜ਼ਾਦ ਹੋ ਚੁੱਕਿਆ ਸੀ। ਪਰ ਸਰਵਜਨਕ ਵੋਟ ਦੇ ਅਧਿਕਾਰ 'ਤੇ ਚੁਣੇ ਗਏ ਕਿਸੇ ਨਵੇਂ ਸਮੂਹ ਰਾਹੀਂ ਪਾਸ ਜਾਂ ਪੁਸ਼ਟੀ ਕੀਤੇ ਜਾਣ ਦੀ ਬਜਾਏ ਉਸ ਨੂੰ ਪੁਰਾਣੀ ਸੰਵਿਧਾਨ ਸਭਾ ਰਾਹੀਂ ਪਾਸ ਕਰਕੇ ਪੂਰੇ ਦੇਸ਼ ਦੇ ਲੋਕਾਂ 'ਤੇ ਇਸ ਨੂੰ ਲੱਦ ਦਿੱਤਾ ਗਿਆ.

ਅਸਲ 'ਚ 15 ਅਗਸਤ 1947 ਨੂੰ ਰਾਜਨੀਤਕ ਅਜ਼ਾਦੀ ਮਿਲਣ ਮਗਰੋਂ ਸੱਤ੍ਹਾ ਸੰਭਾਲਣ ਵਾਲ਼ੀ ਭਾਰਤੀ ਪੂੰਜੀਵਾਦੀ ਜਮਾਤ ਜਿੰਨੀ ਕੁ ਜਮੂਹਰੀ ਸੀ ਅਤੇ ਸਾਮਰਾਜਵਾਦ ਤੋਂ ਜਿਸ ਹੱਦ ਤੱਕ ਇਸ ਦੀ ਅਜ਼ਾਦੀ ਅਸਲੀ ਸੀ, ਉਸੇ ਹੱਦ ਤੱਕ ਇਹ ਭਾਰਤੀ ਲੋਕਾਂ ਨੂੰ ਜਮੂਹਰੀਅਤ ਦੇ ਸਕਦਾ ਸੀ। ਭਾਰਤ ਦੀ ਪੂੰਜੀਵਾਦੀ ਜਮੂਹਰੀਅਤ ਅਤੇ ਕੌਮੀ ਅਜ਼ਾਦੀ ਦਾ ਜਿੰਨਾ ਖੰਡਿਤ-ਵਿਗਸਿਆ-ਅਪੰਗ ਚਰਿੱਤਰ ਸੀ, ਇੱਥੋਂ ਦਾ ਸੰਵਿਧਾਨ ਅਤੇ ਉਸਦੀ ਉਸਾਰੀ ਪ੍ਰਕਿਰਿਆ ਵੀ ਉਸੇ ਨਾਲ਼ ਮੇਲ ਖਾਂਦੀ ਸੀ। ਇਸ ਗੱਲ ਨੂੰ ਚੰਗੀ ਤਰ੍ਹਾਂ ਸਮਝਣ ਲਈ ਸਾਨੂੰ ਇਤਿਹਾਸ 'ਚ ਥੋੜ੍ਹਾ ਹੋਰ ਪਿੱਛੇ ਜਾਣਾ ਹੋਵੇਗਾ।

ਭਾਰਤ ਦੀ ਪੂੰਜੀਪਤੀ ਜਮਾਤ ਉਪਰੋਂ ਲੱਦੇ ਬਸਤੀਵਾਦੀ ਸਮਾਜਕ ਉਸਾਰ ਢਾਂਚੇ ਦੀ ਕੁੱਖੋਂ ਪੈਦਾ ਹੋਈ ਸੀ। ਆਰਥਕ ਧਰਾਤਲ 'ਤੇ (ਯੂਰਪ ਦੀ ਤਰ੍ਹਾਂ) 'ਖੇਤੀ-ਦਸਤਕਾਰੀ-ਮੈਨੂਫੈਕਚਰਿੰਗ' ਇਸ ਦੀ ਵਿਕਾਸ ਯਾਤਰਾ ਦੇ ਪੜਾਅ ਨਹੀਂ ਸਨ। ਵਿਚਾਰਕ-ਰਾਜਨੀਤਕ ਧਰਾਤਲ 'ਤੇ ਪੁਨਰਜਾਗਰਣ (ਰਿਨੇਸਾਂ) - ਪ੍ਰਬੋਧਨ (ਇੰਲਾਈਟਨਮੈਂਟ) — ਜਮੂਹਰੀ ਇਨਕਲਾਬ ਇਸ ਦੀ ਵਿਕਾਸ ਪ੍ਰਕਿਰਿਆ ਦੇ ਪੜਾਅ ਨਹੀਂ ਸਨ। 19ਵੀਂ ਸਦੀ ਦੇ ਅੰਤ ਤੱਕ ਇਸ ਦਾ ਸਨਅਤੀ ਅਧਾਰ ਬੇਹੱਦ ਕਮਜ਼ੋਰ ਸੀ, ਇਹ ਮੁੱਖ ਤੌਰ 'ਤੇ ਬ੍ਰਿਟਿਸ਼ ਸਨਅਤੀ ਪੂੰਜੀ ਦੇ ਅਧੀਨ ਸੀ। ਤਦ ਇਸ ਦਾ ਸਿਆਸੀ ਸੁਰ ਵਫ਼ਾਦਾਰ ਬ੍ਰਿਟਿਸ਼ ਪਰਜਾ ਦਾ ਸਿਆਸੀ ਸੁਰ ਸੀ। ਇਸ ਦਰਮਿਆਨ ਜਦੋਂ ਆਪਣੀ ਸਨਅਤੀ ਪੂੰਜੀ ਦੇ ਵਿਕਾਸ ਅਤੇ ਕੌਮੀ ਬਜ਼ਾਰ 'ਚ ਹਿੱਸੇਦਾਰੀ ਦੀਆਂ ਅਕਾਂਖਿਆਵਾਂ ਨੇ 19ਵੀਂ ਸਦੀ ਦੇ ਅੱਠਵੇ ਦਹਾਕੇ 'ਚ ਆਰ. ਸੀ. ਦੱਤ, ਦਾਦਾ ਭਾਈ ਨੌਰੋਜੀ ਆਦਿ ਦੀ ਸਿਆਸੀ ਧਾਰਾ ਨੂੰ ਜਨਮ ਦਿੱਤਾ ਜਿਸ ਨੂੰ ਕੁੱਝ ਇਤਿਹਾਸਕਾਰ ਆਮ ਤੌਰ 'ਤੇ ਆਰਥਿਕ ਕੌਮਵਾਦ ਦਾ ਨਾਂ ਦਿੰਦੇ ਹਨ। ਇਹ ਧਾਰਾ ਬਸਤੀਵਾਦੀ ਗਰਭ 'ਚ ਪਲੀ ਵੱਡੀ ਹੋਈ ਭਾਰਤੀ ਪੂੰਜੀ ਦੇ ਹਿੱਤਾਂ ਤੋਂ ਵੀ ਵੱਧ, ਕੁੱਝ ਮਲ੍ਹਵੀਂ ਜ਼ੁਬਾਨ ਨਾਲ਼ ਅਤੇ ਕੁੱਝ ਉੱਚੀ ਸੁਰ 'ਚ ਰਿਆਇਤਾਂ ਦੀ ਮੰਗ ਕਰਨ ਵਾਲ਼ੇ ਪੜ੍ਹੇ ਲਿਖੇ ਬਸਤੀਵਾਦੀ ਮੱਧਵਰਗ ਦੀ

ਨੁਮਾਇੰਦਗੀ ਕਰਦੀ ਸੀ ਜਿਹੜੀ ਬ੍ਰਿਟਿਸ਼ ਪਰਜਾ ਦੇ ਰੂਪ ਵਿੱਚ ਆਪਣੇ ਕੁੱਝ ਹੱਕ ਮੰਗ ਰਹੀ ਸੀ। ਫਿਰ ਇਸ ਦੀ ਸ਼ਰੀਕ ਰੈਡੀਕਲ ਕੌਮਵਾਦ ਦੀ ਦੂਜੀ ਧਾਰਾ ਵੀ (ਤਿਲਕ ਦੀ ਧਾਰਾ) ਪੈਦਾ ਹੋਈ, ਜਿਹੜੀ ਮੱਧਵਰਗ ਦੀਆਂ ਹੇਠਲੀਆਂ-ਦਰਮਿਆਨੀਆਂ ਪਰਤਾਂ ਦੀ ਕੌਮੀ ਚੇਤਨਾ ਦੀ ਨੁਮਾਇੰਦਗੀ ਕਰਦੀ ਸੀ। 1905 ਤੱਕ ਕਾਂਗਰਸ ਵਿੱਚ ਭਾਰਤੀ ਪੂੰਜੀਪਤੀਆਂ ਦੀ ਸਰਗਰਮੀ ਕੁੱਝ ਹੋਰ ਵਧੀ। ਪਹਿਲੀ ਸੰਸਾਰ ਜੰਗ 'ਚ ਬ੍ਰਿਟਿਸ਼ ਸਾਮਰਾਜਵਾਦੀਆਂ ਦੇ ਉਲਝੇ ਹੋਣ ਕਾਰਨ 1914-18 ਦੌਰਾਨ ਜਦੋਂ ਬ੍ਰਿਟੇਨ ਤੋਂ ਭਾਰਤ ਨੂੰ ਹੋਣ ਵਾਲ਼ੀ ਮਾਲ-ਨਿਰਯਾਤ ਅਤੇ ਪੂੰਜੀ ਨਿਰਯਾਤ 'ਚ ਭਾਰੀ ਕਮੀ ਆਈ ਅਤੇ ਜੰਗੀ ਸਾਜੋ-ਸਮਾਨ ਅਤੇ ਹੋਰ ਸਮਾਨਾਂ ਦੀ ਭਾਰੀ ਪੈਦਾਵਾਰ ਦੀ ਫੌਰੀ ਲੋੜ ਪੈਦਾ ਹੋ ਗਈ, ਤਾਂ ਇਸ ਦੌਰਾਨ ਭਾਰਤੀ ਸਨਅਤਾਂ ਦਾ ਤੇਜ਼ ਅਤੇ ਭਾਰੀ ਵਿਕਾਸ ਹੋਇਆ। ਮਤਲਬ ਅੰਤਰ ਸਾਮਰਾਜੀ ਭੇੜ 'ਚ ਬ੍ਰਿਟੇਨ ਦੇ ਉਲਝਾਅ ਦਾ ਫਾਇਦਾ ਲੈ ਕੇ ਭਾਰਤੀ ਸਰਮਾਏਦਾਰਾਂ ਨੇ ਆਪਣੀ ਤਾਕਤ ਵਧਾਈ ਅਤੇ ਇਸੇ ਤਾਕਤ ਦੇ ਅਨੁਪਾਤ 'ਚ ਉਸ ਦੀ ਸਿਆਸੀ ਅਵਾਜ਼ 'ਚ ਵੀ ਦਮ ਆ ਗਿਆ। 1916 'ਚ ਨਰਮ ਦਲ ਅਤੇ ਗਰਮ ਦਲ ਦੇ ਸਮਝੌਤੇ ਮਗਰੋਂ ਕਾਂਗਰਸ ਭਾਰਤੀ ਪੂੰਜੀਪਤੀ ਜਮਾਤ ਦੀ ਕਲਾਸਿਕੀ ਸਿਆਸੀ ਪਾਰਟੀ ਦੇ ਰੂਪ 'ਚ ਕੰਮ ਕਰਨ ਲੱਗੀ ਅਤੇ ਗਾਂਧੀ ਕਲਾਸਿਕੀ ਪੂੰਜੀਵਾਦੀ ਸਿਧਾਂਤਕਾਰ ਅਤੇ ਯੁੱਧਨੀਤੀਕਾਰ ਦੇ ਰੂਪ 'ਚ ਸਾਹਮਣੇ ਆਏ।

ਵਫਾਦਾਰ ਬ੍ਰਿਟਿਸ਼ ਪਰਜਾ ਤੋਂ ਸ਼ੁਰੂ ਕਰਕੇ ਅਸਹਿਯੋਗ ਅੰਦੋਲਨ, ਨਮਕ ਅੰਦੋਲਨ ਦੇ ਪੜਾਵਾਂ 'ਚੋਂ ਲੰਘਦੇ ਹੋਏ, 'ਭਾਰਤ ਛੱਡੋ ਅੰਦੋਲਨ' ਤੱਕ ਗਾਂਧੀ ਦੀ ਵਿਚਾਰਧਾਰਾ ਭਾਰਤੀ ਪੂੰਜੀਪਤੀ ਜਮਾਤ ਦੀ ਵਿਚਾਰਧਾਰਾ ਅਤੇ ਉਸ ਦੇ ਵਿਕਾਸ ਦੀ ਕਹਾਣੀ ਹੈ। ਡੋਮੀਨਿਅਨ ਸਟੇਟਸ' ਫਿਰ 'ਹੋਮ ਰੂਲ' ਅਤੇ ਅਜ਼ਾਦੀ ਦੀ ਮੰਗ ਤੱਕ ਦੀ ਯਾਤਰਾ ਭਾਰਤੀ ਪੂੰਜੀਪਤੀ ਜਮਾਤ ਦੇ ਕ੍ਰਮਵਾਰ ਸ਼ਕਤੀ ਸੰਗ੍ਰਿਹ ਨਾਲ਼ ਵੀ ਉਸ ਦੇ ਆਤਮ-ਵਿਸ਼ਵਾਸ ਦੇ ਵੱਧਦੇ ਜਾਣ ਦਾ ਨਤੀਜਾ ਸੀ।

1916 ਤੋਂ ਲੈ ਕੇ 1947 ਤੱਕ ਭਾਰਤੀ ਪੂੰਜੀਪਤੀ ਜਮਾਤ ਦੇ ਸਾਰੇ ਹਿੱਸਿਆ ਦੀ ਅਗਵਾਈ ਕਰਦੇ ਹੋਏ ਕਾਂਗਰਸ ਨੇ ਕੌਮੀ ਮੁਕਤੀ ਸੰਘਰਸ਼ ਨੂੰ ਕੋਈ 'ਰੈਡੀਕਲ' ਦਿਸ਼ਾ ਦੇਣ ਦੀ ਬਜਾਏ 'ਸਮਝੌਤਾ-ਦਬਾਅ-ਸਮਝੌਤਾ' ਦੀ ਯੁੱਧਨੀਤੀ ਅਪਣਾਈ। ਲੋਕਾਂ ਦੀਆਂ ਅਕਾਂਖਿਆਵਾਂ ਨੂੰ ਜਗਾ ਕੇ ਸੰਘਰਸ਼ ਦਾ ਦਬਾਅ ਬਣਾ ਕੇ ਉਹ ਪੂੰਜੀ ਦੇ ਵਿਕਾਸ ਦੇ ਅਨੁਕੂਲ ਕੁੱਝ ਸਿਆਸੀ ਅਧਿਕਾਰ ਹਾਸਲ ਕਰਦੀ ਸੀ ਅਤੇ ਫਿਰ ਸਮਝੌਤਾ ਕਰਕੇ ਲੋਕ ਪਹਿਲਕਦਮੀ ਨੂੰ ਪੂੰਜੀਵਾਦੀ ਜਮਾਤੀ-ਹਿੱਤਾਂ ਦੀਆਂ ਸੀਮਾਵਾਂ ਨੂੰ ਪਾਰ ਕਰਨ ਤੋਂ ਰੋਕ ਦਿੰਦੀ ਸੀ। ਇਸ ਮਗਰੋਂ ਫਿਰ ਉਹ ਅਗਲੇ ਅਨੁਕੂਲ ਮੌਕੇ ਦਾ ਇੰਤਜ਼ਾਰ ਕਰਦੀ ਸੀ। ਉਸ ਨੇ ਇੱਕ ਚਲਾਕ ਬੌਣੇ ਦੀ ਤਰ੍ਹਾਂ ਆਮ ਲੋਕਾਂ ਦੇ ਘੋਲ਼ਾਂ ਦਾ ਆਪਣੇ ਪੱਖ 'ਚ ਇਸਤੇਮਾਲ ਕੀਤਾ, ਲੋਕ ਪਹਿਲਕਦਮੀ ਅਤੇ ਜੁਝਾਰੂਪਣ ਨੂੰ ਕਦੇ ਵੀ ਆਪਣੇ ਕੰਟਰੋਲ ਤੋਂ ਬਾਹਰ ਨਹੀਂ ਜਾਣ ਦਿੱਤਾ, ਸੰਪੂਰਨ ਅਜ਼ਾਦੀ, ਰੈਡੀਕਲ ਭੂਮੀ ਸੁਧਾਰ, ਕੌਮੀਆਤਾਂ ਦੇ ਸਵੈ-ਨਿਰਣੇ ਦੇ ਅਧਿਕਾਰ, ਸਰਵਜਨਕ ਵੋਟ ਦੇ ਅਧਿਕਾਰ ਆਦਿ ਰੈਡੀਕਲ ਮੰਗਾਂ 'ਤੇ ਲੋਕਾਂ ਨੂੰ ਲਾਮਬੰਦ ਕਰਨਾ ਅਤੇ ਫਿਰ ਉਹਨਾਂ ਮੰਗਾਂ ਤੋਂ ਪਿੱਛੇ ਹੱਟ ਕੇ ਵਿਸਾਹਘਾਤ ਕਰਨਾ – ਇਹ ਕਾਂਗਰਸ ਦੀ ਆਮ ਫਿਤਰਤ ਸੀ। ਕਾਂਗਰਸ ਅੰਦਰ ਸੱਜੇਪੱਖੀ ਧੜਿਆਂ ਤੋਂ ਇਲਾਵਾ ਮੱਧਵਰਗੀ ਅਤੇ ਰੈਡੀਕਲ ਬਦਲਾਅ ਅਤੇ ਸਮਾਜਵਾਦ ਦੀ ਗੱਲ ਕਰਨ ਵਾਲ਼ੇ ਨਹਿਰੂ ਅਤੇ ਸੁਭਾਸ਼ ਜਿਹੇ ਲੋਕ ਅਤੇ ਕਾਂਗਰਸ ਸੋਸ਼ਲਿਸਟ ਪਾਰਟੀ ਦੇ ਰੈਡੀਕਲ ਨਿੱਕ ਪੂੰਜੀਵਾਦੀ ਨੇਤਾ ਵੀ ਮੌਜੂਦ ਸਨ। ਕਾਂਗਰਸ ਮੁੱਖ ਤੌਰ 'ਤੇ ਗਾਂਧੀ ਦੀ ਅਗਵਾਈ 'ਚ (ਜਦੋਂ ਉਹ ਰਸਮੀ ਤੌਰ 'ਤੇ ਕਾਂਗਰਸ ਤੋਂ ਅਲੱਗ ਸਨ, ਉਦੋਂ ਵੀ) ਲੋੜ ਮੁਤਾਬਿਕ ਰੈਡੀਕਲ ਧੜਿਆਂ ਦਾ ਵੀ ਇਸਤੇਮਾਲ (ਦਬਾਅ ਬਣਾਉਣ ਲਈ ਅਤੇ ਲੋਕਾਂ ਨੂੰ ਨਾਲ਼ ਲੈਣ ਲਈ ਵੀ) ਕਰਦੀ ਸੀ ਅਤੇ ਫਿਰ ਸਾਰੇ ਧੜਿਆਂ 'ਚ ਸਤੁੰਲਨ ਵੀ ਸਥਾਪਿਤ ਕਰਦੀ ਸੀ।

ਇਸ ਤਰ੍ਹਾਂ 'ਸਮਝੌਤਾ-ਦਬਾਅ-ਸਮਝੌਤਾ' ਰਾਹੀਂ ਕੌਮੀ ਲਹਿਰ ਦੀ ਮੁੱਖ ਧਾਰਾ 'ਤੇ ਅਪਣਾ ਗਲਬਾ ਅਤੇ ਕੰਟਰੋਲ ਬਰਕਰਾਰ ਰੱਖਣ ਲਈ ਕਾਂਗਰਸ ਸਿਆਸੀ ਅਜ਼ਾਦੀ ਹਾਸਲ ਕਰਨ ਦੀ ਮੰਜਲ ਤੱਕ ਪਹੁੰਚੀ। ਦੂਜੀ ਸੰਸਾਰ ਜੰਗ ਦੇ ਕੁੱਝ ਵਰ੍ਹੇ ਬੀਤਦੇ ਹੀ ਇਹ ਤੈਅ ਹੋ ਚੁੱਕਾ ਸੀ ਕਿ ਮਿੱਤਰ ਕੌਮਾਂ ਦੀ ਜਿੱਤ ਦੀ ਸਥਿਤੀ 'ਚ ਵੀ ਸਾਮਰਾਜਵਾਦੀ ਸੰਸਾਰ ਦੇ ਚੌਧਰੀ ਦੀ ਕੁਰਸੀ ਤੋਂ ਬ੍ਰਿਟਿਸ਼ ਬਸਤੀਵਾਦ ਨੂੰ ਹਟਾਉਣਾ ਪਏਗਾ, ਬਸਤੀਵਾਦ ਦਾ ਦੌਰ ਹੁਣ ਜ਼ਿਆਦਾ ਨਹੀਂ ਚੱਲ ਸਕਦਾ। ਅਮਰੀਕਾ ਦਾ ਮੰਨਣਾ ਸੀ ਅਤੇ ਬ੍ਰਿਟੇਨ ਦੇ ਉਦਾਰਵਾਦੀ ਅਤੇ ਸਮਾਜਿਕ ਜਮੂਹਰੀ ਲੀਡਰਾਂ ਦਾ ਵੀ ਮੰਨਣਾ ਸੀ ਕਿ ਜੇਕਰ ਲੋਕ ਇਨਕਲਾਬਾਂ ਅਤੇ ਸਮਾਜਵਾਦ ਦੇ ਹਊਏ ਤੋਂ ਬਚਣਾ ਹੈ ਤਾਂ ਭਾਰਤ ਜਿਹੀਆਂ ਬਸਤੀਆਂ 'ਚ ਉੱਥੋਂ ਦੀ ਪੂੰਜੀਪਤੀ ਜਮਾਤ ਨੂੰ, ਆਪਣੇ ਸਾਮਰਾਜਵਾਦੀ ਹਿੱਤਾਂ ਦੀ ਵੱਧ ਤੋਂ ਵੱਧ ਸੰਭਵ ਹਿਫ਼ਾਜਤ ਲਈ ਭਰਪੂਰ ਸੌਦੇਬਾਜ਼ੀ ਕਰਕੇ ਸਿਆਸੀ ਸੱਤ੍ਹਾ ਸੌਂਪ ਦੇਣੀ ਚਾਹੀਦੀ ਹੈ। ਭਾਰਤੀ ਪੂੰਜੀਪਤੀ ਜਮਾਤ ਲਈ ਸਥਿਤੀ ਅਨੁਕੂਲ ਸੀ। 1942 'ਚ 'ਭਾਰਤ ਛੱਡੋ' ਦਾ ਨਾਅਰਾ ਦੇ ਕੇ ਉਸ ਨੇ ਦਬਾਅ ਬਣਾਉਣ 'ਚ ਪੂਰੀ ਤਾਕਤ ਲਾ ਦਿੱਤੀ, ਫਿਰ 1945 ਤੋਂ, ਸਿਆਸੀ ਅਜ਼ਾਦੀ ਦੀ ਦਿਸ਼ਾ ਦੀ ਗਰੰਟੀ ਸਮਝ ਕੇ, ਉਹ ਸਮਝੌਤਾ ਵਾਰਤਾਵਾਂ 'ਚ ਮਸ਼ਗੂਲ ਹੋ ਗਈ। 1946 'ਚ ਸਰਵਜਨਕ ਵੋਟ ਦੇ ਅਧਿਕਾਰ ਦੀ ਮੰਗ ਤੋਂ ਪਿਛਾਂਹ ਹੱਟ ਕੇ ਹੁਣ ਉਹ ਸੰਵਿਧਾਨ ਬਣਾਉਣ ਦੀ ਪ੍ਰਕਿਰਿਆ ਅੱਗੇ ਵਧਾਉਣ ਦੀ ਕਾਹਲ 'ਚ ਸੀ, ਤਦ ਇਸ ਦਾ ਇੱਕ ਕਾਰਨ ਦੇਸ਼ ਵਿਆਪੀ ਮਜ਼ਦੂਰ ਉਭਾਰ, ਤੇਭਾਗਾ, ਤੇਲੰਗਾਨਾ, ਪੁਨਪਰਾ ਵਾਇਲਰ ਦੇ ਕਿਸਾਨ ਸੰਘਰਸ਼ ਅਤੇ ਜਲ ਸੈਨਾ ਵਿਦਰੋਹ ਨਾਲ਼ ਬਣਿਆ ਕੌਮੀ ਤੁਫ਼ਾਨੀ ਮਹੌਲ ਵੀ ਸੀ, ਜਿਹੜਾ ਉਸ ਸਮੇਂ ਤੱਕ ਦੇ ਸੰਸਾਰ ਮਹੌਲ 'ਚ ਮਜ਼ਦੂਰ ਇਨਕਲਾਬ ਦਾ ਹਊਆ ਪੈਦਾ ਕਰ ਰਿਹਾ ਸੀ (ਹੁਣ ਇਹ ਹੋਰ ਗੱਲ ਹੈ ਕਿ ਵਿਚਾਰਧਾਰਾ ਰੂਪ ਤੋਂ ਕਮਜ਼ੋਰ, ਵੰਡੀ ਹੋਈ ਲੀਡਰਸ਼ਿਪ ਅਤੇ ਢਿੱਲੇ-ਢਾਲੇ ਢਾਂਚੇ ਵਾਲ਼ੀ ਕਮਿਊਨਿਸਟ ਪਾਰਟੀ ਇਸ ਦੌਰ ਦਾ ਕੋਈ ਵੀ ਲਾਭ ਨਹੀਂ ਉਠਾ ਸਕੀ)।

1947 'ਚ ਦੇਸ਼ ਨੂੰ ਸਿਆਸੀ ਅਜ਼ਾਦੀ ਤਾਂ ਮਿਲੀ, ਪਰ ਸਾਮਰਾਜਵਾਦੀਆਂ ਦੇ ਆਰਥਿਕ ਹਿੱਤ (ਲੁੱਟ ਦੇ ਮੌਕੇ) ਸੁਰੱਖਿਅਤ ਰਹੇ। ਰਾਜ ਸੱਤ੍ਹਾ ਹੁਣ ਭਾਰਤੀ ਪੂੰਜੀਪਤੀ ਜਮਾਤ ਦੇ

ਹੱਥਾਂ 'ਚ ਸੀ, ਪਰ ਇਹ ਰਾਜ ਸੱਤ੍ਹਾ ਸਾਮਰਾਜਵਾਦੀ ਸੰਸਾਰ ਤੋਂ ਮੁੱਢੋਂ-ਤੋੜ ਵਿਛੋੜਾ ਕਰਨ ਦੀ ਬਜਾਏ ਉਹਨਾਂ ਦੇ ਆਰਥਿਕ ਹਿੱਤਾਂ ਦੀ ਗਰੰਟਰ ਸੀ। ਇਹ ਸੀਮਤ ਅਜ਼ਾਦੀ ਅਤੇ ਖੰਡਤ ਖੁਦਮੁਖਤਿਆਰੀ ਵਾਲ਼ਾ ਦੇਸ਼ ਸੀ। ਭਾਰਤੀ ਪੂੰਜੀਪਤੀ ਜਮਾਤ ਨੂੰ ਇਹ ਸਹੂਲਤ ਮਿਲ ਗਈ ਸੀ ਕਿ ਉਹ ਕਈ ਸਾਮਰਾਜਵਾਦੀ ਤਾਕਤਾਂ ਤੋਂ ਪੂੰਜੀ ਅਤੇ ਤਕਨੀਕ ਲੈਂਦੇ ਹੋਏ ਸੌਦੇਬਾਜ਼ੀ ਕਰ ਸਕੇ ਅਤੇ ਲੋਕਾਂ ਤੋਂ ਨਿਚੋੜੇ ਗਏ ਮੁਨਾਫੇ 'ਚ ਆਪਣੇ ਹਿੱਸੇ ਲਈ ਸ਼ਰਤਾਂ ਰੱਖ ਸਕੇ ਅਤੇ ਦਬਾਅ ਬਣਾ ਸਕੇ। ਭਾਰਤੀ ਪੂੰਜੀਪਤੀ ਜਮਾਤ ਆਪਣੇ ਦੇਸ਼ 'ਚ ਨਿਚੋੜੀ ਗਈ ਵਾਧੂ ਕਦਰ ਦੀ ਵੱਡੀ ਹਿੱਸੇਦਾਰ ਸੀ, ਪਰ ਸੰਸਾਰ ਪੱਧਰ 'ਤੇ ਸਾਮਰਾਜਵਾਦੀਆਂ ਦੀ ਜੂਨੀਅਰ ਪਾਰਟਨਰ ਹੀ ਸੀ। ਇਹ ਦੇਸੀ-ਵਿਦੇਸ਼ੀ ਪੂੰਜੀ ਦੋਨਾਂ ਦਾ ਹੀ ਸਾਝਾਂ ਹਿੱਤ ਸੀ ਕਿ ਇੱਥੋਂ ਦੀ ਖੇਤੀਬਾੜੀ ਦਾ ਪੂੰਜੀਵਾਦੀ ਵਿਕਾਸ ਹੋਵੇ ਅਤੇ ਉਹਨਾਂ ਦੀ ਜਿਣਸ ਦੀ, ਪੂੰਜੀ ਦੀ ਅਤੇ ਕਿਰਤ ਸ਼ਕਤੀ ਦੀ ਕੌਮੀ ਮੰਡੀ ਬਣੇ। ਪਰ ਇਹ ਕੰਮ ਜੇਕਰ ਇਨਕਲਾਬੀ ਢੰਗ ਨਾਲ਼, ਇੱਕ ਇਨਕਲਾਬੀ ਝਟਕੇ ਨਾਲ਼ ਕੀਤਾ ਜਾਂਦਾ, ਤਾਂ ਲੋਕ ਉਸੇ ਇਨਕਲਾਬੀ ਰਫ਼ਤਾਰ ਨਾਲ਼ ਹੋਰ ਅੱਗੇ ਆਉਣ ਦੀ ਕੋਸ਼ਿਸ਼ ਕਰਦੇ ਅਤੇ ਇਸ ਨਾਲ਼ ਪੂੰਜੀਵਾਦੀ ਸੱਤ੍ਹਾ ਲਈ ਖਤਰਾ ਪੈਦਾ ਹੋ ਜਾਂਦਾ। ਇਸ ਲਈ ਪੂੰਜੀਪਤੀ ਜਮਾਤ ਨੇ ਹੌਲ਼ੀ ਹੌਲੀ ਜਗੀਰੂ ਭੂਮੀ ਸਬੰਧਾਂ ਨੂੰ ਤੋੜਨ ਦਾ ਰਸਤਾ ਚੁਣਿਆ। ਇਸ ਨਾਲ਼ ਪੁਰਾਣੇ ਭੂਮੀ ਮਾਲਕਾਂ ਦੇ ਇੱਕ ਵੱਡੇ ਹਿੱਸੇ ਨੂੰ, ਆਪਣੇ ਆਪ ਨੂੰ ਪੂੰਜੀਵਾਦੀ ਭੂ-ਮਾਲਕ ਬਣਾ ਲੈਣ ਦਾ ਮੌਕਾ ਮਿਲ ਗਿਆ ਅਤੇ ਧਨੀ ਅਤੇ ਖਾਂਦੇ ਪੀਂਦੇ ਮੁਜ਼ਾਰਿਆਂ ਵਿੱਚੋਂ ਕੁਲਕਾਂ-ਫਾਰਮਰਾਂ ਦਾ ਵਿਕਾਸ ਹੋਇਆ। ਪਿੰਡਾਂ 'ਚ ਪੂੰਜੀਵਾਦ ਦਾ ਸਮਾਜਿਕ ਅਧਾਰ ਮਜਬੂਤ ਹੋਇਆ। ਪੂੰਜੀ ਦੀ ਕਮੀ ਨੂੰ ਦੂਰ ਕਰਨ ਲਈ ਭਾਰਤੀ ਪੂੰਜੀਪਤੀ ਜਮਾਤ ਸਿਰਫ ਵਿਦੇਸ਼ੀ ਪੂੰਜੀ 'ਤੇ ਹੀ ਨਿਰਭਰ ਨਹੀਂ ਰਹੀ (ਇਸ ਨਾਲ਼ ਸਾਮਰਾਜਵਾਦ 'ਤੇ ਉਸ ਦੀ ਨਿਰਭਰਤਾ ਵੱਧ ਜਾਂਦੀ), ਉਸ ਨੇ ਸਮਾਜਵਾਦ ਦੇ ਨਾਂ 'ਤੇ, ਲੋਕਾਂ ਦੇ ਪੈਸੇ ਨਾਲ਼ ਪਬਲਿਕ ਸੈਕਟਰ ਅਤੇ ਰਾਜਕੀ ਪੂੰਜੀਵਾਦ ਦਾ ਵਿਕਾਸ ਕੀਤਾ। ਇਸ ਪ੍ਰਕਿਰਿਆ 'ਚ ਨੌਕਰਸ਼ਾਹ ਪੂੰਜੀਪਤੀ ਜਮਾਤ ਅਤੇ ਮੱਧਵਰਗ ਦੀਆਂ ਉਪਰਲੀਆਂ ਦਰਮਿਆਨੀਆਂ ਪਰਤਾਂ ਦਾ ਵੀ ਤੇਜ਼ੀ ਨਾਲ਼ ਵਿਕਾਸ ਹੋਇਆ। ਜਦੋਂ ਭਾਰਤ ਦੀ ਪੂੰਜੀਪਤੀ ਜਮਾਤ ਨੇ ਕਾਫੀ ਤਾਕਤ ਹਾਸਲ ਕਰ ਲਈ ਤਾਂ ਉਸੇ ਪਬਲਿਕ ਸੈਕਟਰ ਦੇ ਅਦਾਰਿਆਂ ਨੂੰ ਕੌਡੀਆਂ ਦੇ ਭਾਅ 'ਤੇ ਉਸ ਨੂੰ ਵੇਚ ਦਿੱਤਾ ਗਿਆ। ਪਰ ਇਹ ਅੱਗੇ ਦੀ ਕਹਾਣੀ ਹੈ, ਉਦਾਰੀਕਰਨ ਨਿਜੀਕਰਨ ਦੇ ਦੌਰ ਦੀ। ਸਾਡਾ ਵਿਸ਼ਾ ਇੱਥੇ ਭਾਰਤੀ ਸੰਵਿਧਾਨ ਅਤੇ ਗਣਤੰਤਰ ਦੇ ਚਰਿੱਤਰ ਦੀ ਚਰਚਾ ਕਰਨਾ ਹੈ।

ਉਪਰੋਕਤ ਇਤਿਹਾਸਕ-ਰਾਜਨੀਤਕ ਪਿੱਠਭੂਮੀ ਦੀ ਚਰਚਾ ਅਸੀਂ ਇਹ ਸਪੱਸ਼ਟ ਕਰਨ ਲਈ ਕਰ ਰਹੇ ਹਾਂ ਕਿ ਸੰਵਿਧਾਨ ਹਾਕਮ ਜਮਾਤ ਦੀਆਂ ਹਿੱਤ-ਸਾਧਕ ਨੀਤੀਆਂ ਦਾ ਗੂੜ੍ਹਾ ਪ੍ਰਗਟਾਵਾਂ ਹੁੰਦਾ ਹੈ, ਉਸ ਦੀ ਰਾਜ ਸੱਤ੍ਹਾ ਦੀ ਬੁਨਿਆਦੀ ਅਚਾਰ ਸੰਹਿਤਾ ਹੁੰਦਾ ਹੈ। ਜਿਸ ਪੂੰਜੀਪਤੀ ਜਮਾਤ ਨੇ ਸਾਮਰਾਜਵਾਦ ਵਿਰੁੱਧ ਕੋਈ ਰੈਡੀਕਲ ਸੰਘਰਸ਼ ਕਰਨ ਦੀ ਬਜਾਏ 'ਸਮਝੌਤਾ-ਦਬਾਅ-ਸਮਝੌਤਾ' ਦੀ ਯੁੱਧਨੀਤੀ ਅਪਣਾ ਕੇ ਸੱਤ੍ਹਾ ਹਾਸਲ ਕੀਤੀ, ਜਿਹੜੀ ਬਸਤੀਵਾਦੀ ਉਸਾਰ ਢਾਂਚੇ ਦੇ ਗਰਭ 'ਚੋਂ ਪੈਦਾ ਹੋਈ ਸੀ ਅਤੇ ਸਾਮਰਾਜਵਾਦੀ ਯੁੱਗ 'ਚ ਪਲ਼ ਕੇ ਵੱਡੀ ਹੋਈ ਸੀ, ਜਿਸ ਦੀ ਇਤਿਹਾਸ ਯਾਤਰਾ 'ਪੁਨਰਜਾਗਰਣ-ਪ੍ਰਬੋਧਣ ਇਨਕਲਾਬ' ਦੀ ਨਹੀਂ ਸੀ, ਜਿਸ ਦੀ ਸਿਆਸੀ ਅਜ਼ਾਦੀ ਵੀ ਛਾਂਗੀ ਹੋਈ, ਅਧੂਰੀ ਅਤੇ ਅਪੰਗ ਸੀ, ਜਿਸ ਨੇ ਸਾਮਰਾਜਵਾਦ ਨਾਲ਼ੋਂ ਫੈਸਲਾਕੁੰਨ ਤੋੜ ਵਿਛੋੜਾ ਨਹੀਂ ਕੀਤਾ, ਜਿਸ ਨੇ ਪੂੰਜੀਵਾਦੀ ਜਮੂਹਰੀ ਭੂਮੀ ਸੁਧਾਰ ਦੇ ਕੰਮ ਨੂੰ ਰੈਡੀਕਲ ਭੂਮੀ ਇਨਕਲਾਬ ਰਾਹੀਂ ਨਹੀਂ, ਸਗੋਂ ਹੌਲ਼ੀ ਹੌਲ਼ੀ ਰੀਂਘਦੇ ਹੋਏ, ਕਿਸ਼ਤਾਂ 'ਚ ਗੈਰ-ਇਨਕਲਾਬੀ ਢੰਗ ਨਾਲ਼ ਕੀਤਾ, ਉਹ ਪੂੰਜੀਪਤੀ ਜਮਾਤ ਲੋਕਾਂ ਨੂੰ ਅਤਿ ਸੀਮਤ ਨਾਗਰਿਕ ਅਜ਼ਾਦੀ ਅਤੇ ਜਮੂਹਰੀ ਅਧਿਕਾਰ ਹੀ ਦੇ ਸਕਦੀ ਹੈ। ਅਤੇ ਢਾਂਚੇ 'ਤੇ ਥੋੜ੍ਹਾ ਬਹੁਤ ਸਿਆਸੀ ਸੰਕਟ ਪੈਦਾ ਹੁੰਦੇ ਹੀ ਉਹ ਇਨ੍ਹਾਂ ਸੀਮਤ ਲੋਕ ਹੱਕਾਂ ਨੂੰ ਖੋਹ ਕੇ ਨਿਰੰਕੁਸ਼ ਸਰਵਸੱਤ੍ਹਾਵਾਦੀ ਸ਼ਾਸਨ ਦੀ ਸਥਾਪਨਾ ਲਈ ਤਿਆਰ ਰਹੇਗੀ। ਅਜਿਹਾ ਹੀ ਭਾਰਤੀ ਪੂੰਜੀਪਤੀ ਜਮਾਤ ਦਾ ਇਤਿਹਾਸ ਰਿਹਾ ਹੈ ਅਤੇ ਅਜਿਹਾ ਹੀ ਉਸ ਦਾ ਸੰਵਿਧਾਨ ਰਿਹਾ ਹੈ। ਇਹ ਸੰਵਿਧਾਨ ਭਾਰਤ ਦੇ ਲੋਕਾਂ ਨੂੰ ਅਸਲ 'ਚ ਅਤਿ ਸੀਮਤ ਜਮਹੂਰੀ ਹੱਕ ਦਿੰਦਾ ਹੈ, ਬਾਕੀ ਵੱਡੀਆਂ ਵੱਡੀਆਂ ਗੱਲਾਂ ਦੀ ਲੱਫਾਜ਼ੀ ਬਹੁਤ ਕਰਦਾ ਹੈ। ਇਸ ਲਈ ਕਾਫ਼ੀ ਮੋਟਾ ਹੈ।

ਜਿਨ੍ਹਾਂ ਮੁਲਕਾਂ 'ਚ ਪੂੰਜੀਪਤੀ ਜਮਾਤ ਇਨਕਲਾਬ ਕਰਕੇ ਸੱਤ੍ਹਾ 'ਚ ਆਈ, ਉਹਨਾਂ ਦੀ ਸਥਿਤੀ ਤੋਂ ਇੱਕ ਦਮ ਵੱਖਰੀ, ਇੱਥੋਂ ਦੀ ਪੂੰਜੀਪਤੀ ਜਮਾਤ ਆਪਣੀ ਆਰਥਿਕ ਤਾਕਤ ਵੱਧਦੇ ਜਾਣ ਅਤੇ ਸਿਆਸੀ ਸੰਘਰਸ਼ ਨੂੰ ਕ੍ਰਮਵਾਰ (ਦਬਾਅ ਦਾ ਪਹਿਲੂ ਵਧਾਉਂਦੇ ਹੋਏ) ਅੱਗੇ ਵਧਾਉਂਦੇ ਹੋਏ ਕੁੱਝ (ਲੇਜਿਸਲੇਟਿਵ ਮਤਲਬ ਵਿਧਾਨ ਬਣਾਉਣ ਸਬੰਧੀ) ਹੱਕਾਂ ਅਤੇ ਕੁੱਝ ਕਾਰਜਕਾਰੀ (ਏਕਜ਼ੀਕਿਉਟਿਵ ਜਾਂ ਸ਼ਾਸਨ-ਪ੍ਰਸ਼ਾਸਨ 'ਚ ਹਿੱਸੇਦਾਰੀ ਸਬੰਧੀ) ਹੱਕਾਂ ਦੀ ਮੰਗ ਚੁੱਕਦੀ ਰਹੀ ਅਤੇ ਕਾਨੂੰਨੀ ਵਿਧਾਨਕ ਦਾਇਰੇ 'ਚ ਉਹ ਲੜਾਈ ਲੜਦੀ ਰਹੀ। ਹਰ ਵਾਰੀ ਉਹ ਲੋਕ ਸੰਘਰਸ਼ਾਂ ਦੇ ਦਬਾਅ ਨੂੰ ਵਰਤਦੀ ਰਹੀ ਅਤੇ ਭਾਰਤੀ ਦੀਵਾਨੀ ਕਚਿਹਰੀਆਂ ਦੇ ਮੁੱਕਦਮੇਬਾਜ਼ਾਂ ਦੀ ਤਰ੍ਹਾਂ ਆਪਣੇ ਮਾਮਲਿਆਂ ਦੀ ਪੈਰਵੀ ਕਰਦੀ ਰਹੀ। ਇਹ ਕੰਮ ਉਸ ਦੀ ਸਿਆਸੀ ਪਾਰਟੀ ਕਾਂਗਰਸ ਨੇ ਵੱਧ ਕੁਸ਼ਲਤਾ ਨਾਲ਼ ਕੀਤਾ ਅਤੇ ਇਸ ਤਰ੍ਹਾਂ ਕਈ ਬਸਤੀਵਾਦੀ ਕਾਨੂੰਨਾਂ ਜ਼ਰੀਏ ਹੁੰਦੇ ਹੋਏ 1935 ਦੇ 'ਗਰਵਨਮੈਂਟ ਆਫ਼ ਇੰਡੀਆ ਐਕਟ' ਅਤੇ ਫਿਰ 1946 'ਚ ਸੰਵਿਧਾਨ ਸਭਾ ਬਣਾ ਕੇ ਸੰਵਿਧਾਨ ਬਣਾਉਣ ਦੀ ਪ੍ਰਕਿਰਿਆ ਤੱਕ ਪਹੁੰਚੀ।

1920 ਤੱਕ, ਬਸਤੀਵਾਦੀ ਭਾਰਤ ਦੀਆਂ ਵਿਧਾਨ ਪ੍ਰੀਸ਼ਦਾਂ ਨੂੰ ਅਸਲ 'ਚ ਕੋਈ ਅਧਿਕਾਰ ਹਾਸਲ ਨਹੀਂ ਸਨ. ਇਨ੍ਹਾਂ ਦੀ ਹੈਸੀਅਤ ਵਾਇਸਰਾਏ ਦੀ ਸਲਾਹਕਾਰ ਪ੍ਰੀਸ਼ਦ ਤੋਂ ਵੱਧ ਨਹੀਂ ਹੁੰਦੀ ਸੀ। 1857 ਦੇ ਮਹਾਨ ਲੋਕ ਵਿਦਰੋਹ ਮਗਰੋਂ, ਬ੍ਰਿਟਿਸ਼ ਪੂੰਜੀਪਤੀ ਜਮਾਤ ਨੇ, ਬਸਤੀਵਾਦੀ ਪ੍ਰਸ਼ਾਸਨ ਸਿੱਧੇ ਬ੍ਰਿਟਿਸ਼ ਸੰਸਦ ਅਤੇ ਸਰਕਾਰ ਦੇ ਸਿੱਧੇ ਕੰਟਰੋਲ 'ਚ ਆਣ ਮਗਰੋਂ, ਪਹਿਲਾ ਕੰਮ ਫੌਜੀ ਸੁਧਾਰਾਂ ਦਾ ਕੀਤਾ ਜਿਸਦਾ ਇੱਕ ਮਹੱਤਵਪੂਰਨ ਪੱਖ ਇਹ ਸੀ ਕਿ ਭਾਰਤੀ ਸਿਪਾਹੀਆਂ 'ਤੇ ਬਿਹਤਰ ਕੰਟਰੋਲ ਲਈ ਭਾਰਤੀ ਜਗੀਰੂ ਕੁਲੀਨਾਂ ਅਤੇ ਉਹਨਾਂ ਦਰਮਿਆਨੋਂ ਆਏ ਸ਼ਹਿਰੀ, ਸਿੱਖਿਅਤ ਮੱਧਵਰਗੀ ਕੁਲੀਨਾਂ ਨੂੰ ਫੌਜ ਦੀ ਅਫਸਰੀ 'ਚ ਹਿੱਸਾ

ਮਿਲੇ, ਦੂਜਾ ਪ੍ਰਸ਼ਾਸਨਿਕ ਕਦਮ ਸੀ 1861 ਦਾ ਇੰਡੀਆ ਕਾਉਂਸਿਲ ਐਕਟ, ਜਿਸ ਤਹਿਤ ਵਾਇਸਰਾਏ, ਤਿੰਨਾ (ਬੰਗਾਲ, ਮਦਰਾਸ ਅਤੇ ਬੰਬਈ) ਪ੍ਰੈਜੀਡੈਂਸੀਆਂ ਦੇ ਗਵਰਨਰਾਂ ਅਤੇ ਉਤਰ ਪੱਛਮ ਰਾਜ ਅਤੇ ਪੰਜਾਬ ਦੇ ਲੇਫਟੀਨੇਂਟ ਗਵਰਨਰਾਂ ਅਧੀਨ ਵਿਧਾਨ ਪ੍ਰੀਸ਼ਦਾਂ ਕਾਇਮ ਕੀਤੀਆਂ ਗਈਆਂ ਜਿਹੜੀਆਂ ਉਹਨਾਂ ਨੂੰ ਸਲਾਹ ਦੇ ਸਕਦੀਆਂ ਸਨ। ਇਨ੍ਹਾਂ 'ਚ ਅੱਧੇ ਅੱਧੇ ਮੈਂਬਰ ਉਹ ਹੁੰਦੇ ਸਨ, ਜਿਹੜੇ ਸਿਵਿਲ ਸਰਵਿਸਿਜ 'ਚ ਨਹੀਂ ਸਨ। ਇਹ ਪ੍ਰਤੀਨਿੱਧੀ ਜਗੀਰੂ ਅਤੇ ਵਣਜ-ਵਪਾਰ ਨਾਲ਼ ਜੁੜੇ ਸ਼ਹਿਰੀ ਕੁਲੀਨਾਂ ਵਿੱਚੋਂ ਚੁਣ ਕੇ ਆਉਂਦੇ ਸਨ। ਹਾਊਸ ਆਫ਼ ਕਾਮਨਸ 'ਚ ਭਾਰਤ ਮੰਤਰੀ ਸਰ ਚਾਰਲਸ ਵੁਡ ਨੇ ਸਪੱਸ਼ਟ ਕਰ ਦਿੱਤਾ ਕਿ ਇਸ ਕਾਨੂੰਨ ਦਾ ਉਦੇਸ਼ ਉੱਚ-ਅਹੁਦੇਦਾਰ ਅਤੇ ਕੁਲੀਨ ਭਾਰਤੀਆਂ ਨੂੰ ਬ੍ਰਿਟਿਸ਼ ਸ਼ਾਸਨ ਦੇ ਪੱਖ 'ਚ ਰੱਖਣਾ ਅਤੇ ਬਸਤੀਵਾਦੀ ਸ਼ਾਸਨ ਨੂੰ ਮਜਬੂਤੀ ਪ੍ਰਦਾਨ ਕਰਨਾ ਸੀ। ਵਰਣਨਯੋਗ ਹੈ ਕਿ ਵਿਧਾਨ ਪ੍ਰੀਸ਼ਦਾਂ ਦੇ ਨਾਲ਼ ਨਾਲ਼ ਵਾਇਸਰਾਏ ਦੀਆਂ ਕਾਰਜਕਾਰੀ ਪ੍ਰੀਸ਼ਦਾਂ ਦਾ ਗਠਨ ਹੋਇਆ ਅਤੇ ਤਿੰਨਾਂ ਪ੍ਰੈਜ਼ੀਡੈਂਸੀਆਂ ਉਤਰ ਪੱਛਮ ਰਾਜ 'ਚ ਹਾਈ ਕੋਰਟਾਂ ਦੀ ਸਥਾਪਨਾ ਕੀਤੀ ਗਈ।

ਫਿਰ ਆਇਆ, 1892 ਦਾ ਇੰਡੀਅਨ ਕਾਉਂਸਲ ਐਕਟ, ਜਿਸ 'ਚ ਕੇਂਦਰੀ ਅਤੇ ਰਾਜ ਵਿਧਾਨ ਪ੍ਰੀਸ਼ਦਾਂ 'ਚ ਵਾਧੂ ਮੈਂਬਰਾਂ ਦੀ ਗਿਣਤੀ ਵਧਾ ਦਿੱਤੀ ਗਈ। ਜਿਨ੍ਹਾਂ 'ਚੋਂ ਕੁੱਝ ਦੀ ਚੋਣ ਨਗਰਪਾਲਿਕਾਂ, ਜਿਲ੍ਹਾ ਬੋਰਡਾਂ ਆਦਿ ਰਾਹੀਂ ਅਸਿੱਧੀਆਂ ਚੋਣਾਂ ਰਾਹੀਂ ਹੋਣੀ ਸੀ। ਫਿਰ ਵੀ ਪ੍ਰੀਸ਼ਦਾਂ 'ਚ ਸਰਕਾਰੀ ਬਹੁਮਤ ਸੀ ਅਤੇ ਵਾਇਸਰਾਏ ਜਾਂ ਗਵਰਨਰ ਜਨਰਲਾਂ ਦੇ ਫੈਸਲਿਆਂ ਨੂੰ ਪ੍ਰਭਾਵਿਤ ਕਰਨ ਦੇ ਮਾਮਲੇ 'ਚ ਉਹਨਾਂ ਦੇ ਅਧਿਕਾਰ ਨਾ ਦੇ ਬਰਾਬਰ ਸਨ। ਇਸ ਕਾਨੂੰਨ ਦਾ ਖਾਕਾ ਬਣਾਉਣ ਵਾਲ਼ੇ ਲਾਰਡ ਡਫਰਿਨ ਅਤੇ ਹੋਰ ਬ੍ਰਿਟਿਸ਼ ਰਾਜਨੀਤੀਵਾਨਾਂ, ਨੌਕਰਸ਼ਾਹਾਂ ਦਾ ਮੰਨਣਾ ਸੀ ਕਿ ਇਸ ਜ਼ਰੀਏ ਕੁੱਝ ਪ੍ਰਬੁੱਧ ਉੱਚ ਮੱਧਵਰਗੀ ਭਾਰਤੀ ਲੀਡਰਾਂ ਨੂੰ (ਕਾਂਗਰਸ ਦੇ ਤੱਤਕਾਲੀ ਆਗੂ ਜਿਨ੍ਹਾਂ ਨੂੰ ਕੁੱਝ ਇਤਿਹਾਸਕਾਰ ਆਰਥਿਕ ਕੌਮਵਾਦੀਆਂ ਦਾ ਨਾਂ ਦਿੰਦੇ ਹਨ) ਬਸਤੀਵਾਦੀ ਸਿਆਸੀ ਢਾਂਚੇ 'ਚ ਸ਼ਾਮਿਲ ਕਰ ਲੈਣ ਨਾਲ਼ ਭਾਫ ਨਿਲਕਦੀ ਰਹੇਗੀ ਅਤੇ ਸਿਆਸੀ ਦਬਾਅ ਘੱਟ ਹੁੰਦਾ ਰਹੇਗਾ। ਇਸ ਉਦੇਸ਼ 'ਚ ਉਹ ਸਫਲ ਵੀ ਰਹੇ, ਪਰ ਇਕ ਵਾਰੀ ਅਜਿਹੀ ਪ੍ਰੀਸ਼ਦ ਹੋਂਦ 'ਚ ਆ ਜਾਣ ਮਗਰੋਂ ਇਸ ਦੀ ਮੂਲ ਅੰਦਰੂਨੀ ਗਤੀ ਦੀ ਇੱਕ ਵਿਰੋਧੀ ਗਤੀ ਵੀ (ਗੌਣ ਹੀ ਸਹੀ) ਇਸ ਦਰਮਿਆਨ ਪੈਦਾ ਹੋਈ ਜਿਹੜੀ ਬਸਤੀਵਾਦੀਆਂ ਦੀ ਇੱਛਾ ਤੋਂ ਅਜ਼ਾਦ ਸੀ। 1893 ਤੋਂ 1909 ਦਰਮਿਆਨ, ਵਫਾਦਾਰ ਬ੍ਰਿਟਿਸ਼ ਪਰਜਾ ਦੇ ਰੂਪ 'ਚ ਨਿਆਂਪੂਰਨ ਪ੍ਰਸ਼ਾਸ਼ਨ,ਸਿੱਖਿਆ ਆਦਿ ਦੀ ਮੰਗ ਕਰਨ ਵਾਲ਼ੇ ਭਾਰਤ ਦਾ ਬੇਅੰਤ ਧਨ ਬ੍ਰਿਟੇਨ ਲੈ ਜਾਣ ਦੀ ਬਜਾਏ ਉਸ ਨੂੰ ਇੱਥੇ ਸਨਅਤ ਅਤੇ ਵਣਜ ਸਿੱਖਿਆ, ਆਵਾਜਾਈ ਟਰਾਂਸਪੋਰਟ ਆਦਿ 'ਚ ਲਗਾਉਣ ਦੀ ਮੰਗ ਕਰਨ ਵਾਲ਼ੇ ਗੋਖਲੇ, ਫਿਰੋਜਸ਼ਾਹ ਮੇਹਤਾ, ਸੁਰਿਦੰਰਨਾਥ ਬੈਨਰਜੀ ਆਦਿ ਆਗੂ ਵਿਧਾਨ ਪ੍ਰੀਸ਼ਦਾਂ 'ਚ ਬੋਲਦੇ ਹੋਏ ਆਰਥਿਕ ਲੁੱਟ ਅਤੇ ਭ੍ਰਿਸ਼ਟ ਨਿਰੰਕੁਸ਼ ਪ੍ਰਸ਼ਾਸਨ ਬਾਰੇ ਜਿਹੜੇ ਤੱਥ ਦਿੰਦੇ ਸਨ, ਉਹਨਾਂ ਦਾ ਪੜ੍ਹੇ-ਲਿਖੇ ਮੱਧਵਰਗ 'ਤੇ ਮੰਤਵ ਤੋਂ ਵਧੇਰੇ ਸਿਆਸੀ ਅਸਰ ਪੈਂਦਾ ਸੀ। ਤਿਲਕ ਅਤੇ ਕੁੱਝ ਹੋਰ ਗਰਮ ਦਲੀ ਲੀਡਰਾਂ ਨੇ ਵੀ ਵਿਧਾਨ ਪ੍ਰੀਸ਼ਦਾਂ 'ਚ ਹਿੱਸਾ ਲਿਆ। ਉਸ ਸਮੇਂ ਤੱਕ ਨੌਰੋਜੀ, ਗੋਖਲੇ ਅਤੇ ਤਿਲਕ ਕਨੇਡਾ ਅਤੇ ਅਸਟਰੇਲੀਆ ਦੀ ਤਰ੍ਹਾਂ ਖੁਦਮੁਖਤਿਆਰ ਬਸਤੀਆਂ ਦੀ ਤਰਜ 'ਤੇ ਭਾਰਤ 'ਚ ਖੁਦਮੁਖਤਿਆਰੀ ਦੀ ਮੰਗ ਰੱਖ ਰਹੇ ਸਨ। ਫਿਰ ਵੀ, ਉਸ ਦੌਰ ਦੀਆਂ ਕੇਂਦਰੀ ਤੇ ਰਾਜ ਵਿਧਾਨ ਪ੍ਰੀਸ਼ਦਾਂ ਕਾਨੂੰਨੀ ਤੌਰ 'ਤੇ ਤਾਂ ਇੱਕ ਦਮ ਅਧਿਕਾਰ ਵਿਹੂਣੀਆਂ ਸਨ, ਪਰ ਨਵਜਾਤ ਭਾਰਤੀ ਪੂੰਜੀਪਤੀ ਜਮਾਤ ਦੀਆਂ ਰਿਆਇਤਾਂ ਦੀ ਮੰਗ ਅਤੇ ਮੱਧਵਰਗ ਦੇ ਮਰੀਅਲ ਨਵਜਾਤ ਕੌਮਵਾਦ ਨੂੰ ਉਹਨਾਂ ਮੰਚਾਂ 'ਤੇ ਪ੍ਰਗਟ ਹੋਣ ਦਾ ਮੌਕਾ ਜ਼ਰੂਰ ਮਿਲ਼ਿਆ।

ਬਸਤੀਵਾਦੀ ਦੌਰ ਦੇ ਸੰਵਿਧਾਨਕ-ਕਾਨੂੰਨੀ ਇਤਿਹਾਸ ਦਾ ਅਗਲਾ ਮੁਕਾਮ ਸੀ, ਮਾਰਲੇ-ਮਿੰਟੋ ਸੁਧਾਰ ਅਤੇ 1909 ਦਾ 'ਇੰਡੀਅਨ ਕਾਉਂਸਿਲ ਐਕਟ'। ਇਸ ਸਮੇਂ ਦੀ ਸਿਆਸੀ ਪਿੱਠਭੂਮੀ ਨੂੰ (ਜਿਸ ਦੀ ਸੰਖੇਪ ਚਰਚਾ ਉੱਪਰ ਕੀਤੀ ਜਾ ਚੁੱਕੀ ਹੈ)। ਬਾਲ-ਲਾਲ-ਪਾਲ ਜਿਹੇ ਗਰਮ ਦਲੀਏ ਲੀਡਰਾਂ ਅਤੇ ਅਜੀਤ ਸਿੰਘ ਆਦਿ ਦੇ ਅਸਰ ਹੇਠ (ਪੂਰਵ ਅਜ਼ਾਦੀ ਦੀ ਮੰਗ ਨਾ ਰੱਖਦੇ ਹੋਏ ਵੀ) ਦੇਸ਼ ਦੇ ਵੱਖ-ਵੱਖ ਹਿੱਸਿਆਂ 'ਚ ਲੋਕ ਸੰਘਰਸ਼ ਉਠਣ ਲੱਗੇ ਸਨ। ਮੱਧਵਰਗੀ ਇਨਕਲਾਬੀ ਦਹਿਸ਼ਤਗਰਦੀ ਅਤੇ ਮਜ਼ਦੂਰਾਂ-ਕਿਸਾਨਾਂ ਦੇ ਪਹਿਲਾਂ ਦੀ ਬਜਾਏ ਵੱਧ ਜਥੇਬੰਦ ਸੰਘਰਸ਼ਾਂ ਦੀ ਸ਼ੁਰੂਆਤ ਹੋ ਚੁੱਕੀ ਸੀ। ਮੱਧਵਰਗ ਦਾ ਵਿਸਥਾਰ ਹੋਣ ਨਾਲ਼ ਹੀ, ਉਸ ਦੀਆਂ ਹੇਠਲੀਆਂ ਪਰਤਾਂ ਨੂੰ ਕੌਮਪ੍ਰਸਤ ਵਿਚਾਰ ਪ੍ਰਭਾਵਿਤ ਕਰਨ ਲੱਗੇ ਸਨ। (ਖਾਸ ਕਰਕੇ ਦੇਸ਼ੀ ਭਾਸ਼ਾਵਾਂ ਦੇ ਮੈਗਜ਼ੀਨਾਂ ਦੀ ਇਸ 'ਚ ਵਿਸ਼ੇਸ਼ ਭੂਮਿਕਾ ਸੀ।) ਬੰਗ-ਭੰਗ ਮਗਰੋਂ ਸੱਤ੍ਹਾ ਇੱਕ ਉੱਗਰ ਲੋਕ ਲਹਿਰ ਦੀ ਗਵਾਹ ਹੋ ਚੁੱਕੀ ਸੀ।

ਤੱਤਕਾਲੀਨ ਵਾਇਸਰਾਏ ਮਿੰਟੋ ਅਤੇ ਭਾਰਤ ਮੰਤਰੀ ਮਾਰਲੇ ਦੇ ਸੰਵਿਧਾਨਕ ਸੁਧਾਰਾਂ ਅਤੇ ਉਹਨਾਂ ਦੀ ਰੌਸ਼ਨੀ 'ਚ ਬਣੇ 1909 ਦੇ 'ਇੰਡੀਅਨ ਕਾਉਂਸਿਲ ਐਕਟ' ਦਾ ਬਸਤੀਵਾਦੀ ਭਾਰਤ ਦੇ ਇਤਿਹਾਸ 'ਚ ਇੱਕ ਵਿਸ਼ੇਸ਼ ਮਹੱਤਵ ਹੈ। ਸਿਆਸੀ ਬੇਚੈਨੀ ਨਾਲ਼ ਨਿਪਟਣ ਲਈ ਮਾਰਲੇ ਅਤੇ ਮਿੰਟੋ ਨੇ ਅਜਿਹੀਆਂ ਨੀਤੀਆਂ ਤੈਅ ਕੀਤੀਆਂ ਜਿਹੜੀਆਂ ਘੱਟ-ਵੱਧ 1947 ਤੱਕ ਬਸਤੀਵਾਦੀ ਸ਼ਾਸਨ ਦੇ ਪੈਮਾਨੇ ਬਣੀਆਂ ਰਹੀਆਂ। ਇਨ੍ਹਾਂ ਨੀਤੀਆਂ ਦੇ ਤਿੰਨ ਪ੍ਰਮੁੱਖ ਅੰਗ ਸਨ — 'ਦਮਨ ਅਤੇ ਦਹਿਸ਼ਤ', 'ਨਰਮ ਦਲ ਨੂੰ ਪੱਖ 'ਚ ਲੈਣ ਲਈ ਰਿਆਇਤਾਂ' ਅਤੇ 'ਫੁੱਟ ਪਾਓ ਤੇ ਰਾਜ ਕਰੋ' ਦੀ ਨੀਤੀ। 1910 'ਚ ਲਾਗੂ 'ਇੰਡੀਅਨ ਕਾਉਂਸਿਲ ਐਕਟ' ਮੁਤਾਬਿਕ ਕੇਂਦਰੀ ਅਤੇ ਪ੍ਰਦੇਸ਼ ਵਿਧਾਨ ਪ੍ਰੀਸ਼ਦਾਂ 'ਚੋਂ ਚੁਣੇ ਮੈਂਬਰਾਂ ਦੀ ਗਿਣਤੀ ਵਧਾ ਕੇ ਕੁੱਲ ਮੈਂਬਰਾਂ ਦੀ ਗਿਣਤੀ ਅੱਧੀ ਕਰ ਦਿੱਤੀ ਗਈ। ਪਰ ਇਸ ਦੇ ਨਾਲ਼ ਹੀ ਬੜੀ ਚਲਾਕੀ ਭਰੇ ਢੰਗ ਨਾਲ਼ ਚੋਣ ਖੇਤਰਾਂ ਦੀ ਵੰਡ ਜਾਤੀ ਅਤੇ ਧਾਰਮਿਕ ਅਧਾਰ 'ਤੇ ਕਰਕੇ ਫਿਰਕਾਪ੍ਰਸਤੀ ਦੀ ਸਿਆਸਤ ਦੀ ਜ਼ਮੀਨ ਤਿਆਰ ਕੀਤੀ ਗਈ। ਇਹ ਇੱਕ ਅਲੱਗ ਕਹਾਣੀ ਹੈ ਕਿ ਅੱਗੇ ਚੱਲ ਕੇ ਕਿਸੇ ਪ੍ਰਕਾਰ ਆਪਣੇ ਤੰਗ ਜਮਾਤੀ ਹਿੱਤਾਂ

**(ਬਾਕੀ ਹਿੱਸਾ ਸਫ਼ਾ 24 'ਤੇ)**

# 'ਥ੍ਰੀ ਇਡੀਅਟਸ': ਕਾਮਯਾਬ ਹੋਣ ਦਾ ਨਵਾਂ ਮੰਤਰ–ਕਾਬਿਲ ਬਣੋਂ!'

## ਪਰ ਜਨਾਬ ਆਮਿਰ ਜੀ ਅਤੇ ਜਨਾਬ ਹੀਰਾਨੀ ਜੀ! ਇਸ ਸਮਾਜ ਵਿੱਚ ਕਾਬਲੀਅਤ ਅਤੇ ਕਾਮਯਾਬੀ ਦੋਵੇਂ ਵਿਕਾਊ ਮਾਲ ਹਨ।

**—ਸ਼ਿਵਾਰਥ**

ਪਿੱਛਲੇ ਦਿਨੀਂ ਆਮਿਰ ਖਾਨ, ਆਰ. ਮਾਧਵਨ, ਕਰੀਨਾ ਕਪੂਰ ਤੇ ਸ਼ਰਮਨ ਜੋਸ਼ੀ ਦੀ ਅਦਾਕਾਰੀ ਵਾਲ਼ੀ ਫਿਲਮ 'ਥ੍ਰੀ ਇਡੀਅਟਸ' ਆਈ ਅਤੇ ਇਸ ਨੇ ਕਾਮਯਾਬੀ ਦੇ ਸਾਰੇ ਰਿਕਾਰਡ ਤੋੜ ਦਿੱਤੇ। ਬੇਸ਼ੱਕ ਕਾਫ਼ੀ ਕਾਬਿਲ ਫਿਲਮ ਸੀ! ਇਸ ਫਿਲਮ ਨੂੰ ਵੇਖ ਕੇ ਇੰਝ ਲੱਗਾ ਕਿ ਜਾਂ ਤਾਂ ਰਾਜਕੁਮਾਰ ਹਿਰਾਨੀ ਅਤੇ ਆਮਿਰ ਖਾਨ ਇਸ ਦਰਮਿਆਨ ਕਪਿਲ ਸਿੱਬਲ ਨੂੰ ਮਿਲਦੇ ਰਹੇ ਹਨ, ਜਾਂ ਫਿਰ ਕਪਿਲ ਸਿੱਬਲ ਫਿਲਮ ਬਣਾਉਣ ਤੋਂ ਪਹਿਲਾਂ ਦੋਵਾਂ ਦੀ ਕਲਾਸ ਲੈ ਚੁੱਕੇ ਸੀ! ਫਿਲਮ ਸੰਪਾਦਨ ਦੇ ਲਿਹਾਜ਼ ਤੋਂ ਚੰਗੀ ਬਣ ਗਈ ਹੈ ਤੇ ਕਹਾਣੀ ਗਤੀ ਨਾਲ਼ ਚਲਦੀ ਹੈ ਇਸ ਲਈ ਬੰਨ੍ਹੀ ਰੱਖਦੀ ਹੈ। ਇਸ ਲਈ ਫਿਲਮ ਦਾ ਡੂੰਘਾ ਪ੍ਰਭਾਵ ਤਾਂ ਪੈਂਦਾ ਹੀ ਸੀ, ਨਾਲ਼ ਹੀ, ਫਿਲਮ ਕਿਤੇ ਵੀ ਕੋਈ ਤਣਾਅ ਨਹੀਂ ਦਿੰਦੀ, ਇਸ ਲਈ ਇਸ ਨੇ ਸਫ਼ਲ ਤਾਂ ਹੋਣਾ ਹੀ ਸੀ। ਮਲਟੀਪਲੇਕਸ ਜਾਣ ਵਾਲ਼ੇ ਵਰਗ ਦੇ ਨੌਜਵਾਨਾਂ ਲਈ ਫਿਲਮ ਵਿੱਚ ਉਠਾਈ ਗਈ ਸਮੱਸਿਆ ਬਿਨਾਂ ਸ਼ੱਕ ਮਹੱਤਵ ਰੱਖਦੀ ਹੈ। ਇਸ ਲਈ ਫਿਲਮ ਨੇ ਹਿੱਟ ਤਾਂ ਹੋਣਾ ਹੀ ਸੀ।

ਇਹ ਫਿਲਮ ਕਹਾਣੀ ਹੈ ਤਿੰਨ ਨੌਜਵਾਨਾਂ ਦੀ, ਜੋ ਅਲੱਗ-ਅਲੱਗ ਪਿਛੋਕੜਾਂ ਤੋਂ ਦਿੱਲੀ ਦੇ ਇੱਕ ਇੰਜੀਨੀਅਰਿੰਗ ਕਾਲਜ ਵਿੱਚ ਆਉਂਦੇ ਹਨ ਜੋ ਦੇਸ਼ ਦਾ ਨੰਬਰ ਇੱਕ ਇੰਜੀਨੀਅਰਿੰਗ ਕਾਲਜ ਹੈ। ਇਸ ਕਾਲਜ ਦਾ ਡਾਇਰੈਕਟਰ ਵੀਰੂ ਸਹਿਸਰਬੁੱਧੇ ਇੱਕ ਸਨਕੀ ਤਾਨਾਸ਼ਾਹ ਹੈ ਅਤੇ ਪੱਕਾ ਸਮਾਜਿਕ-ਡਾਰਵਿਨਵਾਦੀ ਵੀ, ਜਿਸ ਦਾ ਮੰਨਣਾ ਹੈ ਕਿ ਜ਼ਿੰਦਗੀ ਇੱਕ ਰੇਸ ਹੈ, ਜੇਕਰ ਤੇਜ਼ ਨਹੀਂ ਭੱਜੋਗੇ ਤਾਂ ਪਿੱਛੇ ਵਾਲ਼ਾ ਤੁਹਾਨੂੰ ਲਤਾੜ ਕੇ ਅੱਗੇ ਲੰਘ ਜਾਵੇਗਾ। ਉਹ ਪੂਰੇ ਕਾਲਜ ਦੇ ਵਿਦਿਆਰਥੀਆਂ ਉੱਪਰ ਪੜ੍ਹਾਈ ਦਾ ਅਜਿਹਾ ਦਬਾਅ ਪਾ ਦਿੰਦਾ ਹੈ ਕਿ ਸਾਰੇ ਵਿਦਿਆਰਥੀ ਜ਼ਬਰਦਸਤ ਦਬਾਅ ਵਿੱਚ ਜਿਉਂਦੇ ਹਨ। ਇਸੇ ਦਰਮਿਆਨ ਉੱਥੇ 'ਹਵਾ ਦੇ ਬੁੱਲ੍ਹੇ' ਵਾਂਗ ਰਣਛੋੜ ਦਾਸ ਸ਼ਿਆਮਲਦਾਸ ਚਾਂਚੜ ਉਰਫ਼ ਰੈਂਚੋ (ਆਮਿਰ ਖਾਨ) ਆਉਂਦਾ ਹੈ। ਰੈਂਚੋ ਆਉਂਦੇ ਹੀ ਸਾਰੇ ਕਾਇਦੇ-ਕਾਨੂੰਨਾਂ ਦੀਆਂ ਧੱਜੀਆਂ ਉਡਾਉਣੀਆਂ ਸ਼ੁਰੂ ਕਰ ਦਿੰਦਾ ਹੈ, ਚਾਹੇ ਉਹ ਸੀਨੀਅਰ ਵਿਦਿਆਰਥੀਆਂ ਦੁਆਰਾ ਬਣਾਏ ਹੋਣ ਜਾਂ ਫਿਰ ਖ਼ੁਦ ਸੰਸਥਾ ਦੇ ਨਿਰਦੇਸ਼ਕ ਦੁਆਰਾ। ਵੇਖਦੇ ਹੀ ਵੇਖਦੇ ਉਹ ਵਿਦਿਆਰਥੀਆਂ ਦਾ ਚਹੇਤਾ ਬਣ ਜਾਂਦਾ ਹੈ। ਫਰਹਾਨ ਕੁਰੈਸ਼ੀ (ਆਰ. ਮਾਧਵਨ) ਅਤੇ ਰਾਜੂ ਰਸਤੋਗੀ (ਸ਼ਰਮਨ ਜੋਸ਼ੀ) ਉਹਦੇ ਦੋਸਤ ਘੱਟ ਤੇ ਭਗਤ ਜ਼ਿਆਦਾ ਬਣ ਜਾਂਦੇ ਹਨ, ਭਾਵੇਂ ਇਹ ਪ੍ਰਕਿਰਿਆ ਥੋੜ੍ਹੀ ਉਤਰਾਅ-ਚੜ੍ਹਾਅ ਭਰੀ ਹੁੰਦੀ ਹੈ। ਰੈਂਚੋਂ ਦਾ ਮੰਤਰ ਹੁੰਦਾ ਹੈ 'ਆਲ ਇਜ਼ ਵੈੱਲ'' ਮਤਲਬ 'ਸਭ ਠੀਕ ਹੈ'। ਆਪਣੇ ਇਸ ਮੰਤਰ ਨਾਲ਼ ਵੇਖਦੇ ਹੀ ਵੇਖਦੇ ਉਹ ਮੁਸ਼ਕਲ ਤੋਂ ਮੁਸ਼ਕਲ ਸਮੱਸਿਆਵਾਂ ਦਾ ਹੱਲ ਚੁਟਕੀਆਂ ਵਿੱਚ ਕਰ ਦਿੰਦਾ ਹੈ। ਚਾਹੇ ਉਹ ਦੋਸਤ ਨੂੰ ਫੋਟੋਗ੍ਰਾਫਰ ਬਣਾ ਦੇਣ ਦਾ ਸਵਾਲ ਹੋਵੇ ਜਾਂ ਨੌਕਰੀ ਦਵਾ ਦੇਣ ਦਾ ਜਾਂ ਫਿਰ ਕਿਸੇ ਲੜਕੀ ਦੀ ਜ਼ਿੰਦਗੀ ਕਿਸੇ ਬੇਵਕੂਫ ਕਿਸਮ ਦੇ ਕਾਰਪੋਰੇਟ ਸਲੇਵ ਤੋਂ ਬਚਾਉਣ ਦਾ ਜਾਂ ਫਿਰ ਉਹ ਹਸਪਤਾਲ ਵਿੱਚ ਨਾ ਪਹੁੰਚ ਸਕਣ ਦੀ ਸੂਰਤ ਵਿੱਚ ਕਿਸੇ ਗਰਭਵਤੀ ਔਰਤ ਦੇ ਬੱਚਾ ਪੈਦਾ ਕਰਾਉਣ ਦਾ। ਬਸ ਤੁਸੀਂ ਬੋਲਣਾ ਹੈ — 'ਆਲ ਇਜ਼ ਵੈੱਲ' : ਤੇ ਤੁਹਾਡੀਆਂ ਸਮੱਸਿਆਵਾਂ ਚੁਟਕੀਆਂ ਵਿੱਚ ਹੱਲ!

ਇਹ ਫਿਲਮ ਸ਼ੁਰੂ ਹੁੰਦੀ ਹੈ ਇੰਜੀਨੀਅਰਿੰਗ ਕਾਲਜ ਅਤੇ ਹੋਰ ਪੇਸ਼ੇਵਰ ਕੋਰਸ ਚਲਾਉਣ ਵਾਲ਼ੇ ਸੰਸਥਾਨਾਂ ਵਿੱਚ ਵਿਦਿਆਰਥੀਆਂ ਉੱਤੇ ਮੌਜੂਦ ਵੱਖ-ਵੱਖ ਤਰਾਂ ਦੇ ਦਬਾਵਾਂ ਦੇ ਅਸਰ ਤੋਂ। ਸਾਨੂੰ ਵਿਖਾਇਆ ਜਾਂਦਾ ਹੈ ਕਿ ਕਿਸ ਤਰ੍ਹਾਂ ਪਰਿਵਾਰ ਵਾਲ਼ਿਆਂ ਦਾ ਦਬਾਅ, ਪੀਅਰ ਪ੍ਰੈਸ਼ਰ, ਸਮਾਜ ਵਿੱਚ ਕੁੱਝ ਬਣ ਵਿਖਾਉਣ ਦਾ ਦਬਾਅ, ਪੈਸਾ ਕਮਾ ਕੇ ਲਿਆਉਣ ਦਾ ਦਬਾਅ ਇੱਕ ਨੌਜਵਾਨ ਨੂੰ ਸਿੱਖਿਅਤ ਨਹੀਂ ਹੋਣ ਦਿੰਦਾ। ਸਿੱਖਿਅਤ ਹੋਣ ਦਾ ਅਰਥ ਹੈ - ਸੱਚਮੁੱਚ ਗਿਆਨੀ ਬਣਨਾ ਤੇ ਆਪਣੇ ਗਿਆਨ ਨੂੰ ਅਮਲ ਵਿੱਚ ਲਾਗੂ ਕਰਨ ਦੀ ਸਮਰੱਥਾ ਹਾਸਲ ਕਰਨਾ। ਅੱਜ ਦੀ ਸਿੱਖਿਆ ਪ੍ਰਣਾਲੀ ਸਾਨੂੰ ਕਾਬਿਲ ਤੇ ਸਿੱਖਿਅਤ ਬਣੇ ਬਗੈਰ ਕਿਸੇ ਵੀ ਤਰ੍ਹਾਂ ਨਾਲ਼ ਰੱਟਾ ਮਾਰ ਕੇ, ਘੋਟਾ ਲਾ ਕੇ ਕਾਮਯਾਬ ਬਣ ਜਾਣ ਦਾ ਰਾਹ ਵਿਖਾਉਂਦੀ ਹੈ। ਖਾਸ ਤੌਰ 'ਤੇ ਇੰਜੀਨੀਅਰਿੰਗ ਕਾਲਜਾਂ ਵਿੱਚ ਇਸ ਤਰ੍ਹਾਂ ਹੀ ਹੁੰਦਾ ਹੈ। ਇਸ ਗੱਲ ਦਾ ਵੀ ਮਜ਼ਾਕ ਉਡਾਇਆ ਗਿਆ ਹੈ ਕਿ ਇੰਜੀਨੀਅਰਿੰਗ ਕਰਨ ਤੋਂ ਬਾਅਦ ਲੋਕ ਮੈਨੇਜਮੈਂਟ ਦੀ ਪੜ੍ਹਾਈ ਕਰਦੇ ਹਨ ਤੇ ਫਿਰ ਕਿਸੇ ਅਜਿਹੀ ਨੌਕਰੀ 'ਤੇ ਲੱਗ ਜਾਂਦੇ ਹਨ ਜਿੱਥੇ ਨਾ ਤਾਂ ਇੰਜੀਨੀਅਰ ਹੋਣ ਦੀ ਕਾਬਲੀਅਤ ਕੰਮ ਆਉਂਦੀ ਹੈ ਤੇ ਨਾ ਹੀ ਮੈਨੇਜਰ ਹੋਣ ਦੀ। ਫਿਲਮ ਵਿੱਚ ਇੱਕ ਵਿਦਿਆਰਥੀ ਦੁਆਰਾ ਆਤਮਹੱਤਿਆ ਦੀ ਘਟਨਾ ਨਾਲ਼ ਇਸ ਦਬਾਅ ਦੀ ਗੰਭੀਰਤਾ ਨੂੰ ਵਿਖਾਉਣ ਦਾ ਯਤਨ ਕੀਤਾ ਗਿਆ ਹੈ। ਪਰ ਤੁਸੀਂ ਵੱਧ ਸਮੇਂ ਲਈ ਗੰਭੀਰ ਨਹੀਂ ਰਹਿੰਦੇ। ਫਿਲਮ ਤੁਹਾਨੂੰ ਇਸ ਗੱਲ ਦੀ ਇਜਾਜ਼ਤ ਨਹੀਂ ਦਿੰਦੀ। ਉਸ ਵਿਦਿਆਰਥੀ (ਜੌਏ) ਦੀ ਮੌਤ ਦੀ ਘਟਨਾ ਦੇ ਕੁੱਝ ਫਰੇਮ ਬਾਅਦ ਹੀ ਫਿਲਮ ਆਪਣੀ ਸ਼ੈਲੀ ਵਿੱਚ ਵਾਪਸ ਆ ਜਾਂਦੀ ਹੈ। ਇੰਜੀਨੀਅਰਿੰਗ ਤੇ ਪੇਸ਼ੇਵਰ ਕੋਰਸਾਂ ਦੇ ਸਿੱਖਿਆ ਦੇ ਤਰੀਕਿਆਂ ਉੱਪਰ ਟਿੱਪਣੀ ਕਰਦੇ ਹੋਏ ਇਹ ਫਿਲਮ ਕਹਿੰਦੀ ਹੈ ਕਿ ਇਹ ਸਿੱਖਿਆ ਨਹੀਂ ਹੈ ਸਗੋਂ ਟਰੇਨਿੰਗ ਹੈ। ਟਰੇਨਿੰਗ ਤਾਂ ਇੱਕ ਜਾਨਵਰ ਨੂੰ ਵੀ ਕਰਤਬ ਕਰਨਾ ਸਿਖਾ ਦਿੰਦੀ ਹੈ।

ਨਵੀਆਂ ਖੋਜਾਂ ਤੇ ਰਚਨਾਤਮਕਤਾ ਦਾ ਇਸ ਟਰੇਨਿੰਗ ਨਾਲ਼ ਕੋਈ ਰਿਸ਼ਤਾ ਨਹੀਂ। ਪਹਿਲਾਂ ਇਨਸਾਨ ਨੂੰ ਸਿੱਖਿਅਤ ਹੋਣਾ ਚਾਹੀਦਾ ਹੈ ਅਤੇ ਫਿਰ ਟਰੇਂਡ। ਜਿੱਥੋਂ ਤੱਕ ਵਿਗਿਆਨਕ ਸਿੱਖਿਆ ਦੇ ਤਰੀਕਾਕਾਰ ਦਾ ਸਵਾਲ ਹੈ, ਇਸ ਗੱਲ ਵਿੱਚ ਕੁੱਝ ਵੀ ਗਲਤ ਨਹੀਂ ਲਗਦਾ। ਮੌਜੂਦਾ ਸਿੱਖਿਆ ਪ੍ਰਣਾਲੀ ਅਤੇ ਖਾਸਕਰ ਪੇਸ਼ੇਵਰ ਸੰਸਥਾਨਾਂ ਦੀ ਸਿੱਖਿਆ-ਟਰੇਨਿੰਗ ਦੇ ਤੌਰ-ਤਰੀਕਿਆਂ ਦੀ ਅਲੋਚਨਾ ਦਾ ਇਸ ਨੂੰ ਇੱਕ ਚੰਗਾ ਕਦਮ ਕਿਹਾ ਜਾ ਸਕਦਾ ਹੈ। ਸਾਡੇ ਮਨੁੱਖੀ ਸ੍ਰੋਤ ਵਿਕਾਸ ਮੰਤਰੀ ਅਜਿਹੀ ਹੀ ਅਲੋਚਨਾ ਕਈ ਸਰਵਜਨਕ ਮੰਚਾਂ ’ਤੇ ਪਿਛਲੇ ਸਾਲ ਤੋਂ ਲਗਾਤਾਰ ਕਰਦੇ ਆ ਰਹੇ ਹਨ। ਚਾਹੇ ਇਹ ਦੱਸਵੀਂ ਦੇ ਇਮਤਿਹਾਨ ਨੂੰ ਬਦਲਵਾਂ ਬਣਾਉਣ ਦਾ ਸਵਾਲ ਹੋਵੇ ਜਾਂ ਫਿਰ ਅੰਕਾਂ ਦੀ ਥਾਂ ਗ੍ਰੇਡ ਪ੍ਰਣਾਲੀ ਲਾਗੂ ਕਰਨ ਦਾ ਸਵਾਲ ਹੋਵੇ, ਇਸ ਸਾਰੇ ਵਿੱਚ ਸਿੱਬਲ ਸਾਹਿਬ ਦੀ ਵੀ ਇਹ ਹੀ ਚਿੰਤਾ ਨਜ਼ਰ ਆਉਂਦੀ ਹੈ – ਬੱਚਿਆਂ ਤੋਂ ਦਬਾਅ ਹਟਾਓ! ਠੀਕ ਗੱਲ ਹੈ। ਪਰ ਪਹਿਲਾ ਸਵਾਲ ਇਹ ਹੈ ਕਿ ਕੀ ਇਹ ਸਾਡੇ ਸਮਾਜ ਅਤੇ ਉਸਦੀ ਸਿੱਖਿਆ ਦੇ ਤਰੀਕਾਕਾਰ ਦਾ ਪ੍ਰਤੀਨਿੰਧਕ ਯਥਾਰਥ ਹੈ? ਜਿਸ ਦੇਸ਼ ਵਿੱਚ 77 ਪ੍ਰਤੀਸ਼ਤ ਅਬਾਦੀ 20 ਰੁਪਏ ਪ੍ਰਤੀ ਦਿਨ ਜਾਂ ਉਸ ਤੋਂ ਵੀ ਘੱਟ ਦੀ ਆਮਦਨੀ ’ਤੇ ਗੁਜ਼ਾਰਾ ਕਰ ਰਹੀ ਹੋਵੇ, ਜਿਸ ਸਮਾਜ ਵਿੱਚ 46 ਪ੍ਰਤੀਸ਼ਤ ਬੱਚੇ ਕੁਪੋਸ਼ਣ ਅਤੇ ਭੁੱਖਮਰੀ ਦਾ ਸ਼ਿਕਾਰ ਹੋਣ, ਜਿਸ ਦੇਸ਼ ਵਿੱਚ ਉੱਚ ਸਿੱਖਿਆ ਤੱਕ ਪਹੁੰਚਣ ਵਾਲ਼ਿਆਂ ਦੀ ਸੰਖਿਆ ਕੁੱਲ ਅਬਾਦੀ ਦਾ 7 ਪ੍ਰਤੀਸ਼ਤ ਹੋਵੇ। ਉੱਥੇ ਇੰਜੀਨੀਅਰਿੰਗ ਕਾਲਜ ਵਿੱਚ ਪਹੁੰਚਣ ਵਾਲ਼ਿਆਂ ਲਈ ਸਿੱਖਿਆ ਢਾਂਚੇ ਦੇ ਗਲਤ ਤਰੀਕਾਕਾਰ ਦਾ ਸਵਾਲ ਪ੍ਰਤੀਨਿੰਧਕ ਸਵਾਲ ਨਹੀਂ ਹੋ ਸਕਦਾ। ਅੱਜ ਪ੍ਰਤਿਨਿੰਧ ਸਵਾਲ ਤਾਂ ਇਹ ਹੈ ਕਿ ਉੱਚ ਸਿੱਖਿਆ ਲਈ ਯੋਗ ਕੁੱਲ ਅਬਾਦੀ ਦਾ ਮਹਿਜ 7 ਪ੍ਰਤੀਸ਼ਿਤ ਹੀ ਕਿਉਂ ਉੱਚ ਸਿੱਖਿਆ ਹਾਸਲ ਕਰਦਾ ਹੈ? ਪੇਸ਼ਾਗਤ ਸੰਸਥਾਵਾਂ ਤੱਕ ਇਸ ਯੋਗ ਅਬਾਦੀ ਦਾ ਜੇਕਰ 1 ਪ੍ਰਤੀਸ਼ਤ ਵੀ ਨਹੀਂ ਪਹੁੰਚਦਾ ਹੈ ਤਾਂ ਅਜਿਹਾ ਕਿਉਂ ਹੈ? ਕੀ ਬਾਕੀ ਸਾਰੇ ਅਯੋਗ ਤੇ ਨਕਾਰਾ ਹਨ? ਨਹੀਂ ਨਿਸ਼ਚਤ ਤੌਰ ’ਤੇ ਨਹੀਂ। ਕਾਰਨ ਇਹ ਹੈ ਕਿ ਮੁਨਾਫਾ-ਕੇਂਦਰਤ ਪੂੰਜੀਵਾਦੀ ਢਾਂਚਾ ਕਦੇ ਵੀ ਯੋਗਤਾ ਦੀ ਸਹੀ ਪਹਿਚਾਣ ਕਰ ਹੀ ਨਹੀਂ ਸਕਦਾ। ਛਾਂਟ ਦਿੱਤੇ ਗਏ ਲੋਕ ਰਿਵਾਇਤੀ ਯੂਨੀਵਰਸਿਟੀਆਂ ਤੋਂ ਸਿੱਖਿਆ ਹਾਸਿਲ ਕਰਨ ਲਈ ਮਜਬੂਰ ਹੁੰਦੇ ਹਨ ਅਤੇ ਜਿਹੜੇ ਯੂਨੀਵਰਸਿਟੀਆਂ ਦੀ ਸਿੱਖਿਆ ਦਾ ਖਰਚ ਵੀ ਨਹੀਂ ਚੁੱਕ ਸਕਦੇ ਉਹ ਆਈ. ਟੀ. ਆਈ., ਪੋਲੀਟੈਕਨਿਕ ਵਿੱਚ ਦਾਖਲਾ ਲੈ ਕੇ ਕੁਸ਼ਲ ਮਜ਼ਦੂਰਾਂ ਦੀ ਬੇਰੋਜ਼ਗਾਰ ਜਮਾਤ ਵਿੱਚ ਸ਼ਾਮਲ ਹੋ ਜਾਂਦੇ ਹਨ ਅਤੇ ਜਿਹੜੇ ਉਥੋਂ ਤੱਕ ਵੀ ਨਹੀਂ ਪਹੁੰਚ ਸਕਦੇ ਉਹ ਅੱਠਵੀਂ, ਦੱਸਵੀਂ ਪਾਸ ਕਰਨ ਪਿੱਛੋਂ ਸਿੱਖਿਆ ਛੱਡ ਰੋਜ਼ੀ-ਰੋਟੀ ਕਮਾਉਣ ਲਈ ਜੱਦੋ-ਜਹਿਦ ਵਿੱਚ ਲੱਗ ਜਾਂਦੇ ਹਨ ਅਤੇ ਬਾਕੀ ਦੀ ਅਬਾਦੀ ਜਹਾਲਤ ਦੇ ਹਨੇਰੇ ਵਿੱਚ ਭਟਕਣ ਲਈ ਮਜਬੂਰ ਹੁੰਦੀ ਹੈ ਅਤੇ ਇਹ ਬਹੁ-ਗਿਣਤੀ ਅਬਾਦੀ ਹੈ। ਇਸ ਮਸਲੇ ’ਤੇ ਫਿਲਮ ਇੱਕ ਖ਼ਤਰਨਾਕ ਗੱਲ ਕਰਦੀ ਨਜ਼ਰ ਆਉਂਦੀ ਹੈ। ਆਮਿਰ ਖਾਨ (ਰੈਂਚੋ) ਹੋਸਟਲ ਵਿੱਚ ਲੜਕਿਆਂ ਲਈ ਕੱਪੜੇ ਪ੍ਰੈਸ ਕਰਦੇ, ਆਂਡੇ, ਦੁੱਧ ਲਿਆਉਣ ਵਾਲ਼ੇ ਇੱਕ ਬੱਚੇ ਨੂੰ ਸੁਝਾਅ ਦਿੰਦੇ ਹਨ ਕਿ ਪੜ੍ਹਨ ਲਈ ਪੈਸਿਆਂ ਜਾਂ ਸਕੂਲ ਵਿੱਚ ਦਾਖਲੇ ਦੀ ਜ਼ਰੂਰਤ ਥੋੜਾ ਹੁੰਦੀ ਹੈ। ਬਸ ਵਰਦੀ ਦੀ ਜ਼ਰੂਰਤ ਹੁੰਦੀ ਹੈ। ਵਰਦੀ ਪਾਕੇ ਕਿਸੇ ਵੀ ਕਲਾਸ ਵਿੱਚ ਬੈਠ ਜਾਵੋ ਤੇ ਗਿਆਨ ਹਾਸਲ ਕਰੋ ਜਿਹੜਾ ਇੱਧਰ-ਉੱਧਰ ਖਿੱਲਰਿਆ ਪਿਆ ਹੈ! ਜਦੋਂ ਫੜੇ ਜਾਵੋ ਤਾਂ ਵਰਦੀ ਤੇ ਸਕੂਲ ਬਦਲ ਦੇਵੋ! ਅਜਿਹੇ ਰਚਨਾਤਮਕ ‘ਸੁਝਾਵਾਂ ਨਾਲ਼’ ਇਹ ਫਿਲਮ ਇਸ ਗੱਲ ਨੂੰ ਗੋਲ਼ ਕਰ ਜਾਂਦੀ ਹੈ ਕਿ ਸਿੱਖਿਆ ਤਾਂ ਰਾਜ ਦਾ ਫਰਜ਼ ਹੈ ਅਤੇ ਜੇਕਰ ਉਹ ਅਜਿਹਾ ਨਹੀਂ ਕਰਦਾ ਤਾਂ ਉਸ ਨੂੰ ਕਟਿਹਰੇ ਵਿੱਚ ਖੜ੍ਹਾ ਕੀਤਾ ਜਾਣਾ ਚਾਹੀਦਾ ਹੈ। ਜੇਕਰ ਤੁਸੀਂ ਪੜ੍ਹ ਨਹੀਂ ਸਕਦੇ ਤਾਂ ਤੁਹਾਡੇ ਵਿੱਚ ਰਚਨਾਤਮਕਤਾ ਦੀ ਕਮੀ ਹੈ ਕਿ ਤੁਹਾਡੇ ਦਿਮਾਗ ਵਿੱਚ ਅਜਿਹਾ ਵਿਚਾਰ ਨਹੀਂ ਆਇਆ। ਜੇਕਰ ਇਸ ਦੇਸ਼ ਦੇ 50 ਫੀਸਦੀ ਬੱਚੇ ਇਹ ਹੀ ਵਿਚਾਰ ਅਪਨਾਉਣ ਲੱਗਣ ਤਾਂ ਕੀ ਹੋਵੇਗਾ ਇਸ ਦੀ ਕਲਪਨਾ ਦਾ ਕੰਮ ਅਸੀਂ ਫਿਲਮ ਦੇ ਨਿਰਦੇਸ਼ਕ ਉੱਪਰ ਛੱਡ ਦਿੰਦੇ ਹਾਂ। ਪਰ ਫਿਲਮ ਕਿਸੇ ਵੀ ਕੀਮਤ ਉੱਤੇ ਸਰਕਾਰ ਅਤੇ ਸਿਸਟਮ ਨੂੰ ਨਿਸ਼ਾਨਾ ਨਹੀਂ ਬਣਾਉਣਾ ਚਾਹੁੰਦੀ। ਉਹ ਬਸ ਇੰਜੀਨੀਅਰਿੰਗ ਕਾਲਜ ਵਿੱਚ ਸਿੱਖਿਆ ਦੇ ਤਰੀਕਾਕਾਰ ਦੀ ਅਲੋਚਨਾ ਕਰਦੀ ਹੈ, ਉਹ ਵੀ ਬਿਨਾਂ ਕਿਸੇ ਨਿਸ਼ਚਿਤ ਉਦੇਸ਼ ਤੇ ਨਤੀਜੇ ਦੇ। ਸਿੱਖਿਆ ਪ੍ਰਣਾਲੀ ਦੀ ਆਪਣੀ ਇਸ ਅਲੋਚਨਾ ਦੇ ਬਾਵਜੂਦ ਇਸ ਫਿਲਮ ਦਾ ਇਸ ਦੇਸ਼ ਦੀ ਬਹੁਗਿਣਤੀ ਨੌਜਵਾਨ ਅਬਾਦੀ ਦੀ ਸਮੱਸਿਆ ਨਾਲ਼ ਕੋਈ ਲੈਣ-ਦੇਣ ਨਹੀਂ ਹੈ। ਇਹ ਉੱਚ ਮੱਧਵਰਗ ਤੇ ਮੱਧਵਰਗੀ ਨੌਜਵਾਨਾਂ ਵਿੱਚੋਂ ਉਹਨਾਂ ਦੇ ਦਰਦ ਦੀ ਗੱਲ ਕਰਦੀ ਹੈ ਜਿਹੜੇ ਔਖੇ ਸੌਖੇ ਇੰਜੀਨੀਅਰਿੰਗ ਕਾਲਜ ਵਰਗੀਆਂ ਉੱਚ ਸੰਸਥਾਵਾਂ ਵਿੱਚ ਪਹੁੰਚ ਜਾਂਦੇ ਹਨ ਤੇ ਸਮਾਜ, ਪਰਿਵਾਰ ਤੇ ਸਾਥੀਆਂ ਦੇ ਦਬਾਅ ਥੱਲੇ ਦੱਬ ਜਾਂਦੇ ਹਨ।

ਦੂਜਾ ਸਵਾਲ ਇਸ ਤੋਂ ਵੀ ਮਹੱਤਵਪੂਰਨ ਹੈ। ਪੂੰਜੀਵਾਦੀ ਸਿੱਖਿਆ-ਪ੍ਰਣਾਲੀ ਦੀਆਂ ਅਜਿਹੀਆਂ ਅਲੋਚਨਾਵਾਂ ਪੂੰਜੀਵਾਦ ਨੂੰ ਮਜ਼ਬੂਤ ਕਰਨ ਦਾ ਹੀ ਕੰਮ ਕਰਦੀਆਂ ਹਨ। ਕਿਉਂਕਿ ਉਹ ਪੂਰੀ ਪ੍ਰਣਾਲੀ ’ਤੇ ਸਵਾਲ ਨਹੀਂ ਉਠਾਉਂਦੀਆਂ। ਅਜਿਹੀਆਂ ਅਲੋਚਨਾਵਾਂ ਪੂੰਜੀਵਾਦੀ ਪ੍ਰਬੰਧ ਦੀ ਹੇਜਮਨੀ ਨੂੰ ਪੂਰਨ ਬਣਾਉਣ ਦਾ ਕੰਮ ਕਰਦੀਆਂ ਹਨ। ਪੂੰਜੀਵਾਦੀ ਪ੍ਰਬੰਧ ਆਪਣੇ ਸੱਭਿਆਚਾਰਕ ਤੇ ਵਿਚਾਰਕ ਮਾਧਿਅਮਾਂ ਰਾਹੀਂ ਆਪਣੀ ਹੀ ਅਲੋਚਨਾ ਕਰਵਾਉਂਦਾ ਹੈ। ਅਜਿਹਾ ਆਪ-ਮੁਹਾਰੇ ਹੀ ਹੁੰਦਾ ਹੈ। ਇਸ ਲਈ ਕਿਸੇ ਮੰਤਰੀ ਨੂੰ ਕਿਸੇ ਫਿਲਮ ਨਿਰਦੇਸ਼ਕ, ਸੰਗੀਤਕਾਰ ਜਾਂ ਚਿੱਤਰਕਾਰ ਦੀ ਕਲਾਸ ਲੈਣ ਦੀ ਲੋੜ ਨਹੀਂ ਪੈਂਦੀ ਹੈ। ਇਹੀ ਹੇਜਮਨੀ ਦੀ ਪੂਰੀ ਮਸ਼ੀਨਰੀ ਦਾ ਢਾਂਚਾ ਹੁੰਦਾ ਹੈ। ਉਸਦੀ ਕਾਰਜਪ੍ਰਣਾਲੀ ਕਾਫੀ ਹੱਦ ਤੱਕ ਖੁਦ-ਮੁਖਤਿਆਰ ਹੋ ਜਾਂਦੀ ਹੈ। ਉਹਦੇ ਵਿੱਚ ਹਮੇਸ਼ਾ ਰਾਜ ਦੀ ਦਖਲ ਅੰਦਾਜ਼ੀ ਦੀ ਜ਼ਰੂਰਤ ਨਹੀਂ ਪੈਂਦੀ। ਨਾਗਰਿਕ ਸਮਾਜ ਵਿੱਚ ਮੌਜੂਦ ਰਾਜਸੱਤਾ ਦੇ ਸਮਾਜਿਕ ਥੰਮ ਇਸ ਕੰਮ ਨੂੰ ਆਪ ਹੀ ਅੰਜਾਮ ਦਿੰਦੇ ਹਨ। ਸੁਧਾਰਵਾਦ ਇਹਨਾਂ ਕੰਮਾਂ ਨੂੰ ਅੰਜਾਮ ਦੇਣ ਦੀ ਹੀ ਵਿਚਾਰਧਾਰਾ ਹੈ। ਆਮਿਰ ਖਾਨ ਦੀਆਂ ਪਿਛਲੀਆਂ ਕੁੱਝ ਫਿਲਮਾਂ ਤੇ ਰਾਜਕੁਮਾਰ ਹੀਰਾਨੀ

ਦੀ ਮੁੰਨਾਭਾਈ ਸੀਰੀਜ਼ ਇੰਨ੍ਹਾ ਕੰਮਾਂ ਨੂੰ ਹੀ ਅੰਜਾਮ ਦਿੰਦੀਆਂ ਹਨ। ਇਹਨਾਂ ਫਿਲਮਾਂ ਦਾ ਕੰਮ ਇੱਕ ਸੇਫਟੀ ਵਾਲਵ ਦਾ ਹੁੰਦਾ ਹੈ। ਇਹਨਾਂ ਨੂੰ ਵੇਖ ਕੇ ਦਰਸ਼ਕਾਂ ਦਾ ਅਵਚੇਤਨ ਮਨ ਆਪਣੇ (ਤਬਦੀਲੀਕਾਰੀ ਤੇ ਰਚਨਾਤਮਕ ਰੂਪ 'ਚ ਤਬਾਹਕੁਨ) ਦਬਾਅ ਨੂੰ ਇੱਕ ਹੱਦ ਤੱਕ ਗਵਾ ਦਿੰਦਾ ਹੈ। ਸਾਨੂੰ ਲੱਗਦਾ ਹੈ ਕਿ 'ਹਾਂ ਮੁਸ਼ਕਲਾਂ ਤਾਂ ਹਨ! ਪ੍ਰਬੰਧ ਵੀ ਆਤਮ-ਅਲੋਚਨਾਤਮਕ ਹੈ। ਉਹ ਕੋਸ਼ਿਸ਼ਾਂ ਤਾਂ ਕਰ ਹੀ ਰਿਹਾ ਹੈ ਕਮੀਆਂ ਨੂੰ ਦੂਰ ਕਰਨ ਦੀਆਂ। ਪਰ ਦੇਖੋ, ਇੱਕ ਦਿਨ ਵਿੱਚ ਬਦਲਾਅ ਤਾਂ ਨਹੀਂ ਹੋ ਸਕਦਾ! ਇਸ ਲਈ ਇਸੇ ਸੁਧਾਰ ਦੀ ਪ੍ਰਕਿਰਿਆ ਨੂੰ ਤੇਜ਼ ਕਰਨ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ। ਪਰ ਇਸ ਤਰ੍ਹਾਂ ਦੀਆਂ ਸਾਰੀਆਂ ਕੋਸ਼ਿਸ਼ਾਂ ਇਸ ਪ੍ਰਬੰਧ ਦੀ ਉਮਰ ਨੂੰ ਲੰਮਾ ਕਰਦੀਆਂ ਹਨ। ਇਕਬਾਲ ਤੇ ਆਤਮ-ਅਲੋਚਨਾ ਨਾਲ਼ ਸਮੱਸਿਆਵਾਂ ਹਲ ਨਹੀਂ ਹੁੰਦੀਆਂ। ਪਰ ਲੋਕਾਂ ਦੇ ਦਿਮਾਗ ਵਿੱਚ ਇਸ ਪ੍ਰਬੰਧ ਦੇ ਸੰਵੇਦਨਸ਼ੀਲ ਹੋਣ ਦਾ ਭਰਮ ਜ਼ਰੂਰ ਪਲਣ ਲੱਗਦਾ ਹੈ। ਚਾਹੇ ਉਹ ਕਪਿਲ ਸਿੱਬਲ ਦਾ ਸਿੱਖਿਆ ਪ੍ਰਣਾਲੀ ਦੀਆਂ ਕਮੀਆਂ 'ਤੇ ਸਿਆਪਾ ਹੋਵੇ ਜਾਂ 'ਥ੍ਰੀ ਇਡੀਅਟਸ' ਵਰਗੀਆਂ ਫਿਲਮਾਂ ਦੀ ਮਰੀਅਲ ਅਲੋਚਨਾ, ਇਹਨਾਂ ਸਾਰਿਆਂ ਦਾ ਉਦੇਸ਼ ਪ੍ਰਬੰਧ ਦੀ ਹੇਜਮਨੀ ਨੂੰ ਵਧਾਉਣਾ ਹੈ। ਲੋਕਾਂ ਦੇ ਦਿਮਾਗਾਂ ਵਿੱਚ ਹਕੂਮਤ ਕਰਨ ਦੀ ਸਹਿਮਤੀ, ਪ੍ਰਬੰਧ ਸਿਰਫ਼ ਚੋਣਾਂ ਦੁਆਰਾ ਹੀ ਨਹੀਂ ਲੈਂਦਾ, ਸਗੋਂ ਇਸ ਤੋਂ ਜ਼ਿਆਦਾ ਕਾਰਗਰ ਤੇ ਦੂਰ-ਰਸ ਤਰੀਕੇ ਕਲਾਤਮਕ ਹੁੰਦੇ ਹਨ। ਨਾ ਤਾਂ ਕਪਿਲ ਸਿੱਬਲ ਤੇ ਨਾ ਹੀ ਆਮਿਰ ਖਾਨ ਜਾਂ ਰਾਜਕੁਮਾਰ ਹੀਰਾਨੀ ਇਸ ਸਿੱਖਿਆ ਪ੍ਰਣਾਲੀ ਵਿੱਚ ਮੌਜੂਦ ਗਲ਼ਾ ਵੱਢ ਮੁਕਾਬਲੇ ਨੂੰ ਦੂਰ ਕਰ ਸਕਦੇ ਹਨ। ਇਹ ਸਵਾਲ ਪੂਰੇ ਪ੍ਰਬੰਧ ਨਾਲ਼ ਜੁੜਿਆ ਹੋਇਆ ਹੈ। ਜਿਸ ਸਮਾਜ ਤੇ ਪ੍ਰਬੰਧ ਵਿੱਚ ਅਸੀਂ ਜਿਉਂ ਰਹੇ ਹਾਂ ਉਸ ਦਾ ਅਸੂਲ ਹੀ ਸਮਾਜਿਕ-ਡਾਰਵਿਨਵਾਦ ਹੈ। ਮਤਲਬ, ਯੋਗਤਮ ਦਾ ਬਚਾਅ, ਹੋਰ ਕਹਿਣ ਦੀ ਲੋੜ ਨਹੀਂ ਹੈ। ਕਿ ਯੋਗਤਮ ਦੀ ਯੋਗਤਾ ਅਨੁਵੰਸ਼ਕ ਨਹੀਂ ਹੈ ਸਗੋਂ ਮੰਡੀ ਵਿੱਚ ਵਿਕਦੀ ਹੈ। ਇਥੇ ਸਭ ਕੁੱਝ ਮੰਡੀ ਵਿੱਚ ਵਿਕਦਾ ਹੈ। ਕਾਮਯਾਬੀ ਵੀ ਤੇ ਕਾਬਲੀਅਤ ਵੀ। ਤੁਸੀਂ ਇਸ ਨੂੰ ਵੱਖ-ਵੱਖ ਵੀ ਖਰੀਦ ਸਕਦੇ ਹੋ, ਇਕੱਠੇ ਵੀ, ਮੁੱਖ ਗੱਲ 'ਖਰੀਦ-ਸ਼ਕਤੀ' ਦੀ ਹੁੰਦੀ ਹੈ।

ਚਲਦੇ-ਚਲਦੇ ਫਿਲਮ ਸਾਰੀਆਂ ਚੀਜ਼ਾਂ 'ਤੇ ਬਿਆਨਬਾਜ਼ੀ ਕਰਦੀ ਹੈ। ਇਸ ਵਿੱਚ ਵੀਰੂ ਸਹਿਸਰਬੁੱਧੇ (ਬੋਮਨ ਇਰਾਨੀ) ਦਾ ਕਿਰਦਾਰ ਵਾਰ-ਵਾਰ ਇਸ ਪ੍ਰਬੰਧ ਦੀ ਸੱਚਾਈ ਨੂੰ ਪੇਸ਼ ਕਰਦਾ ਹੈ। ਪਰ ਉਹ ਇਸ ਫਿਲਮ ਦਾ ਪ੍ਰਤਿ-ਸੰਦੇਸ਼ ਹੈ। ਮਿਸਾਲ ਦੇ ਤੌਰ 'ਤੇ, ਉਸ ਦਾ ਇਹ ਕਹਿਣਾ ਕਿ ਜ਼ਿੰਦਗੀ ਇੱਕ ਦੌੜ ਹੈ ਅਤੇ ਤੇਜ਼ ਨਹੀਂ ਭੱਜੋਗੇ ਤਾਂ ਪਿੱਛੇ ਵਾਲ਼ਾ ਤੁਹਾਨੂੰ ਲਤਾੜ ਕੇ ਅੱਗੇ ਨਿੱਕਲ ਜਾਵੇਗਾ। ਜੀ ਹਾਂ, ਇਹ ਪੂੰਜੀਵਾਦੀ ਸਮਾਜ ਵਿੱਚ ਜੀਵਨ ਦੀ ਸੱਚਾਈ ਹੈ। ਅੱਗੇ ਨਿਕਲਣਾ ਹੀ ਮੁੱਖ ਹੈ, ਸਹੀ ਤਰੀਕੇ ਨਾਲ਼ ਜਾਂ ਗਲਤ ਤਰੀਕੇ ਨਾਲ਼। ਇੰਜੀਨੀਅਰਿੰਗ ਕਾਲਜ ਵਿੱਚ ਚੁਣੇ ਜਾਣ ਨੂੰ ਵੀ ਉਹ ਸਹੀ ਰੂਪ ਨਾਲ਼ ਸਮਝਾਉਂਦਾ ਹੈ। ਕੋਇਲ ਦਾ ਬੱਚਾ ਦੂਜੇ ਪੰਛੀਆਂ ਦੇ ਆਲ੍ਹਣੇ ਵਿੱਚ ਜਨਮ ਲੈਂਦਾ ਹੈ ਤੇ ਪੈਦਾ ਹੁੰਦੇ ਹੀ ਉਹ ਉਸ ਪੰਛੀ ਦੇ ਆਂਡਿਆਂ ਨੂੰ ਸੁੱਟ ਦਿੰਦਾ ਹੈ। ਜੀਵਨ ਕਤਲ ਨਾਲ਼ ਸ਼ੁਰੂ ਹੁੰਦਾ ਹੈ। ਵੱਖ-ਵੱਖ ਜੀਵਾਂ ਦੇ ਸੰਘਰਸ਼ ਵਿੱਚ ਉੱਤਮ ਤੇ ਵਧੀਆ ਹੀ ਜਿਉਂਦੇ ਰਹਿੰਦੇ ਹਨ। ਪਰ ਪੂੰਜੀਵਾਦ ਅਲੱਗ-ਅਲੱਗ ਜਮਾਤਾਂ ਦੇ ਘੋਲ਼ ਨੂੰ ਮਨੁੱਖੀ ਨਸਲ ਦੇ ਵਿੱਚ ਹੀ ਲਾਗੂ ਕਰ ਕੇ ਉੱਤਮ ਤੇ ਢੁੱਕਵੇਂ ਨੂੰ ਇੱਕ ਵੱਖ ਨਸਲ ਬਣਾ ਦਿੰਦਾ ਹੈ, ਉਹਨਾਂ ਵਿਚਕਾਰ ਇੱਕ ਗਲ਼ਾ-ਵੱਢ ਮੁਕਾਬਲਾ ਆਯੋਜਤ ਕਰਵਾਉਂਦਾ ਹੈ। ਡਾਰਵਿਨ ਦਾ ਸਿਧਾਂਤ ਇੰਟਰ-ਸਪੀਸੀਜ਼ ਵਿਸ਼ਲੇਸ਼ਣ ਲਈ ਹੈ, ਇੰਟਰ-ਸਪੀਸੀਜ਼ ਦੇ ਲਈ ਨਹੀਂ। ਪਰ ਪੂੰਜੀਵਾਦ ਉਸ ਦਾ ਇਹੋ ਇਸਤੇਮਾਲ ਕਰ ਸਕਦਾ ਹੈ। ਇਹ ਹੀ ਪੂੰਜੀ ਦਾ ਨਿਯਮ ਹੈ। ਵੱਡੀ ਮੱਛੀ ਛੋਟੀ ਮੱਛੀ ਨੂੰ ਖਾਂਦੀ ਹੈ। ਇਹ ਤਾਂ ਅਸੀਂ ਸਭ ਜਾਣਦੇ ਹਾਂ ਕਿ ਉੱਤਮਤਾ ਮੰਡੀ ਵਿੱਚ ਵਿਕਦੀ ਹੈ, ਅਨੁਵੰਸ਼ਕ ਨਹੀਂ ਹੁੰਦੀ। ਉਲੰਪਿਕ ਵਿੱਚ ਸੋਨ ਤਮਗਾ ਜੇਤੂ ਅਭਿਨਵ ਬਿੰਦਰਾ ਨੇ ਇਸ ਨੂੰ ਬਹੁਤ ਸਹੀ ਤਰੀਕੇ ਨਾਲ਼ ਦੱਸਿਆ ਸੀ। ਬਿੰਦਰਾ ਨੇ ਕਿਹਾ ਸੀ ਕਿ ਉਸ ਦੀ ਟਰੇਨਿੰਗ 'ਤੇ ਕਰੋੜਾਂ ਰੁਪਏ ਖਰਚ ਕੀਤੇ ਗਏ ਇਸ ਲਈ ਉਹ ਇੰਨਾ ਵਧੀਆ ਨਿਸ਼ਾਨੇਬਾਜ਼ ਬਣ ਸਕਿਆ। ਜੇਕਰ ਦੇਸ਼ ਦੇ ਸਾਰੇ ਨੌਜਵਾਨਾਂ ਨੂੰ ਅਜਿਹੀ ਸਿੱਖਿਆ ਮਿਲ਼ੇ ਤਾਂ ਉਲੰਪਿਕ ਦੀ ਮੈਡਲ ਸੂਚੀ ਵਿੱਚ ਭਾਰਤ ਪਹਿਲੇ ਸਥਾਨ 'ਤੇ ਵੀ ਪਹੁੰਚ ਸਕਦਾ ਹੈ। ਪਰ ਸਪੱਸ਼ਟ ਤੌਰ 'ਤੇ ਇੱਕ ਪੂੰਜੀਵਾਦੀ ਪ੍ਰਬੰਧ ਤੇ ਸਮਾਜ ਵਿੱਚ ਇਹ ਸੰਭਵ ਨਹੀਂ ਹੈ। ਵੀਰੂ ਸਹਿਸਰਬੁੱਧੇ ਇੱਕ ਅਲੱਗ ਥਾਂ ਇੱਕ ਹੋਰ ਸਹੀ ਗੱਲ ਕਹਿੰਦਾ ਹੈ। ਉਹ ਫਰਹਾਨ ਤੇ ਰਾਜੂ ਰਸਤੋਗੀ ਨੂੰ ਆਪਣੇ ਕਮਰੇ ਵਿੱਚ ਸੱਦ ਕੇ ਕਹਿੰਦਾ ਹੈ ਕਿ ਤੁਹਾਡੇ ਵਿੱਚੋਂ ਇੱਕ ਮੱਧ-ਵਰਗ 'ਚੋਂ ਆਉਂਦਾ ਹੈ ਤੇ ਇੱਕ ਨਿਮਨ ਮੱਧ-ਵਰਗ ਵਿੱਚੋਂ। ਤੁਹਾਡੇ ਲਈ ਇਹ ਚਿੰਤਾ ਦਾ ਵਿਸ਼ਾ ਹੈ। ਇਸ ਲਈ ਰੈਂਚੋ ਦੀ 'ਆਲ ਇਜ਼ ਵੈਲ' ਫਿਲਾਸਫੀ ਤੁਸੀਂ ਅਪਣਾ ਨਹੀਂ ਸਕਦੇ। ਤੁਹਾਡੇ ਲਈ ਸਭ ਕੁੱਝ ਠੀਕ ਨਹੀਂ ਹੈ। ਪਰ ਰੈਂਚੋ ਫਿਲਮ ਦਾ ਹੀਰੋ ਹੈ, ਇਸ ਲਈ ਉਸ ਦਾ ਦਰਸ਼ਨ ਗਲਤ ਕਿਵੇਂ ਹੋ ਸਕਦਾ ਹੈ! ਅੰਤ ਵਿੱਚ ਰਾਜੂ ਰਸਤੋਗੀ ਨੂੰ ਇੱਕ ਬੁੱਧੀਮਾਨ ਵਿਦਿਆਰਥੀ ਨਾ ਹੋਣ ਦੇ ਬਾਵਜੂਦ ਤੇ ਆਪਣੇ ਇੰਜੀਨੀਅਰਿੰਗ ਕਾਲਜ ਵਿੱਚੋਂ ਕੁੱਝ ਸਮੇਂ ਲਈ ਕੱਢੇ ਜਾਣ ਦੇ ਬਾਵਜੂਦ ਇੱਕ ਬਹੁ-ਕੌਮੀ ਕੰਪਨੀ ਵਿੱਚ ਨੌਕਰੀ ਮਿਲ਼ ਜਾਂਦੀ ਹੈ। ਬਹੁਕੌਮੀ ਕੰਪਨੀ ਦਾ ਇੰਟਰਵਿਊ ਬੋਰਡ ਤਾਂ ਇੱਕਦਮ ਫਰਿਸ਼ਤਿਆਂ ਵਰਗਾ ਹੈ! ਉਹ ਰਾਜੂ ਰਸਤੋਗੀ ਦੀ ਇਮਾਨਦਾਰੀ ਤੇ ਸੱਚਾਈ ਤੇ ਫ਼ਿਦਾ ਹੋ ਜਾਂਦਾ ਹੈ! ਹੁਣ ਜਿਨ੍ਹਾਂ ਨੇ ਕਾਰਪੋਰੇਟ-ਦੁਨੀਆਂ ਦੇ ਧੰਨਪਸ਼ੂਆਂ ਨੂੰ ਦੇਖਿਆ ਹੈ, ਉਹ ਚੰਗੀ ਤਰ੍ਹਾਂ ਜਾਣਦੇ ਹਨ ਕਿ ਅਸਲੀਅਤ ਵਿੱਚ ਅਜਿਹੀ ਇੰਟਰਵਿਊ ਦਿੱਤੇ ਜਾਣ ਤੋਂ ਬਾਅਦ ਰਾਜੂ ਰਸੋਗੀ ਨਾਲ਼ ਕੀ ਸਲੂਕ ਕੀਤਾ ਜਾਂਦਾ! ਦੂਜੇ ਪਾਸੇ, ਫਰਹਾਨ ਕੁਰੈਸ਼ੀ ਇੰਜੀਨੀਅਰ ਨਹੀਂ ਬਣਨਾ ਚਾਹੁੰਦਾ ਤੇ ਉਹ ਜੋ ਬਣਨਾ ਚਾਹੁੰਦਾ ਹੈ ਬਣ ਜਾਂਦਾ ਹੈ! ਨਹੀਂ ਬਣਦੇ ਤਾਂ ਬਾਬਾ ਰਣ-ਛੋੜਦਾਸ ਦਾ ਦਰਸ਼ਨ ਗਲਤ ਨਾ ਹੋ ਜਾਂਦਾ? ਸੋ ਫਿਲਮ ਵਿੱਚ ਤਾਂ ਇਹ ਹੋਣਾ ਹੀ ਸੀ! ਪਰ ਅਸੀਂ ਸਾਰੇ ਜਾਣਦੇ ਹਾਂ ਕਿ ਅਸਲੀ ਜੀਵਨ ਵਿੱਚ ਅਜਿਹਾ ਹੁੰਦਾ ਤਾਂ ਸਮਾਜ ਦੇ ਨੌਜਵਾਨਾਂ ਵਿੱਚ ਇੰਨੀ ਨਿਰਾਸ਼ਾ ਦਾ ਮਾਹੌਲ ਨਾ ਹੁੰਦਾ।

ਫਿਲਮ ਗਰੀਬੀ ਅਤੇ ਲਿੰਗ ਦੇ ਸਵਾਲਾਂ ਨੂੰ ਲੈ ਕਿ

ਕਾਫ਼ੀ ਸੰਵੇਦਨਹੀਣਤਾ ਦਿਖਾਉਂਦੀ ਹੈ। ਰਾਜੂ ਰਸਤੋਗੀ ਇੱਕ ਉਜੜੇ ਨਿਮਨ ਮੱਧ-ਵਰਗੀ ਪਰਿਵਾਰ ਵਿੱਚੋਂ ਆਉਂਦਾ ਹੈ। ਉਸ ਦੇ ਪਰਿਵਾਰ ਦੇ ਮਾਹੌਲ ਦਾ ਚਿਤਰਣ ਘਟੀਆ ਸੰਵੇਦਨਹੀਣਤਾ ਨਾਲ਼ ਕੀਤਾ ਗਿਆ ਹੈ। ਉਸ ਦੇ ਪਰਿਵਾਰ ਦਾ ਦ੍ਰਿਸ਼ ਆਉਂਦੇ ਹੀ ਫਿਲਮ ਬਲੈਕ ਐਂਡ ਵਾਈਟ ਵਿੱਚ ਬਦਲ ਜਾਂਦੀ ਹੈ। ਉਸ ਦੇ ਅਧਰੰਗ ਮਾਰੇ ਰਿਟਾਇਰਡ ਪਿਓ ਤੋਂ ਲੈ ਕੇ, ਉਸ ਦੀ ਗਰੀਬੀ ਤੋਂ ਤੰਗਹਾਲ ਮਾਂ ਅਤੇ ਉਦੇਸ਼ਹੀਣ ਜ਼ਿੰਦਗੀ ਜਿਉਂਦੀ ਤੇ ਵਿਆਹ ਦੀ ਉਮਰ ਨੂੰ ਪਾਰ ਕਰਦੀ ਉਸ ਦੀ ਭੈਣ ਤੱਕ, ਹਰ ਕਿਸੇ ਦਾ ਮਜ਼ਾਕ ਉਡਾਇਆ ਜਾਂਦਾ ਹੈ। ਜਿਵੇਂ, ਇਹ ਗਰੀਬੀ ਕੋਈ ਮੁੱਦਾ ਹੀ ਨਾ ਹੋਵੇ। ਪਰ ਇਹ ਇਸ ਸਮਾਜ ਦੀ ਸਭ ਤੋਂ ਵੱਡੀ ਅਤੇ ਅਸਲੀ ਸਮੱਸਿਆ ਹੈ। ਪਰ ਨਿਰਦੇਸ਼ਕ ਸਾਹਿਬ ਤਾਂ ਸਿੱਖਿਆ ਪ੍ਰਣਾਲੀ ਨੂੰ ਹੀ ਠੀਕ ਕਰਨ 'ਤੇ ਹੀ ਉਤਾਰੂ ਹਨ ਨਾਲ਼ ਹੀ ਇਹ ਵੀ ਦਿਖਾਇਆ ਗਿਆ ਹੈ ਕਿ ਗਰੀਬ ਗੰਦੇ ਹੁੰਦੇ ਹਨ। ਰਾਜੂ ਰਸਤੋਗੀ ਦੀ ਮਾਂ ਜਿਸ ਵੇਲਣੇ ਨਾਲ਼ ਮੰਜੇ ਉੱਤੇ ਪਏ ਪਿਉ ਦੇ ਖੁਰਕ ਕਰਦੀ ਹੈ, ਉਸੇ ਨਾਲ਼ ਹੀ ਰੋਟੀ ਵੇਲਕੇ ਆਪਣੇ ਪੁੱਤ ਦੇ ਦੋਸਤਾਂ ਨੂੰ ਖਵਾਉਂਦੀ ਹੈ। ਅਤੇ ਨਾਲ਼ ਹੀ ਸਬਜ਼ੀਆਂ ਵਗੈਰਾ ਦੀਆਂ ਵਧੀਆ ਕੀਮਤਾਂ ਬਾਰੇ ਵੀ ਉਹਨਾਂ ਨੂੰ ਸੁਣਾਉਂਦੀ ਰਹਿੰਦੀ ਹੈ। ਤਜ਼ਰਬੇ 'ਚ ਇਹ ਦੇਖਿਆ ਗਿਆ ਹੈ ਕਿ ਗਰੀਬ ਜੋ ਕੁੱਝ ਖਵਾਉਂਦੇ ਹਨ ਦਿਲੋਂ ਅਤੇ ਪਿਆਰ ਨਾਲ ਖਵਾਉਂਦੇ ਹਨ। ਇਹ ਅਮੀਰ ਹੁੰਦੇ ਹਨ ਜੋ ਆਉ ਭਗਤ ਕਰਦੇ ਸਮੇਂ ਵੀ ਪੈਸੇ ਗਿਣਦੇ ਰਹਿੰਦੇ ਹਨ। ਆਪਣੀ ਸ਼ਾਨ ਲਈ ਸ਼ਾਹ-ਖਰਚੀ ਕਰ ਦੇਣ ਤਾਂ ਕਰ ਦੇਣ; ਪਰ ਦਿਲੋਂ ਸਵਾਗਤ ਕਰਨਾ ਤੇ ਆਓ-ਭਗਤ ਕਰਨਾ ਗਰੀਬਾਂ ਦੀ ਆਦਤ ਹੁੰਦੀ ਹੈ; ਅਮੀਰਾਂ ਦੀ ਨਹੀਂ। ਪਰ ਫਿਲਮ ਵਿੱਚ ਇੱਕ ਗਰੀਬ ਪਰਿਵਾਰ ਦੀ ਜਿਸ ਤਰੀਕੇ ਨਾਲ਼ ਪੇਸ਼ਕਾਰੀ ਕੀਤੀ ਗਈ ਹੈ ਉਹ ਕਿਸੇ ਨੂੰ ਵੀ ਤੁਅੱਸਬੀ ਬਣਾ ਦੇਵੇਗਾ।

ਇੱਕ ਹੋਰ ਥਾਂ 'ਤੇ ਫਿਲਮ ਵਿੱਚ ਪੜਾਕੂ ਤੇ ਰੱਟਾ-ਮਾਰਨ ਵਾਲ਼ੇ ਵਿਦਿਆਰਥੀ ਨੇ ਇੰਜੀਨੀਅਰਿੰਗ ਕਾਲਜ ਦੇ ਇੱਕ ਸਮਾਰੋਹ ਵਿੱਚ ਆਏ ਹੋਏ ਮਹਿਮਾਨਾਂ ਲਈ ਸਵਾਗਤ ਪੱਤਰ ਪੜ੍ਹਨਾ ਹੁੰਦਾ ਹੈ। ਇਹ ਭਾਸ਼ਣ ਹਿੰਦੀ ਵਿੱਚ ਹੁੰਦਾ ਹੈ ਤੇ ਉਹ ਵਿਦਿਆਰਥੀ ਦੱਖਣ ਦਾ ਹੋਣ ਕਾਰਨ ਹਿੰਦੀ ਨਹੀਂ ਸਮਝਦਾ ਤੇ ਭਾਸ਼ਣ ਨੂੰ ਕਾਲਜ ਦੇ ਲਾਇਬ੍ਰੇਰੀਅਨ ਤੋਂ ਰੋਮਨ ਲਿੱਪੀ ਵਿੱਚ ਲਿਖਵਾ ਕੇ ਰਟ ਲੈਂਦਾ ਹੈ। ਆਮਿਰ ਖਾਨ ਭਾਸ਼ਾ ਦੀ ਲਿੱਪੀ ਵਿੱਚ ਹਰ ਥਾਂ 'ਚਮਤਕਾਰ' ਦੀ ਥਾਂ ਤੇ 'ਬਲਾਤਕਾਰ' ਅਤੇ 'ਧਨ' ਦੀ ਥਾਂ 'ਤੇ 'ਥਣ' ਲਿਖ ਦਿੰਦਾ ਹੈ। ਇਸ ਤੋਂ ਬਾਅਦ ਉਹ ਪੂਰਾ ਭਾਸ਼ਣ ਮਜ਼ਾਕੀਆ ਬਣ ਜਾਂਦਾ ਹੈ। ਭਾਵੇਂ ਕਿ ਇਹ ਰੱਟਾ ਮਾਰ ਤਰੀਕਾਕਾਰ ਤੇ ਇੰਜੀਨੀਅਰਿੰਗ ਕਾਲਜ ਦਾ ਮਜ਼ਾਕ ਉਡਾਉਣ ਲਈ ਕੀਤਾ ਗਿਆ ਸੀ ਪਰ 'ਅੱਬਸਰਟ ਹਿਊਮਰ' ਦੇ ਇਸ ਪ੍ਰਯੋਗ ਵਿੱਚ ਸੰਵੇਦਨਹੀਣਤਾ ਨਜ਼ਰ ਆਉਂਦੀ ਹੈ। ਫਿਰ ਪੂਰੀ ਫਿਲਮ ਵਿੱਚ ਬਲਾਤਕਾਰ ਤੇ ਥਣ ਨੂੰ ਹੋਰ ਚੀਜ਼ਾਂ ਲਈ ਰੂਪਕ ਬਣਾਇਆ ਜਾਂਦਾ ਹੈ, ਜੋ ਔਰਤਾਂ ਪ੍ਰਤੀ ਸੰਵੇਦਨਾ ਦੀ ਕਮੀ ਨੂੰ ਦਿਖਾਉਂਦਾ ਹੈ। ਜੇਕਰ ਪੂਰਾ ਦਰਸ਼ਕ ਵਰਗ ਹਾਸਰਸ ਦੀਆਂ ਇੰਨਾ ਅਰਥ ਇਛਾਵਾਂ (ਨੁਆਂਸੇਜ਼) ਅਤੇ ਪਰਿਰੇਖਾਵਾਂ (ਕੰਟੂਅਰਜ਼) ਨੂੰ ਸਮਝਣ ਦੇ ਲਾਇਕ ਹੁੰਦਾ ਤਾਂ ਘੱਟੋ ਘੱਟ ਇਸ ਹਾਸੇ 'ਤੇ ਬਹਿਸ ਹੋ ਸਕਦੀ ਸੀ। ਪਰ ਭਾਰਤੀ ਫਿਲਮਾਂ ਨੇ ਭਾਰਤੀ ਦਰਸ਼ਕਾਂ ਦੀ ਅਜਿਹੀ ਯੋਗਤਾ ਅਜੇ ਤੱਕ ਵਿਕਸਤ ਨਹੀਂ ਕੀਤੀ ਹੈ। ਉਹਨਾਂ ਨੂੰ ਅੱਜ ਤੱਕ ਹਾਸਰਸ ਦੇ ਨਾਂ 'ਤੇ ਘਟੀਆਪਣ, ਅਸ਼ਲੀਲਤਾ ਤੇ ਸੁਹਜ ਰਹਿਤ ਚੁਟਕਲੇ ਪਰੋਸੇ ਗਏ ਹਨ ਤੇ ਇਸ ਸਭ ਨੇ ਉਹਨਾਂ ਦੇ ਹਾਸਰਸ ਨੂੰ ਜਿਸ ਰੂਪ 'ਚ ਢਾਲ਼ਿਆ ਹੈ ਉਸ ਸਹਾਰੇ ਤਾਂ ਉਹ ਫਿਲਮ ਦੁਆਰਾ ਪੇਸ਼ ਕੀਤੇ ਗਏ ਇਸ 'ਅੱਬਸਰਡ ਹਿਊਮਰ' ਨੂੰ ਅਜਿਹੇ ਰਚਨਾਤਮਕ ਰੂਪ ਵਿੱਚ ਗ੍ਰਹਿਣ ਕਰ ਸਕਦੇ ਹਨ, ਸੰਕਲਪ ਬਣਾ ਸਕਦੇ ਹਨ ਅਤੇ ਵਿਆਖਿਆ ਕਰ ਸਕਦੇ ਹਨ, ਜਿਸ ਦੀ ਕਲਪਨਾ ਸ਼ਾਇਦ ਕਹਾਣੀਕਾਰ, ਪਟਕਥਾ-ਲੇਖਕ, ਨਿਰਦੇਸ਼ਕ ਤੇ ਆਮਿਰ ਖਾਨ ਵਰਗੇ ਸੁਚੇਤ ਕਲਾਕਾਰ ਨੇ ਨਾ ਕੀਤੀ ਹੋਵੇ।

ਪਰੰਤੂ ਇਹ ਮੁੱਖ ਗੱਲ ਨਹੀਂ ਹੈ। ਮੁੱਖ ਗੱਲ ਇਹ ਹੈ ਕਿ ਇਹ ਫਿਲਮ ਸਮੁੱਚੇ ਰੂਪ ਵਿੱਚ ਸਿੱਖਿਆ ਪ੍ਰਣਾਲੀ ਦੀ ਸੁਧਾਰਵਾਦੀ ਅਲੋਚਨਾ ਕਰਦੀ ਹੈ। ਉਹ ਵੀ ਬਿਨਾਂ ਕਿਸੇ ਆਪਰੇਟਿਵ ਪੱਖ ਦੇ। ਇਸ ਦਾ ਟਾਰਗੇਟ ਦਰਸ਼ਕ ਵਰਗ ਉੱਚ ਵਰਗ, ਉੱਚ ਮੱਧ ਵਰਗ ਅਤੇ ਉੱਚ ਵਰਗ ਦੀ ਹੈਸੀਅਤ ਹਾਸਲ ਕਰਨ ਦਾ ਸੁਪਨਾ ਪਾਲ਼ੀ ਬੈਠੇ ਆਮ ਤੇ ਨਿਮਨ ਮੱਧ ਵਰਗ ਦੇ ਲੋਕ ਹਨ। ਇਸ ਦੀ ਪਹੁੰਚ ਕਿਸੇ ਵੀ ਰੂਪ 'ਚ ਆਮ ਗਰੀਬ ਲੋਕਾਂ ਤੱਕ ਨਹੀਂ ਹੈ। ਇਸ ਵਿੱਚ ਕੁੱਝ ਵੀ ਅਜਿਹਾ ਨਹੀਂ ਜਿਸ ਨਾਲ਼ ਦੇਸ਼ ਦੀ 85 ਫੀਸਦੀ ਅਬਾਦੀ ਕੋਈ ਆਪਣਾਪਣ ਮਹਿਸੂਸ ਕਰੇ। ਆਪਣੀ ਇਸ ਸੁਧਾਰਵਾਦੀ ਅਲੋਚਨਾ ਰਾਹੀਂ ਫਿਲਮ ਓਹੀ ਗੱਲ ਕਰਦੀ ਹੈ ਜੋ ਰਾਜਨੀਤਿਕ ਮੰਚਾਂ ਤੋਂ ਕਪਿਲ ਸਿੱਬਲ ਕਰਦੇ ਹਨ। ਇਸ ਦਾ ਕੰਮ (ਜੇਕਰ ਮਕਸਦ ਨਹੀਂ ਤਾਂ) ਇਸ ਪ੍ਰਬੰਧ ਦੀ ਸੱਭਿਆਚਾਰਕ ਤੇ ਵਿਚਾਰਕ ਹੇਜਮਨੀ ਨੂੰ ਉਹਨਾਂ ਜਮਾਤਾਂ ਦੇ ਨੌਜਵਾਨਾਂ ਦੇ ਦਿਮਾਗ ਵਿੱਚ ਮਜ਼ਬੂਤ ਕਰਨਾ ਹੈ ਜਿਸ ਜਮਾਤ ਦੇ ਨੌਜਵਾਨ ਇਸ ਪ੍ਰਬੰਧ ਨੂੰ ਪੂਰਨ ਰੂਪ ਵਿੱਚ ਬਦਲਣ ਤੇ ਕਿਰਤੀਆਂ ਦੇ ਸੰਘਰਸ਼ ਨਾਲ਼ ਜੁੜਨ ਬਾਰੇ ਸੋਚ ਸਕਦੇ ਹਨ। ਇਸ ਦੇ ਅਤੇ ਅਜਿਹੀਆਂ ਹੋਰ ਫਿਲਮਾਂ ਬਾਰੇ ਅਲੋਚਨਾਤਮਕ ਰੂਪ ਵਿੱਚ ਸੋਚਣਾ ਅੱਜ ਬੇਹੱਦ ਜ਼ਰੂਰੀ ਹੈ ਕਿਉਂਕਿ ਇਸ ਪ੍ਰਬੰਧ ਦੀ ਵਿਚਾਰਕ ਸੱਭਿਆਚਾਰਕ ਹੇਜਮਨੀ ਨੂੰ ਤੋੜ ਸਕਣਾ ਇਸ ਤੋਂ ਬਿਨਾਂ ਸੰਭਵ ਨਹੀਂ।

## ਚੀਖਦੀਆਂ ਸੱਚਾਈਆਂ

**ਪਿੱਛਲੇ ਇੱਕ ਦਹਾਕੇ ਵਿੱਚ ਭਾਰਤ ਵਿੱਚ ਪੁਲਿਸ ਹਿਰਾਸਤ ਵਿੱਚ ਹੋਣ ਵਾਲ਼ੀਆਂ ਮੌਤਾਂ ਵਿੱਚ 42 ਫੀਸਦੀ ਵਾਧਾ ਹੋਇਆ ਹੈ।**

*—ਹਿੰਦੋਸਤਾਨ ਟਾਈਮਜ਼ 14 ਅਪ੍ਰੈਲ 2010*

## ਮਨਮੋਹਨ ਸਿੰਘ ਦਾ ਬੇਸ਼ਰਮ ਝੂਠ :

# "ਆਰਥਕ ਸੁਧਾਰਾਂ ਨਾਲ਼ ਗਰੀਬੀ ਘਟੀ ਹੈ" !!

### *ਸ਼੍ਰੀਮਾਨ ਪ੍ਰਧਾਨ ਮੰਤਰੀ ਜੀ ਅੰਕੜਿਆਂ ਦੀ ਬਾਜ਼ੀਗਰੀ ਨਾਲ਼ ਗਰੀਬੀ ਨਹੀਂ ਘਟਦੀ!*

27 ਦਸੰਬਰ ਨੂੰ ਭੁਵਨੇਸ਼ਵਰ (ਉੜੀਸਾ) ਵਿੱਚ ਭਾਰਤੀ ਆਰਥਿਕ ਸੰਘ ਦੇ 92ਵੇਂ ਸੰਮੇਲਨ ਨੂੰ ਸੰਬੋਧਿਤ ਕਰਦੇ ਹੋਏ ਸਾਡੇ ਦੇਸ਼ ਦੇ ਅਰਥਸ਼ਾਸਤਰੀ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਨੇ ਅਜਿਹਾ ਦਾਅਵਾ ਕੀਤਾ ਜਿਸ ਨੂੰ ਸੁਣ ਕੇ ਦੇਸ਼ ਦਾ ਹਰ ਗਰੀਬ ਨਾਗਰਿਕ ਦੰਗ ਰਹਿ ਜਾਵੇ। ਦੁਨੀਆਂ ਦੇ ਚੋਟੀ ਦੇ ਅਰਥਸ਼ਾਸਤਰੀਆਂ ਵਿੱਚ ਗਿਣੇ ਜਾਣ ਵਾਲ਼ੇ, ਲੰਦਨ ਸਕੂਲ ਆਫ਼ ਇਕਨਾਮਿਕਸ ਵਿੱਚ ਸਿੱਖਿਆ ਹਾਸਲ ਕਰ ਚੁੱਕੇ ਅਤੇ ਦਿੱਲੀ ਸਕੂਲ ਆਫ਼ ਇਕਨਾਮਿਕਸ ਵਿੱਚ ਅਧਿਆਪਨ ਕਰ ਚੁੱਕੇ ਪ੍ਰਧਾਨਮੰਤਰੀ ਮਨਮੋਹਨ ਸਿੰਘ ਨੇ ਐਲਾਨ ਕੀਤਾ ਕਿ 1991 ਵਿੱਚ ਉਹਨਾਂ ਰਾਹੀਂ ਨਵੀਆਂ ਆਰਥਿਕ ਨੀਤੀਆਂ ਦੇ ਸ਼੍ਰੀ ਗਣੇਸ਼ ਮਗਰੋਂ ਦੇਸ਼ ਵਿੱਚ ਗਰੀਬੀ ਰੇਖਾ ਤੋਂ ਹੇਠਾਂ ਰਹਿਣ ਵਾਲ਼ਿਆਂ ਦੀ ਗਿਣਤੀ 'ਚ ਕਮੀ ਆਈ ਹੈ। ਉਹਨਾਂ ਨੇ ਕਿਹਾ ਕਿ ਜੇਕਰ ਅਸੀਂ ਆਰਥਿਕ ਸੁਧਾਰਾਂ ਦੀ ਰਫ਼ਤਾਰ ਨੂੰ ਘਟਾਵਾਂਗੇ ਤਾਂ ਅਰਥਚਾਰਾ ਉਸ ਗਤੀ ਨਾਲ਼ ਵਿਕਾਸ ਨਹੀਂ ਕਰ ਸਕੇਗਾ ਕਿ ਕਾਫ਼ੀ ਰੁਜ਼ਗਾਰ ਪੈਦਾ ਹੋ ਸਕਣ। ਜਾਣੀ ਸਾਫ਼ ਹੈ ਕਿ ਅੱਗੇ ਨਵਉਦਾਰਵਾਦੀ ਨੀਤੀਆਂ ਨੂੰ ਹੋਰ ਜ਼ੋਰ ਸ਼ੋਰ ਨਾਲ਼ ਲਾਗੂ ਕਰਨ ਦੀ ਪੂਰੀ ਯੋਜਨਾ ਹੈ। 1991 ਵਿੱਚ ਲਾਗੂ ਹੋਈਆਂ ਨਵੀਆਂ ਆਰਥਿਕ ਨੀਤੀਆਂ ਦਾ ਮੂਲਮੰਤਰ ਸੀ ਨਿੱਜੀਕਰਨ (ਭਾਵ, ਪਬਲਿਕ ਸੈਕਟਰ ਦੀਆਂ ਉਹਨਾਂ ਸਨਅਤਾਂ ਨੂੰ ਤੇਜ਼ੀ ਨਾਲ਼ ਕੌਡੀਆਂ ਦੇ ਭਾਅ 'ਤੇ ਸਰਮਾਏਦਾਰਾਂ ਨੂੰ ਵੇਚਣਾ ਜਿਨ੍ਹਾਂ ਨੂੰ ਲੋਕਾਂ ਦੇ ਪੈਸੇ ਨਾਲ਼ ਖੜ੍ਹਾ ਕੀਤਾ ਗਿਆ ਸੀ ਅਤੇ ਨਾਲ਼ ਹੀ ਸਿਹਤ, ਸਿੱਖਿਆ, ਪੀਣ ਦਾ ਪਾਣੀ, ਬਿਜਲੀ ਆਦਿ ਜਿਹੀਆਂ ਬੁਨਿਆਦੀ ਸਹੂਲਤਾਂ ਨੂੰ ਵੀ ਨਿੱਜੀ ਹੱਥਾਂ ਦੇ ਸਪੁਰਦ ਕਰਕੇ ਉਹਨਾਂ ਨੂੰ ਮੁਨਾਫਾ ਕਮਾਉਣ ਦੇ ਧੰਧੇ ਵਿੱਚ ਬਦਲਣਾ) ਅਤੇ ਮਜ਼ਦੂਰਾਂ ਨੂੰ ਕਿਰਤ ਕਾਨੂੰਨਾਂ ਦੇ ਰੂਪ ਵਿੱਚ ਪ੍ਰਾਪਤ ਉਹਨਾਂ ਥੋੜ੍ਹੇ ਬਹੁਤ ਹੱਕਾਂ ਨੂੰ ਖੋਹ ਲੈਣਾ ਜਿਨ੍ਹਾਂ ਨੂੰ ਦੇਸ਼ 'ਚ ਕਿਤੇ ਵੀ ਢੰਗ ਨਾਲ਼ ਨਹੀਂ ਸੀ ਲਾਗੂ ਕੀਤਾ ਗਿਆ। ਇਨ੍ਹਾਂ ਨਵੀਆਂ ਆਰਥਿਕ ਨੀਤੀਆਂ ਦਾ ਮਤਲਬ ਸੀ ਸਰਮਾਏਦਾਰਾਂ ਲਈ ਪੂਰੇ ਆਰਥਿਕ ਅਤੇ ਪ੍ਰਸ਼ਾਸਨਿਕ ਢਾਂਚੇ ਨੂੰ ਉਦਾਰ ਬਣਾਉਣਾ (ਉਦਾਰੀਕਰਨ) ਅਤੇ ਕਿਰਤੀ ਲੋਕਾਂ ਲਈ ਬਚੇ-ਖੁਚੇ ਕਿਰਤ ਅਧਿਕਾਰਾਂ ਨੂੰ ਖੋਹ ਕੇ ਉਹਨਾਂ ਨੂੰ ਮੰਡੀ ਦੀਆਂ ਅੰਨ੍ਹੀਆਂ ਤਾਕਤਾਂ ਦੇ ਹਵਾਲੇ ਕਰ ਦੇਣਾ (ਕਠੋਰੀਕਰਨ!) ਉਦਾਰੀਕਰਨ ਅਤੇ ਨਿਜੀਕਰਨ ਦੇ ਦੋ ਦਹਾਕਿਆਂ ਨੇ ਕਿਰਤੀ ਲੋਕਾਂ 'ਤੇ ਜਿਹੜਾ ਕਹਿਰ ਢਾਇਆ ਹੈ ਉਸ ਬਾਰੇ ਹੁਣ ਤੱਕ ਸਰਕਾਰੀ ਏਜੰਸੀਆਂ ਵੀ ਅਜਿਹੇ ਸਫੇਦ ਝੂਠ ਨਹੀਂ ਬੋਲ ਰਹੀਆਂ ਸਨ ਜਿਹੜਾ ਸਾਡੇ ਦੇਸ਼ ਦੇ ਪ੍ਰਧਾਨਮੰਤਰੀ ਮਨਮੋਹਨ ਸਿੰਘ ਨੇ ਉੜੀਸਾ ਵਿੱਚ ਬੋਲਿਆਂ ਹੈ। ਹੁਣ ਇਹ ਇੱਕ ਵਿਡੰਬਨਾ ਹੀ ਹੈ ਕਿ ਜਿਸ ਰਾਜ 'ਚ ਗਰੀਬੀ ਦਾ **ਪ੍ਰਤੀਕ ਸਥਾਨ** ਬਣਿਆ ਕਾਲਾਹਾਂਡੀ ਸਥਿਤ ਹੈ, ਉੱਥੇ ਵੀ ਮਨਮੋਹਨ ਸਿੰਘ ਇਹ ਝੂਠ ਬੋਲਣ ਤੋਂ ਝਿਜਕੇ ਨਹੀਂ। ਇਸ ਦੇ ਬਾਵਜੂਦ ਸਾਡੇ ਦੇਸ਼ ਦਾ ਖਾਂਦਾ-ਪੀਂਦਾਂ, ਪੜ੍ਹਿਆ-ਲਿਖਿਆ ਸ਼ਹਿਰੀ ਮੱਧਵਰਗ ਇਸ "ਸੱਜਣ" ਪ੍ਰਧਾਨਮੰਤਰੀ ਦੀ ਸਾਦਗੀ ਅਤੇ ਭੋਲੇਪਣ 'ਤੇ ਲੱਟੂ ਹੁੰਦਾ ਰਹਿੰਦਾ ਹੈ।

ਇਹ ਕਿੰਨਾ ਵੱਡਾ ਝੂਠ ਹੈ ਇਸ ਨੂੰ ਇਸ ਗੱਲ ਨਾਲ਼ ਹੀ ਸਮਝਿਆ ਜਾ ਸਕਦਾ ਹੈ ਕਿ ਹੁਣ ਕੁੱਝ ਸਮਾਂ ਪਹਿਲਾਂ ਬਣੀ ਅਰਜੁਨ ਸੇਨ ਗੁਪਤਾ ਕਮੇਟੀ ਰਿਪੋਰਟ ਨੇ ਦੱਸਿਆ ਸੀ ਕਿ ਇਸ ਦੇਸ਼ 'ਚ 77 ਫੀਸਦੀ ਆਬਾਦੀ ਭਾਵ ਕਰੀਬ 84 ਕਰੋੜ ਲੋਕ, 20 ਰੁਪਏ ਜਾਂ ਇਸ ਤੋਂ ਘੱਟ ਦੀ ਪ੍ਰਤੀ ਦਿਨ ਆਮਦਨ 'ਤੇ ਗੁਜ਼ਰ-ਬਸਰ ਕਰ ਰਹੇ ਹਨ। ਇਸ ਵਿੱਚ 27 ਕਰੋੜ ਤਾਂ 11 ਰੁ. ਤੋਂ ਕੁੱਝ ਵੱਧ ਦੀ ਪ੍ਰਤੀ ਦਿਨ ਆਮਦਨ 'ਤੇ ਮੁਸ਼ਕਿਲ ਨਾਲ਼ ਜਿਊਂਦੇ ਰਹਿ ਰਹੇ ਹਨ। ਇਸ ਸਿਹਤ ਸੰਸਥਾਨ ਦੀ ਰਿਪੋਰਟ ਮੁਤਾਬਿਕ 46 ਪ੍ਰਤੀਸ਼ਤ ਭਾਰਤੀ ਬੱਚੇ ਕੁਪੋਸ਼ਣ ਦਾ ਸ਼ਿਕਾਰ ਹਨ ਅਤੇ ਲਗਭਗ 55 ਪ੍ਰਤੀਸ਼ਤ ਇਸਤਰੀਆਂ ਦਾ ਭਾਰ ਸਿਹਤਮੰਦ ਨਾ ਹੋਣ ਦੀ ਹੱਦ ਤੱਕ ਘੱਟ ਹੈ। ਦੇਸ਼ ਦੇ 18 ਕਰੋੜ ਲੋਕ ਬੇਘਰੇ ਹਨ ਅਤੇ 18 ਕਰੋੜ ਲੋਕ ਝੁੱਗੀਆਂ ਵਿੱਚ ਰਹਿੰਦੇ ਹਨ। ਇਨ੍ਹਾਂ ਸਭਨਾਂ ਅੰਕੜਿਆਂ ਦੇ ਬਾਵਜੂਦ ਜੇਕਰ ਕੋਈ ਸਾਨੂੰ ਦੱਸ ਰਿਹਾ ਹੈ ਕਿ ਗਰੀਬੀ ਘੱਟ ਰਹੀ ਹੈ ਤਾਂ ਸਧਾਰਨ ਬੋਧ ਨਾਲ਼ ਸਮਝਿਆ ਜਾ ਸਕਦਾ ਹੈ ਕਿ ਸਾਨੂੰ ਮੂਰਖ ਬਣਾਇਆ ਜਾ ਰਿਹਾ ਹੈ। ਪਰ ਇਸ ਗੱਲ ਨੂੰ ਠੋਸ ਤੌਰ 'ਤੇ ਅੰਕੜਿਆਂ ਨਾਲ਼ ਸਮਝ ਲੈਣ ਦੀ ਵੀ ਲੋੜ ਹੈ। ਆਮ ਕਿਰਤੀ ਅਬਾਦੀ ਨੂੰ ਮੂਰਖ ਬਣਾਉਣ ਲਈ ਇਹ ਢਾਂਚਾ ਹਮੇਸ਼ਾ ਹੀ ਅੰਕੜਿਆਂ ਦੀ ਖੇਡ ਖੇਡਦਾ ਹੈ ਅਤੇ ਲੋਕਾਂ ਨੂੰ ਇਹ ਵਿਸ਼ਵਾਸ਼ ਦਿਵਾਉਣ ਦੀ ਕੋਸ਼ਿਸ਼ ਕਰਦਾ ਹੈ ਕਿ ਗਰੀਬੀ ਅਤੇ ਭੁੱਖਮਰੀ ਘੱਟ ਰਹੀ ਹੈ। ਤਰੱਕੀ ਦਾ ਫਲ਼ ਸਭ ਨੂੰ ਮਿਲ ਰਿਹਾ ਹੈ, ਸਿਖ਼ਰ ਦੇ ਸਰਮਾਏਦਾਰਾਂ ਦੀ ਤਰੱਕੀ ਹੋਵੇਗੀ, ਤਾਂ ਹੀ ਦੇਸ਼ ਦੀ ਕਿਰਤੀ ਜਮਾਤ ਦਾ ਜੀਵਨ ਸੁਧਰੇਗਾ। ਪਰ ਸੱਚਾਈਆਂ ਸਦਾ ਹੀ ਅੰਕੜਿਆ ਦੀ ਬਾਜ਼ੀਗਰੀ ਨੂੰ ਬੇਅਸਰ ਕਰ ਦਿੰਦੀਆਂ ਹਨ। ਆਓ, ਜ਼ਰਾ ਅੰਕੜਿਆ ਦੀ ਇਸ ਬਾਜ਼ੀਗਰੀ ਦੀ ਹਕੀਕਤ ਨੂੰ ਸਮਝੀਏ। ਗਰੀਬੀ ਘੱਟ ਹੋਣ ਦੇ ਪ੍ਰਧਾਨਮੰਤਰੀ ਦੇ ਦਾਅਵਿਆਂ ਦਾ ਅਧਾਰ ਕੀ ਹੈ - ਤਾਜ਼ੇ ਕੌਮੀ ਨਮੂਨਾ ਸਰਵੇਖਣ ਦੇ ਅੰਕੜੇ। ਇਸ ਸਰਵੇਖਣ ਮੁਤਾਬਿਕ ਗਰੀਬੀ ਰੇਖਾ ਹੇਠਾਂ ਰਹਿਣ ਵਾਲ਼ੇ ਲੋਕ ਹੁਣ ਮਹਿਜ਼ 28.6 ਪ੍ਰਤੀਸ਼ਤ ਰਹਿ ਗਏ ਹਨ। ਇਹ ਪਹਿਲੀ ਵਾਰੀ ਨਹੀਂ ਹੈ ਜਦੋਂ ਕੌਮੀ ਨਮੂਨਾ ਸਰਵੇਖਣ ਜਥੇਬੰਦੀ ਨੇ ਅੰਕੜਿਆਂ ਰਾਹੀਂ ਦੇਸ਼ ਦੀ ਹਾਕਮ ਜਮਾਤ ਨੂੰ ਇਹ ਯਕੀਨ ਦਿਵਾਉਣ ਦੀ ਕੋਸ਼ਿਸ਼ ਕੀਤੀ ਹੈ ਕਿ ਗਰੀਬੀ ਘਟ ਰਹੀ ਹੈ। 1979 ਤੋਂ, ਜਦੋਂ ਯੋਜਨਾ ਕਮਿਸ਼ਨ ਰਾਹੀਂ ਗਰੀਬੀ ਰੇਖਾਂ ਤੋਂ ਹੇਠਾਂ ਰਹਿਣ ਵਾਲ਼ੇ ਪਰਿਵਾਰਾਂ ਦੀ ਗਿਣਤੀ ਸ਼ੁਰੂ ਹੋਈ, ਹੁਣ ਤੱਕ ਗਰੀਬੀ ਰੇਖਾਂ ਤੋਂ ਹੇਠਾਂ ਰਹਿਣ ਵਾਲ਼ੇ ਪਰਿਵਾਰਾਂ ਦੀ ਗਿਣਤੀ ਕਰੀਬ 52 ਪ੍ਰਤੀਸ਼ਤ ਤੋਂ ਘਟ ਕੇ 28 ਪ੍ਰਤੀਸ਼ਤ ਤੱਕ ਆ ਚੁੱਕੀ ਹੈ।

ਹਰ ਪੰਜ ਵਰ੍ਹੇ ਮਗਰੋਂ ਯੋਜਨਾ ਕਮਿਸ਼ਨ ਦੇ ਅਰਥ ਸ਼ਾਸਤਰੀ ਬਹਿ ਕੇ ਗਰੀਬੀ ਨੂੰ ਘਟ ਦਿਖਾਉਣ ਲਈ ਕੌਮੀ ਨਮੂਨਾ

ਸਰਵੇਖਣ ਦੇ ਅੰਕੜਿਆਂ ਵਿੱਚ ਗੋਤੇ ਲਗਾਉਂਦੇ ਹਨ ਅਤੇ ਹਰ ਵਾਰੀ ਉਹ ਇਹ ਦਿਖਾਉਣ ਵਿੱਚ ਸਫ਼ਲ ਰਹਿੰਦੇ ਹਨ ਕਿ ਗਰੀਬੀ ਘਟ ਹੋ ਰਹੀ ਹੈ। ਪਰ ਅਸੀਂ ਆਪਣੀ ਜ਼ਿੰਦਗੀ ਦੇ ਤਜ਼ਰਬੇ ਨਾਲ਼ ਜਾਣਦੇ ਹਾਂ ਕਿ ਇਹ ਦਾਅਵਾ ਖੋਖਲਾ ਹੈ ਅਤੇ ਝੂਠ ਅਤੇ ਲਫਾਜੀਆਂ 'ਤੇ ਅਧਾਰਿਤ ਹੈ। ਆਓ ਦੇਖੀਏ ਕਿ ਹੁਕਮਰਾਨ ਜਮਾਤਾਂ ਦੇ ਟੁਕੜਿਆਂ 'ਤੇ ਪਲਣ ਵਾਲ਼ੇ ਯੋਜਨਾ ਕਮਿਸ਼ਨ ਦੇ ਅਰਥਸ਼ਾਸਤਰੀ ਅੰਕੜਿਆਂ ਨਾਲ਼ ਕਿਹੋ ਜਿਹਾ ਖਿਲਵਾੜ ਕਰਦੇ ਹਨ।

**ਪਹਿਲੀ ਗੱਲ**, ਜਦੋਂ 1973-74 ਦੇ ਕੌਮੀ ਨਮੂਨਾ ਸਰਵੇਖਣ ਦੇ ਅੰਕੜਿਆਂ ਨੂੰ ਅਧਾਰ ਬਣਾ ਕੇ ਗਰੀਬੀ ਰੇਖਾ ਤੈਅ ਕੀਤੀ ਜਾ ਰਹੀ ਸੀ, ਤਾਂ ਇਹ ਮੰਨ ਕੇ ਚੱਲਿਆ ਗਿਆ ਸੀ ਕਿ ਸਿੱਖਿਆ ਅਤੇ ਸਿਹਤ ਦੇ ਖਰਚਿਆਂ ਨੂੰ ਗਰੀਬੀ ਰੇਖਾ ਦੀ ਗਣਨਾ 'ਚ ਨਹੀਂ ਗਿਣਿਆ ਜਾਵੇਗਾ। ਕਿਉਂਕਿ ਸਿੱਖਿਆ ਅਤੇ ਸਿਹਤ ਦੀ ਜ਼ਿੰਮੇਵਾਰੀ ਰਾਜ ਚੁੱਕੇਗਾ। ਪਰ ਅਸੀਂ ਸਭ ਜਾਣਦੇ ਹਾਂ ਕਿ ਅਜਿਹਾ 1973-74 ਵਿੱਚ ਵੀ ਨਹੀਂ ਸੀ ਅਤੇ ਅੱਜ ਤਾਂ ਅਜਿਹਾ ਬਿਲਕੁੱਲ ਹੀ ਨਹੀਂ ਹੈ। ਸਰਕਾਰੀ ਹਸਪਤਾਲਾ ਦੇ ਨਾਂ 'ਤੇ ਗਰੀਬਾਂ ਨੂੰ ਜਿਹੜੀ ਇਲਾਜ ਸਹੂਲਤ ਹਾਸਲ ਹੈ ਉਹ ਮਰਦੇ ਇਨਸਾਨ ਨੂੰ ਬਚਾਉਂਦੀ ਘੱਟ ਹੈ, ਉਹ ਨੂੰ ਜਲਦੀ ਤੋਂ ਜਲਦੀ ਸ਼ਮਸ਼ਾਨ ਘਾਟ ਤੱਕ ਵੱਧ ਭੇਜਦੀ ਹੈ! ਨਾਲ਼ੇ ਇਹ ਸਰਕਾਰੀ ਸਹੂਲਤ ਵੀ ਲਗਾਤਾਰ ਮਹਿੰਗੀ ਹੋਈ ਹੈ। ਸਰਵ ਸਿੱਖਿਆ ਮੁਹਿੰਮ ਅਤੇ ਅਜਿਹੀਆਂ ਸਭ ਮੁਹਿੰਮਾਂ ਦੇ ਨਾਂ 'ਤੇ ਜਿਹੜੀ ਮੁਫ਼ਤ ਸਿੱਖਿਆ ਦੇਣ ਦੀ ਗੱਲ ਕੀਤੀ ਜਾਂਦੀ ਹੈ, ਉਹ ਨਾ ਤਾਂ ਅਸਾਨੀ ਨਾਲ਼ ਉਪਲਬਧ ਹੈ ਅਤੇ ਜੇਕਰ ਮਿਲ ਵੀ ਗਈ ਤਾਂ ਅਜਿਹੀ ਸਿੱਖਿਆ ਦਾ ਮਿਲਣਾ ਨਾ ਮਿਲਣਾ ਇੱਕੋ ਬਰਾਬਰ ਹੈ। ਇਸ ਲਈ ਜਿਸ ਸ਼ਰਤ 'ਤੇ ਗਰੀਬੀ ਰੇਖਾ ਦੀ ਗਣਨਾ ਵਿੱਚ ਸਿੱਖਿਆ ਅਤੇ ਸਿਹਤ ਸਹੂਲਤ ਨੂੰ ਸ਼ਾਮਿਲ ਨਹੀਂ ਕੀਤਾ ਗਿਆ ਸੀ, ਉਹ ਸ਼ਰਤ ਨਾ ਤਾਂ 1970 ਦੇ ਦਹਾਕੇ ਵਿੱਚ ਹੀ ਪੂਰੀ ਹੁੰਦੀ ਸੀ ਨਾ ਹੀ ਅੱਜ ਪੂਰੀ ਹੁੰਦੀ ਹੈ। ਉਸ ਸਮੇਂ ਗਰੀਬੀ ਰੇਖਾ ਨੂੰ ਇਸ ਰੂਪ ਵਿੱਚ ਪ੍ਰੀਭਾਸ਼ਿਤ ਕੀਤਾ ਗਿਆ ਸੀ, ਸ਼ਹਿਰ ਵਿੱਚ ਜਿਹੜਾ ਵੀ ਪਰਿਵਾਰ 2100 ਕੈਲੋਰੀ ਪ੍ਰਤੀ ਵਿਅਕਤੀ ਤੋਂ ਵੱਧ ਦੀ ਖ਼ਪਤ ਕਰ ਰਿਹਾ ਹੈ, ਉਹ ਗਰੀਬੀ ਰੇਖਾ ਤੋਂ ਉੱਤਾਂਹ ਮੰਨਿਆ ਜਾਵੇਗਾ। ਜਾਣੀ, ਜਿਹੜਾ ਇੰਨਾ ਭੋਜਨ ਖਾ ਰਿਹਾ ਹੈ ਕਿ ਸ਼ਹਿਰ 'ਚ 2100 ਕੈਲੋਰੀ ਅਤੇ ਪਿੰਡ 'ਚ 2400 ਕੈਲੋਰੀ ਤੱਕ ਹਾਸਲ ਕਰ ਰਿਹਾ ਹੈ, ਉਹ ਗਰੀਬ ਨਹੀਂ ਹੈ। ਇਹ ਪੈਮਾਨਾ ਇੰਨਾ ਹਾਸੋਹੀਣਾ ਹੈ ਕਿ ਇਸ ਬਾਰੇ ਕੀ ਕਿਹਾ ਜਾਵੇ! ਜ਼ਾਹਿਰ ਜਿਹੀ ਗੱਲ ਹੈ ਕਿ ਕੋਈ ਵਿਅਕਤੀ ਭੋਜਨ ਖਾਏਗਾ ਤਾਂ ਉਸ ਨੂੰ ਪਕਾ ਕੇ ਹੀ ਖਾਏਗਾ; ਪਕਾਏਗਾ ਤਾਂ ਉਸ ਨੂੰ ਬਾਲਣ ਦੀ ਵੀ ਲੋੜ ਹੋਵੇਗੀ ਪਰ ਗਰੀਬੀ ਰੇਖਾਂ ਦੀ ਗਣਨਾ ਵਿੱਚ ਬਾਲਣ ਦਾ ਖਰਚ ਨਹੀਂ ਜੋੜਿਆ ਜਾਂਦਾ ਖਾਣਾ ਖਾਣ ਮਗਰੋਂ ਉਹ ਕਿਤੇ ਨਾ ਕਿਤੇ ਰਹੇਗਾ ਵੀ ਕੁੱਝ ਪਹਿਨੇਗਾ ਵੀ! ਪਰ ਹੁਕਮਰਾਨ ਜਮਾਤਾਂ ਲਈ ਗਰੀਬਾਂ ਦਾ ਬੇਘਰ ਤੇ ਨੰਗਾ ਹੋਣਾ ਮਾਮੂਲੀ ਅਤੇ ਅਣਗੌਲਿਆ ਹੈ! ਇਸ ਲਈ ਕੱਪੜਿਆਂ ਅਤੇ ਮਕਾਨਾਂ ਦੇ ਕਿਰਾਏ ਦੇ ਖਰਚਿਆਂ ਨੂੰ ਵੀ ਗਰੀਬੀ ਰੇਖਾਂ ਦੀ ਗਣਨਾ ਵਿੱਚ ਨਹੀਂ ਜੋੜਿਆ ਗਿਆ। ਇੱਕ ਤਾਜ਼ਾ ਸਰਵੇਖਣ ਦੱਸਦਾ ਹੈ ਕਿ ਅੱਜ ਗਰੀਬਾਂ ਦੀ ਕੁੱਲ ਆਮਦਨ ਦਾ 75 ਤੋਂ 80 ਫੀਸਦੀ ਹਿੱਸਾ ਬਾਲਣ, ਜੁੱਤੀਆਂ, ਰਿਹਾਇਸ਼ ਅਤੇ ਕੱਪੜਿਆਂ 'ਤੇ ਖਰਚ ਹੁੰਦਾ ਹੈ। ਇਸੇ ਤੋਂ ਪਤਾ ਲੱਗਦਾ ਹੈ ਕਿ ਇਹ ਗਰੀਬੀ ਰੇਖਾ ਬਿਲਕੁੱਲ ਗੈਰ-ਤਾਰਕਿਕ ਅਤੇ ਅਸਲੀ ਗਰੀਬੀ ਨੂੰ ਛਿਪਾਉਣ ਲਈ ਬਣਾਈ ਗਈ ਹੈ। ਕਿਰਤੀ ਗਰੀਬਾਂ ਨੂੰ ਇਹ ਸੱਤ੍ਹਾ ਮਨੁੱਖ ਹੀ ਨਹੀਂ ਮੰਨਦੀ। ਇਹ ਉਸ ਲਈ ਮੁਨਾਫਾ ਪੈਦਾ ਕਰਨ ਦੇ ਇੱਕ ਯੰਤਰ ਤੋਂ ਵੱਧ ਕੁੱਝ ਵੀ ਨਹੀਂ ਹਨ। 2400 ਕੈਲੋਰੀ ਅਤੇ 2100 ਕੈਲੋਰੀ ਦਾ ਪੈਮਾਨਾ ਤੈਅ ਕਰਨ ਪਿੱਛੇ ਵੀ ਇਹੀ ਗੈਰ-ਮਨੁੱਖੀ ਧਾਰਨਾ ਕੰਮ ਕਰ ਰਹੀ ਸੀ। ਇੱਕ ਸ਼ਹਿਰੀ ਮਜ਼ਦੂਰ ਨੂੰ ਕੰਮ ਕਰਨ ਯੋਗ ਹੋਣ ਲਈ 2100 ਕੈਲੋਰੀ ਅਤੇ ਇੱਕ ਖੇਤ ਮਜ਼ਦੂਰ ਨੂੰ ਕੰਮ ਕਰਨ ਯੋਗ ਹੋਣ ਲਈ 2400 ਕੈਲੋਰੀ ਨਿੱਤ ਦਿਨ ਖਪਤ ਕਰਨ ਦੀ ਲੋੜ ਹੁੰਦੀ ਹੈ। ਜਾਣੀ ਜਿਹੜਾ ਜੀਅ-ਮਾਰ ਕੇ ਸਰਮਾਏਦਾਰਾਂ ਲਈ ਕੰਮ ਕਰਨ ਲਾਇਕ ਹੋ ਜਾਵੇ, ਉਹ ਗਰੀਬ ਨਹੀਂ ਮੰਨਿਆ ਜਾਂਦਾ! ਸੋਚਣ ਦੀ ਗੱਲ ਹੈ ਕਿ ਇੰਨਾ ਵੀ ਨਾ ਮਿਲੇ ਤਾਂ ਉਹ ਮਨੁੱਖ ਗੈਰ-ਸਿਹਤਮੰਦ, ਕੁਪੋਸ਼ਿਤ ਅਤੇ ਅਸਮਰੱਥ ਦੀ ਸ਼੍ਰੇਣੀ ਵਿੱਚ ਆਵੇਗਾ। ਇਸ ਲਈ ਮੌਜੂਦਾ ਗਰੀਬੀ ਰੇਖਾ ਅਸਲ ਵਿੱਚ ਗਰੀਬੀ ਰੇਖਾ ਨਹੀਂ ਹੈ ਸਗੋਂ, ਕੁਪੋਸ਼ਣ ਰੇਖਾ ਹੈ; ਜਾਂ ਇਸ ਨੂੰ ਭੁੱਖਮਰੀ ਰੇਖਾ ਕਹੀਏ ਤਾਂ ਜ਼ਿਆਦਾ ਠੀਕ ਹੋਵੇਗਾ।

**ਦੂਜੀ ਗੱਲ**, ਗਰੀਬੀ ਦੇ ਨਵੇਂ ਅੰਕੜੇ ਤਿਆਰ ਕਰਨ ਲਈ ਯੋਜਨਾ ਕਮਿਸ਼ਨ ਦੇ ਅਤੇ ਹੋਰ ਸਰਕਾਰੀ ਅਦਾਰਿਆਂ ਦੇ ਅਰਥਸ਼ਾਸਤਰੀ ਜਿਹੜੀ ਧੋਖਾਖੜੀ ਕਰਦੇ ਹਨ ਉਸ ਲਈ ਤਾਂ ਉਹਨਾਂ 'ਤੇ ਚਾਰ ਸੌ ਵੀਹ ਦਾ ਮੁਕੱਦਮਾ ਚਲਾਇਆ ਜਾਣਾ ਚਾਹੀਦਾ ਹੈ! ਜੀ ਹਾਂ, ਅਸੀਂ ਗੱਲ ਨੂੰ ਵਧਾਅ-ਚੜ੍ਹਾਅ ਕੇ ਨਹੀਂ ਪੇਸ਼ ਕਰ ਰਹੇ ਹਾਂ! ਸੱਚ ਮੁੱਚ ਉਹਨਾਂ 'ਤੇ 420 ਦਾ ਮੁਕੱਦਮਾ ਚਲਾਇਆ ਜਾਣਾ ਚਾਹੀਦਾ ਹੈ। ਗਰੀਬੀ ਦੇ ਨਵੇਂ ਅੰਕੜਿਆਂ ਦੀ ਗਣਨਾ ਕਰਨ ਲਈ ਅਰਥਸ਼ਾਸਤਰੀ 1873-74 ਦੇ ਵਰ੍ਹੇ ਨੂੰ ਅਧਾਰ ਬਣਾਉਂਦੇ ਹਨ। ਉਸ ਸਮੇਂ ਦੀ ਖਪਤ ਦੀ ਘੱਟੋ-ਘੱਟ ਮਿਕਦਾਰ ਦਾ ਮੁਕਾਬਲਾ ਨਵੀਂ ਖਪਤ ਕੀਮਤ ਸੂਚਕ ਅੰਕਾਂ ਨਾਲ਼ ਕਰ ਦਿੱਤਾ ਜਾਂਦਾ ਹੈ। ਜਾਣੀ ਕਿ ਅੱਜ ਦੀ ਖਪਤ ਦਾ ਕੋਈ ਸਿੱਧਾ ਸਿੱਧਾ ਮੁਲੰਕਣ ਨਹੀਂ ਕੀਤਾ ਜਾਂਦਾ, ਸਗੋਂ 1973-74 ਦੀ ਖਪਤ ਪੱਧਰ ਦੀ ਐਡਜਸਟਮੈਂਟ ਅੱਜ ਦੀ ਉਪਭੋਗਤਾ ਕੀਮਤ ਸੂਚਕ ਅੰਕ ਨਾਲ਼ ਕਰ ਦਿੱਤੀ ਜਾਂਦੀ ਹੈ, ਜਿਸ ਕਾਰਨ ਗਰੀਬੀ ਰੇਖਾ ਬੇਹੱਦ ਹੇਠਾਂ ਆਉਂਦੀ ਹੈ। ਮਿਸਾਲ ਦੇ ਤੌਰ 'ਤੇ ਨਵੀਂ ਗਰੀਬੀ ਰੇਖਾ ਅਨੁਸਾਰ ਜਿਸ ਪਰਿਵਾਰ ਦੀ ਪ੍ਰਤੀ ਵਿਅਕਤੀ ਆਮਦਨ ਪਿੰਡਾਂ ਵਿੱਚ ਰੁ. 356.30 ਪ੍ਰਤੀ ਮਹੀਨਾ ਹੋਵੇਗੀ ਅਤੇ ਸ਼ਹਿਰਾਂ ਵਿੱਚ ਰੁਪਏ 538.60 ਪ੍ਰਤੀ ਮਹੀਨਾ ਹੋਵੇਗੀ, ਉਹ ਗਰੀਬੀ ਰੇਖਾ ਤੋਂ ਉੱਪਰ ਮੰਨਿਆ ਜਾਵੇਗਾ। ਭਾਵ ਕਿ ਪਿੰਡ ਵਿੱਚ ਜਿਸ ਦੀ ਆਮਦਨ 11.87 ਰੁ. ਪ੍ਰਤੀ ਦਿਨ ਹੋਵੇਗੀ ਉਹ ਗਰੀਬ ਨਹੀਂ ਮੰਨਿਆ ਜਾਵੇਗਾ ਅਤੇ ਸ਼ਹਿਰ ਵਿੱਚ ਜਿਸ ਦੀ ਆਮਦਨ ਰੁਪਏ 17.95 ਪ੍ਰਤੀ ਦਿਨ ਹੋਵੇਗੀ ਉਹ ਗਰੀਬ ਨਹੀਂ ਮੰਨਿਆ ਜਾਵੇਗਾ! ਇਹ ਇਸ ਦੇਸ਼ ਦੀ ਕਿਰਤੀ ਅਬਾਦੀ ਨਾਲ਼ ਇੱਕ ਭੱਦਾ ਮਜ਼ਾਕ ਹੈ। ਨਾਲ਼ੇ ਜਦੋਂ ਗਰੀਬੀ ਰੇਖਾ ਇੰਨੀ ਮਜ਼ਾਕੀਆ ਹੈ, ਤਦ ਇਸ ਦੇਸ਼ 'ਚ 28 ਪ੍ਰਤੀਸ਼ਤ ਲੋਕ ਗਰੀਬੀ ਰੇਖਾ ਤੋਂ ਹੇਠਾਂ ਰਹਿੰਦੇ ਹਨ। ਉਹ ਆਪਣੇ ਆਪ ਵਿੱਚ ਇਸ ਦੇਸ਼ ਵਿੱਚ ਗਰੀਬੀ ਦੇ ਦੈਂਤ-ਅਕਾਰੀ ਰੂਪ ਨੂੰ ਬਿਆਨ ਕਰਦਾ ਹੈ। ਗਰੀਬੀ ਰੇਖਾ ਦਾ ਅਧਾਰ

ਕੈਲੋਰੀ ਉਪਭੋਗ ਨੂੰ ਮੰਨਿਆ ਗਿਆ ਹੈ ਇਸ ਲਈ ਹਰ ਸਰਵੇਖਣ ਵਿੱਚ ਸਰਕਾਰੀ ਏਜੰਸੀਆਂ ਨੂੰ ਕੈਲੋਰੀ ਖਪਤ ਦੀ ਨਵੇਂ ਸਿਰੇ ਤੋਂ ਗਣਨਾ ਕਰਕੇ ਇਹ ਤੈਅ ਕਰਨਾ ਚਾਹੀਦਾ ਹੈ ਕਿ ਅੱਜ ਪਿੰਡ ਵਿੱਚ 2400 ਕੈਲੋਰੀ ਅਤੇ ਸ਼ਹਿਰਾਂ 'ਚ 2100 ਕੈਲੋਰੀ ਦੀ ਖਪਤ ਕਰਨ ਲਈ ਕਿੰਨੀ ਔਸਤ ਪਰਿਵਾਰਕ ਆਮਦਨ ਹੋਣੀ ਚਾਹੀਦੀ ਹੈ। ਪਰ ਸਰਕਾਰੀ ਏਜੰਸੀਆਂ ਕਰਦੀਆਂ ਇਹ ਹਨ ਕਿ ਅੱਜ ਦੀ ਖਪਤ ਪੱਧਰ ਦੀ ਗਣਨਾ ਕੀਤੇ ਬਗੈਰ 1973-74 ਦੇ ਖਪਤ ਪੱਧਰ ਨੂੰ ਆਮਦਨ ਵਿੱਚ ਬਦਲ ਕੇ ਉਸ ਆਮਦਨ ਦਾ ਮੁਕਾਬਲਾ ਮੌਜੂਦਾ ਖਪਤ ਸੂਚਕ ਅੰਕਾਂ ਨਾਲ਼ ਕਰ ਦਿੰਦੀਆਂ ਹਨ। ਇਸ ਦਾ ਨਤੀਜਾ ਇਹ ਹੁੰਦਾ ਹੈ ਕਿ ਗਰੀਬੀ ਰੇਖਾ ਲਈ ਹੁਣ ਘੱਟੋ-ਘੱਟ ਕੈਲੋਰੀ ਖਪਤ 2400 ਜਾਂ 2100 ਕੈਲੋਰੀ ਰਹਿ ਹੀ ਨਹੀਂ ਜਾਂਦਾ। ਜੇਕਰ ਕਿਸੇ ਪੇਂਡੂ ਪਰਿਵਾਰ ਦੀ ਪ੍ਰਤੀ ਜੀਅ ਮਾਸਿਕ ਆਮਦਨ ਮਹਿਜ਼ 356.30 ਰੁਪਏ ਹੋਵੇ ਤਾਂ ਉਸ ਦਾ ਹਰ ਮੈਂਬਰ ਨਿੱਤ ਦਿਨ ਮਹਿਜ਼ 1890 ਕੈਲੋਰੀ ਦੀ ਖਪਤ ਕਰ ਸਕਦਾ ਹੈ। ਜਿਹੜਾ ਘੱਟੋ ਘੱਟ ਪੈਮਾਨੇ ਤੋਂ 500 ਕੈਲੋਰੀ ਤੋਂ ਵੀ ਜ਼ਿਆਦਾ ਘੱਟ ਹੈ। ਉਹੀ ਜੇਕਰ ਕੋਈ ਸ਼ਹਿਰੀ ਪਰਿਵਾਰ 538.60 ਰੁਪਏ ਪ੍ਰਤੀ ਮਹੀਨਾ ਪ੍ਰਤੀ ਵਿਅਕਤੀ ਆਮਦਨ 'ਤੇ ਗੁਜਾਰਾ ਕਰਦਾ ਹੈ ਤਾਂ ਉਸਦਾ ਹਰ ਮੈਂਬਰ ਨਿੱਤ ਦਿਨ ਮਹਿਜ਼ 1875 ਕੈਲੋਰੀ ਦੀ ਖਪਤ ਕਰ ਸਕਦਾ ਹੈ ਜਿਹੜਾ ਕਿ ਘੱਟੋ-ਘੱਟ ਕੈਲੋਰੀ ਖਪਤ ਪੈਮਾਨੇ ਤੋਂ ਲਗਭਗ 225 ਕੈਲੋਰੀ ਘੱਟ ਹੈ। ਭਾਵ ਕਿ ਇਹ ਗਰੀਬੀ ਨਹੀਂ ਹੈ ਜੋ ਹੇਠਾਂ ਆ ਰਹੀ ਹੈ, ਸਗੋਂ ਗਰੀਬੀ ਰੇਖਾ ਹੈ ਜਿਸ ਨੂੰ ਹੇਠਾਂ ਖਿਸਕਾ-ਖਿਸਕਾ ਕੇ ਹਰ ਪੰਜ ਵਰ੍ਹਿਆ 'ਤੇ ਸਰਕਾਰ ਇਸ ਦੇਸ਼ ਦੇ ਲੋਕਾਂ ਨੂੰ ਦੱਸਦੀ ਹੈ ਕਿ ਗਰੀਬੀ ਘੱਟ ਹੋ ਰਹੀ ਹੈ। ਹਰ ਵਾਰੀ ਜੇਕਰ ਘੱਟੋ-ਘੱਟ ਕੈਲੋਰੀ ਖਪਤ ਦੀ ਗਣਨਾ ਕਰਕੇ ਉਸ ਨੂੰ ਆਮਦਨ ਵਿੱਚ ਬਦਲ ਕੇ ਨਾ ਦੇਖਿਆ ਜਾਵੇ ਤਾਂ ਅੰਕੜਿਆ ਨੂੰ ਤੋੜ-ਮਰੋੜ ਕੇ ਗਰੀਬੀ ਨੂੰ ਮਨ-ਮਰਜੀ ਦੇ ਢੰਗ ਨਾਲ਼ ਘੱਟ ਦਿਖਾਇਆ ਜਾ ਸਕਦਾ ਹੈ। ਜੇਕਰ 1974 ਵਿੱਚ ਗਰੀਬੀ ਰੇਖਾ ਦੇ ਉੱਤਾਂਹ ਹੋਣ ਲਈ ਘੱਟੋ-ਘੱਟ ਕੈਲੋਰੀ ਖਪਤ 2400/2100 ਕੈਲੋਰੀ ਸੀ ਤਾਂ ਅੱਜ ਇਸ ਨੂੰ ਘੱਟ ਕਰਕੇ 1890/1875 ਕਰ ਦਿੱਤਾ ਗਿਆ ਹੈ। ਇਸ ਲਈ ਅੰਕੜਿਆਂ ਵਿੱਚ ਗਰੀਬੀ ਘੱਟ ਨਜ਼ਰ ਆਉਂਦੀ ਹੈ, ਪਰ ਅਸਲ ਵਿੱਚ ਉਹ ਵੱਧ ਰਹੀ ਹੈ।

**ਤੀਜੀ ਗੱਲ**, ਕੈਲੋਰੀ ਖਪਤ ਨੂੰ ਹਰ ਵਾਰੀ ਸਿੱਧੇ ਜੋੜ ਕੇ ਰੁਪਇਆਂ 'ਚ ਤਬਦੀਲ ਕਰਨ ਤੋਂ ਇਲਾਵਾ, ਮਹਿਜ਼ ਕੈਲੋਰੀ ਖਪਤ ਨੂੰ ਹੀ ਗਰੀਬੀ ਰੇਖਾ ਦਾ ਪੈਮਾਨਾ ਮੰਨਿਆ ਜਾਵੇਗਾ ਤਾਂ ਨਿਸ਼ਚਿਤ ਤੌਰ 'ਤੇ ਗਰੀਬੀ ਰੁਕੀ ਹੋਈ ਜਾਂ ਘੱਟ ਹੋਈ ਪ੍ਰਤੀਤ ਹੋ ਸਕਦੀ ਹੈ, ਜਾਂ ਇਸ ਨੂੰ ਅਜਿਹਾ ਪ੍ਰਤੀਤ ਕਰਵਾਇਆ ਜਾ ਸਕਦਾ ਹੈ। ਜੇਕਰ ਕੈਲੋਰੀ ਖਪਤ ਦਾ ਰਿਸ਼ਤਾ ਹਰ ਵਾਰੀ ਇਸ ਗੱਲ ਨਾਲ਼ ਕਾਇਮ ਨਹੀਂ ਕੀਤਾ ਜਾਂਦਾ ਕਿ ਪੋਸ਼ਣ ਦੇ ਅਰਥਾਂ 'ਚ ਇੰਨੀ ਕੈਲੋਰੀ ਦੀ ਖਪਤ ਦਾ ਨਤੀਜਾ ਕੀ ਹੋ ਰਿਹਾ ਹੈ ਤਾਂ ਗਰੀਬੀ ਰੇਖਾ ਅਰਥਹੀਣ ਹੋ ਜਾਵੇਗੀ। ਦੇਸ਼ ਵਿੱਚ ਜੇਕਰ ਕੁਪੋਸ਼ਣ ਅਤੇ ਭੁੱਖਮਰੀ ਵੱਧ ਰਹੀ ਹੈ, ਤਾਂ ਜਾਹਿਰ ਹੈ ਕਿ ਦੇਸ਼ ਦੇ ਕਿਰਤੀ ਗਰੀਬ ਲੋਕਾਂ ਨੂੰ ਪੋਸ਼ਣ ਕਾਫ਼ੀ ਮਿਕਦਾਰ ਵਿੱਚ ਨਹੀਂ ਮਿਲ ਰਿਹਾ ਹੈ। ਸੰਯੁਕਤ ਰਾਸ਼ਟਰ ਦੇ ਮਨੁੱਖੀ ਵਿਕਾਸ ਸੂਚਕ ਅੰਕ ਿ ਵਿੱਚ ਭਾਰਤ ਦਾ ਸਥਾਨ 182 ਦੇਸ਼ਾਂ ਵਿੱਚ 134ਵਾਂ ਹੈ। ਯਾਦ ਰਹੇ ਕਿ ਇਹ 2005 ਵਿੱਚ 128ਵੇਂ 'ਤੇ ਸੀ। ਹਰ ਵਰ੍ਹੇ ਭਾਰਤ 'ਚ ਵੱਧਦੀ ਭੁੱਖਮਰੀ ਅਤੇ ਕੁਪੋਸ਼ਣ ਦੇ ਕਾਰਣ ਮਨੁੱਖੀ ਵਿਕਾਸ ਦੇ ਮਾਮਲੇ ਵਿੱਚ ਉਹ ਉਪ-ਸਹਾਰਾ ਦੇ ਮੁਲਕਾਂ ਤੋਂ ਵੀ ਪਿੱਛੇ ਛੁੱਟਦਾ ਜਾ ਰਿਹਾ ਹੈ। ਅਫ਼ਗਾਨਿਸਤਾਨ, ਚਾਡ, ਅੰਗੋਲਾ ਅਤੇ ਬਰੁੰਡੀ ਵਿੱਚ ਵੀ ਪ੍ਰਤੀ ਵਿਅਕਤੀ ਪੋਸ਼ਣ ਭਾਰਤ ਮੁਕਾਬਲੇ ਜ਼ਿਆਦਾ ਹੈ। ਮਨੁੱਖੀ ਗਰੀਬੀ ਸੂਚਕ ਅੰਕ ਵਿੱਚ 135 ਦੇਸ਼ਾਂ ਵਿੱਚ ਭਾਰਤ ਦੀ ਜਗ੍ਹਾ 88ਵੀਂ ਹੈ। ਪਿਛਲੇ ਸਰਵੇਖਣ ਵਿੱਚ ਭਾਰਤ ਦਾ 155 ਦੇਸ਼ਾਂ ਵਿੱਚੋਂ 52ਵੀਂ ਜਗ੍ਹਾ ਸੀ। ਅਜਿਹੇ ਸਰਵੇਖਣ ਜਿਹੜੇ ਪੋਸ਼ਣ, ਰਿਹਾਇਸ਼ ਅਤੇ ਹੋਰ ਮਨੁੱਖੀ ਲੋੜਾਂ ਦੀਆਂ ਕੀਮਤਾਂ ਨੂੰ ਗਰੀਬੀ ਦੀ ਗਣਨਾ 'ਚ ਸ਼ਾਮਿਲ ਕਰਦੇ ਹਨ, ਉਹ ਸਾਫ਼ ਤੌਰ 'ਤੇ ਦੱਸ ਰਹੇ ਹਨ ਕਿ ਭਾਰਤ ਵਿੱਚ ਗਰੀਬੀ ਵਧਣ ਦੀ ਰਫ਼ਤਾਰ ਭਿਅੰਕਰ ਹੈ। ਨਾਲ਼ੇ ਖਾਸ ਤੌਰ 'ਤੇ ਪਿਛਲੇ 20 ਵਰ੍ਹਿਆ ਵਿੱਚ ਇਹ ਸਭ ਤੋਂ ਤੇਜ਼ੀ ਨਾਲ਼ ਵਧੀ ਹੈ। ਮਨਮੋਹਨ ਸਿੰਘ ਦੇ ਮਨਮੋਹਣੇ ਦਾਅਵਿਆਂ ਨਾਲ਼ ਗਰੀਬੀ ਦਾ ਸੱਚ ਨਹੀਂ ਲੁਕ ਸਕਦਾ! ਸਰਕਾਰੀ ਅੰਕੜਿਆਂ ਦਾ ਹੀ ਈਮਾਨਦਾਰੀ ਨਾਲ਼ ਵਿਸ਼ਲੇਸ਼ਣ ਕਰੀਏ ਤਾਂ ਪਤਾ ਲਗਦਾ ਹੈ ਕਿ ਅੱਜ ਜਿਸ ਆਮਦਨ ਨੂੰ ਸਰਕਾਰ ਗਰੀਬੀ ਰੇਖਾ ਦੇ ਰੂਪ ਵਿੱਚ ਪ੍ਰੀਭਾਸ਼ਤ ਕਰਦੀ ਹੈ, ਉਸ ਆਮਦਨ 'ਤੇ ਕੋਈ ਵੀ ਪਰਿਵਾਰ ਗਰੀਬੀ ਰੇਖਾ ਦੇ ਰੂਪ ਵਿੱਚ ਪ੍ਰੀਭਾਸ਼ਤ ਘੱਟੋ-ਘੱਟ ਕੈਲੋਰੀ ਖਪਤ ਦੀ ਸ਼ਰਤ ਨੂੰ ਪੂਰਾ ਨਹੀਂ ਕਰ ਸਕਦਾ।

**ਚੌਥੀ ਗੱਲ**, ਕੌਮੀ ਨਮੂਨਾ ਸਰਵੇਖਣ ਦੇ ਅੰਕੜੇ ਦੱਸਦੇ ਹਨ ਕਿ ਪ੍ਰਤੀ ਵਿਅਕਤੀ ਅੰਨ ਖਪਤ ਦੇਸ਼ 'ਚ ਨਵੀਆਂ ਆਰਥਕ ਨੀਤੀਆਂ ਦੇ ਲਾਗੂ ਹੋਣ ਮਗਰੋਂ ਲਗਾਤਾਰ ਘਟੀ ਹੈ। ਜਿੱਥੇ 1993-94 ਵਿੱਚ ਪਿੰਡਾ ਵਿੱਚ ਪ੍ਰਤੀ ਵਿਅਕਤੀ ਅੰਨ ਖਪਤ 13.4 ਕਿਲੋ ਗ੍ਰਾਮ ਪ੍ਰਤੀ ਮਹੀਨਾ ਸੀ, ਉੱਥੇ 2006-07 ਵਿੱਚ ਘਟ ਕੇ 11.7 ਕਿਲੋ ਗ੍ਰਾਮ ਪ੍ਰਤੀ ਮਹੀਨਾ ਰਹਿ ਗਈ। ਸ਼ਹਿਰਾਂ ਵਿੱਚ 1993-94 ਵਿੱਚ ਪ੍ਰਤੀ ਵਿਅਕਤੀ ਅੰਨ ਖਪਤ 10.6 ਕਿਲੋ ਗ੍ਰਾਮ ਪ੍ਰਤੀ ਮਹੀਨਾ ਰਹਿ ਗਈ। ਇਸ ਦੀ ਵਜ੍ਹਾ ਇਹ ਹੈ ਕਿ ਨਵੀਂ ਆਰਥਿਕ ਨੀਤੀ ਦੇ ਲਾਗੂ ਹੋਣ ਮਗਰੋਂ ਜੀਵਨ ਤੇਜ਼ੀ ਨਾਲ਼ ਮਹਿੰਗਾ ਹੁੰਦਾ ਗਿਆ ਹੈ। ਮਨੁੱਖ ਸਿਰਫ਼ ਖਾ ਕੇ ਤਾਂ ਨਹੀਂ ਜੀਏਗਾ। ਹੋਰ ਬੁਨਿਆਦੀ ਸਹੂਲਤਾਂ ਲਗਾਤਾਰ ਮਹਿੰਗੀਆਂ ਹੁੰਦੇ ਜਾਣ ਨਾਲ਼ ਅੰਨ ਖਪਤ 'ਤੇ ਖਰਚ ਘੱਟ ਹੁੰਦਾ ਗਿਆ ਹੈ ਜਿਸ ਨਾਲ਼ ਅੰਨ ਖਪਤ ਘੱਟ ਹੁੰਦੀ ਗਈ ਹੈ। ਦੂਜੀ ਗੱਲ ਇਹ ਕਿ ਅੰਨ ਵੀ ਇੰਨਾ ਮਹਿੰਗਾ ਹੁੰਦਾ ਗਿਆ ਹੈ ਕਿ ਉਸ ਦੀ ਖਪਤ ਦੀ ਪੁਰਾਣੀ ਪੱਧਰ ਨੂੰ ਕਾਇਮ ਰੱਖ ਸਕਣਾ ਕਿਰਤੀ ਅਬਾਦੀ ਲਈ ਸੰਭਵ ਨਹੀਂ ਰਹਿ ਗਿਆ ਹੈ।

**ਪੰਜਵੀਂ ਗੱਲ**, ਗਰੀਬੀ ਰੇਖਾ ਤੈਅ ਕਰਦੇ ਸਮੇਂ ਦੋ ਹੋਰ ਕਾਰਕਾਂ ਨੂੰ ਉਚਿੱਤ ਰੂਪ ਨਾਲ਼ ਸ਼ਾਮਲ ਨਹੀਂ ਕੀਤਾ ਜਾਂਦਾ। ਉਹ ਕਾਰਕ ਹਨ ਮੁਦਰਾਸ਼ਫ਼ੀਤੀ ਅਤੇ ਅਸਲੀ ਮਜ਼ਦੂਰੀ 'ਚ ਕਮੀ। ਕਈ ਸਰਕਾਰੀ ਅਰਥਸ਼ਾਸਤਰੀ ਦਾਅਵਾ ਕਰ ਸਕਦੇ ਹਨ ਕਿ ਉਪਭੋਗਤਾ ਕੀਮਤ ਸੂਚਕ ਅੰਕ ਦੀ ਗਣਨਾ ਵਿੱਚ ਇਨ੍ਹਾਂ ਕਾਰਕਾਂ ਦਾ ਵਿਸ਼ਲੇਸ਼ਣ ਸ਼ਾਮਿਲ ਹੁੰਦਾ ਹੈ। ਪਰ ਅਸੀਂ ਸਭ ਜਾਣਦੇ ਹਾਂ ਕਿ ਇਹਨਾਂ ਹੀ ਸੂਚਕ ਅੰਕਾਂ ਅਨੁਸਾਰ ਮੰਹਿਗਾਈ ਪਿਛਲੇ ਕੁੱਝ ਮਹੀਨਿਆਂ ਤੋਂ ਘੱਟ ਹੋ ਰਹੀ ਹੈ। ਪਰ ਜਿਉਂ ਹੀ ਤੁਸੀਂ ਕਿਸੇ ਪੰਸਾਰੀ ਦੀ ਦੁਕਾਨ, ਸ਼ਬਜੀ ਮੰਡੀ ਜਾਂ ਬਜ਼ਾਰ ਜਾਂਦੇ ਹੋ ਤਾਂ ਤੁਹਾਨੂੰ ਪਤਾ

ਲੱਗੇਗਾ ਕਿ ਮੰਹਿਗਾਈ ਘੱਟ ਨਹੀਂ ਹੋ ਰਹੀ ਹੈ, ਸਗੋਂ ਲਗਾਤਾਰ ਵੱਧ ਰਹੀ ਹੈ, ਨਾਲ਼ੇ ਪਹਿਲਾਂ ਨਾਲ਼ੋਂ ਤੇਜ਼ ਰਫ਼ਤਾਰ ਨਾਲ਼। ਇਸ ਦੀ ਵਜ੍ਹਾ ਇਹ ਹੈ ਕਿ ਥੋਕ ਮੁੱਲਾਂ ਅਨੁਸਾਰ ਉਪਭੋਗਤਾ ਕੀਮਤ ਸੂਚਕ ਅੰਕਾਂ ਦੀ ਜਿਹੜੀ ਗਣਨਾ ਕੀਤੀ ਜਾਂਦੀ ਹੈ; ਉਹ ਆਪਣੇ ਆਪ ਵਿੱਚ ਅਧੂਰੀ ਅਤੇ ਗਲਤ ਹੈ। ਅਸਲ 'ਚ ਆਮ ਬੁਨਿਆਦੀ ਲੋੜਾਂ ਦੀਆਂ ਵਸਤੂਆਂ ਦੀ ਕੀਮਤਾਂ ਵਿੱਚ ਵਾਧਾ ਲਗਾਤਾਰ ਜਾਰੀ ਹੈ। ਖਾਧ ਮੁਦਰਾਸਫ਼ੀਤੀ ਦੇ ਵੀ ਬਜ਼ਾਰ ਮੁੱਲਾਂ 'ਤੇ ਨਜ਼ਰ ਮਾਰੀਏ ਤਾਂ ਦਾਲ, ਚਾਵਲ, ਤੇਲ, ਚੀਨੀ, ਸ਼ਬਜੀਆਂ, ਦੁੱਧ ਆਦਿ ਸਾਰੇ ਲਗਾਤਾਰ ਆਮ ਕਿਰਤੀ ਅਬਾਦੀ ਦੀ ਜੇਬ ਦੀ ਪਹੁੰਚ ਤੋਂ ਬਹਾਰ ਹੁੰਦੇ ਜਾ ਰਹੇ ਹਨ। ਮੁਦਰਾਸਫੀਤੀ ਕਾਰਨ ਹੁੰਦਾ ਇਹ ਹੈ ਕਿ ਰਕਮ ਦੇ ਅਰਥਾਂ ਵਿੱਚ ਮਜ਼ਦੂਰੀ ਵੱਧਦੀ ਨਜ਼ਰ ਆਉਂਦੀ ਹੈ ਪਰ ਮੁਦਰਾ ਦੇ ਮੁੱਲ ਵਿੱਚ ਹੀ ਸਰਕਾਰ ਸ਼ਫੀਤੀ (ਰੁਪਏ ਦੇ ਮੁੱਲ ਵਿੱਚ ਕਮੀ) ਕਰਦੀ ਜਾਂਦੀ ਹੈ, ਜਿਸ ਨਾਲ਼ ਕਿ ਮੁਦਰਾ ਦੀ ਖਰੀਦ ਸ਼ਕਤੀ ਅਸਲ 'ਚ ਘੱਟ ਜਾਂਦੀ ਹੈ। ਇਸ ਨਾਲ਼ ਮਜ਼ਦੂਰੀ ਜੇਕਰ ਰੁਪਇਆਂ 'ਚ ਵਧੇ ਵੀ, ਤਾਂ ਅਸਲ ਵਿੱਚ ਘੱਟ ਹੋ ਜਾਂਦੀ ਹੈ। ਕਿਉਂਕਿ ਮੁਦਰਾ ਦੇ ਪੁਰਾਣੇ ਮੁੱਲ 'ਤੇ ਤੁਸੀਂ 100 ਰੁਪਏ ਵਿੱਚ ਜਿੰਨਾ ਖਰੀਦ ਸਕਦੇ ਸੀ, ਮੁਦਰਾ ਦੀ ਕੀਮਤ ਘਟਣ ਮਗਰੋਂ ਤੁਸੀਂ 200 ਰੁਪਏ 'ਚ ਵੀ ਉੱਨਾ ਨਹੀਂ ਖਰੀਦ ਸਕਦੇ। ਜੇਕਰ ਰੁਪਏ ਦੇ ਮੁੱਲ ਵਿੱਚ 50 ਪ੍ਰਤੀਸ਼ਤ ਗਿਰਾਵਟ ਆਉਂਦੀ ਹੈ ਤਾਂ ਤੁਹਾਡੀ ਆਮਦਨ 25 ਪ੍ਰਤੀਸ਼ਤ ਵਧਾ ਵੀ ਦਿੱਤੀ ਜਾਵੇ ਤਾਂ ਤੁਸੀਂ ਪਹਿਲਾਂ ਮੁਕਾਬਲੇ 25 ਪ੍ਰਤੀਸ਼ਤ ਜ਼ਿਆਦਾ ਗਰੀਬ ਹੋ ਗਏ। ਜੇਕਰ ਗਰੀਬੀ ਰੇਖਾ ਦੀ ਸਿੱਧੀ ਤੁਲਨਾ ਮੁਦਰਾਸਫੀਤੀ ਅਤੇ ਅਸਲੀ ਮਜ਼ਦੂਰੀ ਵਿੱਚ ਕਮੀ ਨਾਲ਼ ਨਹੀਂ ਕੀਤੀ ਜਾਂਦੀ ਤਾਂ ਨਿਸ਼ਚਿਤ ਰੂਪ ਨਾਲ਼ ਉਹ ਗਰੀਬੀ ਰੇਖਾ ਇੱਕ ਸਾਜ਼ਿਸ਼ਕਾਰੀ ਗਰੀਬੀ ਰੇਖਾ ਹੋਵੇਗੀ ਜਿਸ ਦਾ ਮਕਸਦ ਇਸ ਢਾਂਚੇ ਦੇ ਅਪਰਾਧਾਂ ਨੂੰ ਲੁਕਾਉਣਾ ਹੋਵੇਗਾ। ਨਾਲ਼ੇ ਇਹੀ ਸਰਮਾਏਦਾਰ ਜਮਾਤ ਅਤੇ ਮਨਮੋਹਨ ਸਿੰਘ, ਚਿਦੰਬਰਮ, ਪ੍ਰਣਬ ਮੁਖਰਜੀ ਜਿਹੇ ਉਸ ਦੇ ਮੁਨੀਮਾਂ ਦਾ ਕੰਮ ਹੈ।

**ਆਓ ਹੁਣ, ਜ਼ਰਾ ਦੇਖੀਏ ਕਿ ਅਸਲੀ ਅੰਕੜੇ ਕੀ ਦੱਸਦੇ ਹਨ!** ਜੇਕਰ ਅਸੀਂ ਸਰਕਾਰ ਦੀ ਹੀ ਤਰ੍ਹਾਂ ਸਿਰਫ਼ ਕੈਲੋਰੀ ਖਪਤ ਨੂੰ ਹੀ ਮਹਿਜ ਇੱਕ ਪੈਮਾਨਾ ਮੰਨੀਏ ਤਾਂ ਅੱਜ ਦੇ ਖਪਤ ਕੀਮਤ ਸੂਚਕ ਅੰਕਾਂ ਨਾਲ਼ ਮਲੇਵਾਂ ਕਰਨ 'ਤੇ 2400/2100 ਕੈਲੋਰੀ ਦੀ ਖਪਤ ਲਈ ਜਿੰਨੀ ਪ੍ਰਤੀ ਵਿਅਕਤੀ ਔਸਤ ਆਮਦਨ ਦੀ ਲੋੜ ਹੋਵੇਗੀ, ਉਸ ਮੁਤਾਬਿਕ ਦੇਸ਼ ਦੀ ਕਰੀਬ 80 ਪ੍ਰਤੀਸ਼ਤ ਪੇਂਡੂ ਅਬਾਦੀ ਅਤੇ 60 ਪ੍ਰਤੀਸ਼ਤ ਸ਼ਹਿਰੀ ਅਬਾਦੀ ਗਰੀਬੀ ਰੇਖਾ ਤੋਂ ਹੇਠਾਂ ਹੈ। ਪਰ ਅਸੀਂ ਪਹਿਲਾਂ ਦਿਖਾ ਚੁੱਕੇ ਹਾਂ ਕਿ ਮਹਿਜ਼ 2400 ਕੈਲੋਰੀ ਦੇਣ ਵਾਲ਼ੇ ਭੋਜਨ ਨੂੰ ਗਰੀਬੀ ਰੇਖਾ ਦ ਪੈਮਾਨਾ ਬਣਾਉਣਾ ਆਪਣੇ ਆਪ 'ਚ ਕੋਈ ਮਤਲਬ ਨਹੀਂ ਰੱਖਦਾ। ਕਿਉਂਕਿ ਉਹ ਭੋਜਨ ਅਸਮਾਨ ਤੋਂ ਨਹੀਂ ਡਿੱਗੇਗਾ। ਉਸ ਨੂੰ ਕੋਈ ਕਿਰਤੀ ਪਰਿਵਾਰ ਖਰੀਦਕੇ ਲਿਆਏਗਾ, ਪਕਾਊਗਾ ਅਤੇ ਫਿਰ ਹੀ ਖਾਊਗਾ। ਇਸ ਲਈ ਬਾਲਣ ਦਾ ਖਰਚ ਵੀ ਗਰੀਬੀ ਰੇਖਾ ਨਾਲ਼ ਜੋੜਿਆ ਜਾਣਾ ਚਾਹੀਦਾ ਹੈ। ਖਾਣਾ ਇਨਸਾਨ ਤਦ ਹੀ ਖਾਊਗਾ ਜਦੋਂ ਉਹ ਜੀਊਂਦਾ ਰਹੇਗਾ, ਨਾਲ਼ੇ ਜੀਊਂਦੇ ਰਹਿਣ ਲਈ ਘੱਟ ਤੋਂ ਘੱਟ ਉਸ ਦੇ ਸਰੀਰ 'ਤੇ ਕੱਪੜੇ ਅਤੇ ਸਿਰ 'ਤੇ ਛੱਤ ਹੋਣੀ ਚਾਹੀਦੀ ਹੈ। ਜੇਕਰ ਜੀਊਂਦੇ ਰਹਿਣ ਲਈ ਘੱਟੋ-ਘੱਟ ਕੱਪੜੇ ਅਤੇ ਰਿਹਾਇਸ਼ ਲਈ ਘੱਟੋ-ਘੱਟ ਕਿਰਾਏ ਨੂੰ ਗਰੀਬੀ ਰੇਖਾ ਵਿੱਚ ਨਹੀਂ ਜੋੜਿਆ ਜਾਂਦਾ, ਤਾਂ ਫਿਰ ਉਹ ਗਰੀਬੀ ਰੇਖਾ ਅਖਵਾਉਣ ਦੇ ਯੋਗ ਹੀ ਨਹੀਂ ਹੈ। ਭਾਰਤੀ ਸੰਵਿਧਾਨ ਨੇ ਮੰਨਿਆਂ ਹੈ ਕਿ ਸਿੱਖਿਆ ਇੱਕ ਸੰਪੂਰਨ ਮਨੁੱਖੀ ਜੀਵਨ ਲਈ ਲਾਜ਼ਮੀ ਹੈ ਅਤੇ ਇਸ ਲਈ 14 ਸਾਲ ਤੱਕ ਦੀ ਲਾਜ਼ਮੀ ਸਿੱਖਿਆ ਨੂੰ ਰਾਜ ਦੀ ਜ਼ਿੰਮੇਵਾਰੀ ਅਤੇ ਲੋਕਾਂ ਦਾ ਹੱਕ ਮੰਨਿਆ ਗਿਆ ਹੈ। ਜੇਕਰ ਰਾਜ ਮੁਫ਼ਤ ਸਿੱਖਿਆ ਦਾ ਟਿਕਾਊ ਅਤੇ ਵਿਵਹਾਰਿਕ ਪ੍ਰਬੰਧ ਨਹੀਂ ਕਰਦਾ ਤਾਂ ਸਿੱਖਿਆ ਦੇ ਖਰਚ ਨੂੰ ਵੀ ਗਰੀਬੀ ਰੇਖਾ ਦੀ ਗਣਨਾ ਵਿੱਚ ਸ਼ਾਮਲ ਕੀਤਾ ਜਾਣਾ ਚਾਹੀਦਾ ਹੈ। ਨਾਲ਼ ਹੀ, ਗੁਣਵੱਤਾ ਵਾਲ਼ੀ ਇਲਾਜ/ਸਿਹਤ ਸੇਵਾ ਗਰੀਬ ਲੋਕਾਂ ਲਈ ਜੀਊਣ ਦੇ ਹੱਕ ਸਮਾਨ ਹੈ। ਕਿਰਤੀ ਅਬਾਦੀ ਦੇ ਕੰਮ ਅਤੇ ਰਿਹਾਇਸ਼ ਦੀ ਜਗ੍ਹਾ ਹੀ ਅਜਿਹੀਆਂ ਹਨ ਜਿਹੜੀਆਂ ਉਹਨਾਂ ਦੀ ਸਿਹਤ ਨੂੰ ਸਭ ਤੋਂ ਵੱਧ ਗੈਰ-ਸੁੱਰਖਿਅਤ ਬਣਾਉਂਦੀਆਂ ਹਨ ਅਤੇ ਗਰੀਬਾਂ ਦੀ ਇੱਕ ਅੱਛੀ-ਖਾਸੀ ਤਦਾਦ ਉਹਨਾਂ ਬਿਮਾਰੀਆਂ ਤੋਂ ਚੰਗੀ ਸਿਹਤ ਸਹੂਲਤਾਂ ਦੀ ਕਮੀ ਵਿੱਚ ਹਰ ਦਿਨ ਮਰਦੀ ਹੈ, ਜਿਨ੍ਹਾਂ ਦਾ ਇਲਾਜ ਦਹਾਕਿਆਂ ਪਹਿਲੇ ਖੋਜਿਆਂ ਜਾ ਚੁੱਕਿਆ ਹੈ। ਸਿੱਟੇ ਵਜੋਂ, ਇਲਾਜ/ਸਿਹਤ ਦੇ ਖਰਚ ਨੂੰ ਵੀ ਗਰੀਬੀ ਰੇਖਾ ਨੂੰ ਅੰਗਣ ਵਿੱਚ ਸ਼ਾਮਲ ਕੀਤਾ ਜਾਣਾ ਚਾਹੀਦਾ ਹੈ। ਇਹ ਤਾਂ ਕੁੱਝ ਘੱਟੋ-ਘੱਟ ਜ਼ਰੂਰੀ ਕਾਰਕ ਹਨ ਜਿਨ੍ਹਾਂ ਨੂੰ ਗਰੀਬੀ ਰੇਖਾ ਤੈਅ ਕਰਨ ਵਿੱਚ ਸ਼ਾਮਿਲ ਕੀਤਾ ਹੀ ਜਾਣਾ ਚਾਹੀਦਾ ਹੈ। ਜੇਕਰ ਇਹਨਾਂ ਨੂੰ ਗਰੀਬੀ ਰੇਖਾ ਨੂੰ ਅੰਗਣ 'ਚ ਸ਼ਾਮਲ ਨਹੀਂ ਕੀਤਾ ਜਾਂਦਾ ਅਤੇ ਸਿਰਫ਼ ਕੈਲੋਰੀ ਖਪਤ ਦੇ ਅਧਾਰ 'ਤੇ ਗਰੀਬੀ ਰੇਖਾ ਨੂੰ ਪ੍ਰੀਭਾਸ਼ਤ ਕੀਤਾ ਜਾਂਦਾ ਹੈ, ਤਾਂ ਉਹ ਅਸਲ 'ਚ ਗਰੀਬੀ ਰੇਖਾ ਨਹੀਂ ਹੈ ਸਗੋਂ 'ਭੁੱਖਮਰੀ ਰੇਖਾ' ਹੈ। ਨਾਲ਼ੇ ਅੱਜ 28 ਪ੍ਰਤੀਸ਼ਤ ਤੋਂ ਵੀ ਜ਼ਿਆਦਾ ਭਾਰਤੀ ਭੁੱਖਮਰੀ ਰੇਖਾ ਹੇਠਾਂ ਜੀਅ ਰਹੇ ਹਨ, ਨਾ ਕਿ ਗਰੀਬੀ ਰੇਖਾ ਹੇਠਾਂ। ਗਰੀਬੀ ਰੇਖਾ ਨੂੰ ਸਹੀ ਤਰੀਕੇ ਨਾਲ਼ ਪ੍ਰੀਭਾਸ਼ਤ ਕੀਤਾ ਜਾਵੇ ਤਾਂ ਦੇਸ਼ ਦੀ 80 ਫੀਸਦੀ ਅਬਾਦੀ ਗਰੀਬੀ ਰੇਖਾ ਹੇਠਾਂ ਜੀਅ ਰਹੀ ਹੈ। ਇਹ ਹੈ ਗਰੀਬੀ ਦੀ ਸੱਚਾਈ। ਨਾਲ਼ੇ ਨਵੀਆਂ ਆਰਥਿਕ ਨੀਤੀਆਂ ਦੇ ਲਾਗੂ ਹੋਣ ਮਗਰੋਂ ਇਸ ਗਿਣਤੀ ਵਿੱਚ ਵਾਧਾ ਹੋਇਆ ਹੈ ਨਾ ਕਿ ਕਮੀ।

ਜ਼ਾਹਿਰ ਹੈ ਕਿ ਹੁਕਮਰਾਨ ਜਮਾਤਾਂ ਦੇ ਰਾਜਨੀਤੀਵਾਨਾਂ ਦਾ ਇਹ ਕੰਮ ਹੁੰਦਾ ਹੈ ਕਿ ਉਹ ਸਰਮਾਏਦਾਰੀ ਦੇ ਅਪਰਾਧਾਂ 'ਤੇ ਪਰਦਾ ਪਾਉਂਦਾ ਰਹੇ ਜਾਂ ਫਿਰ ਅੰਕੜਿਆਂ ਅਤੇ ਤੱਥਾਂ ਦੀ ਹੇਰਾਫੇਰੀ ਨਾਲ਼ ਉਹਨਾਂ ਨੂੰ ਘੱਟ ਕਰਕੇ ਵਿਖਾਵੇ। ਅਸੀਂ ਮਨਮੋਹਨ ਸਿੰਘ ਜਿਹੇ ਲੋਕਾਂ ਤੋਂ ਕੋਈ ਉਮੀਦ ਨਹੀਂ ਰੱਖ ਸਕਦੇ। ਇਹੀ ਮਨਮੋਹਨ ਸਿੰਘ ਹਨ ਜਿਨ੍ਹਾਂ ਦੇ ਵਿੱਤ ਮੰਤਰੀ ਬਣਨ ਮਗਰੋਂ ਨਵੀਆਂ ਆਰਥਕ ਨੀਤੀਆਂ ਦਾ ਸ਼੍ਰੀ ਗਣੇਸ਼ 1991 ਵਿੱਚ ਹੋਇਆ ਸੀ। ਇਸ ਮਗਰੋਂ ਬਣਨ ਵਾਲ਼ੀ ਹਰ ਸਰਕਾਰ ਦੇ ਕਾਰਜਕਾਲ ਵਿਚ ਉਦਾਰੀਕਰਨ ਅਤੇ ਨਿਜੀਕਰਨ ਦੀਆਂ ਨਵੀਆਂ ਆਰਥਕ ਨੀਤੀਆਂ ਨੂੰ ਜ਼ੋਰ-ਸ਼ੋਰ ਨਾਲ਼ ਜਾਰੀ ਰੱਖਿਆ ਗਿਆ। ਸਵਦੇਸ਼ੀ ਦਾ ਢੋਲ ਵਜਾਉਣ ਵਾਲ਼ੀ ਅਤੇ ਕੌਮਪ੍ਰਸਤੀ ਦੀ ਤੂਤੀ ਵਜਾਉਣ ਵਾਲ਼ੀ ਭਾਜਪਾ ਨੇ ਤਿੰਨ ਐਨ ਡੀ ਏ ਸਰਕਾਰਾਂ ਦੇ ਕਾਰਜਕਾਲਾਂ ਵਿੱਚ ਲੋਕਾਂ ਦੀ ਸੰਪੱਤੀ ਨੂੰ ਸਰਮਾਏਦਾਰ ਲੁਟੇਰਿਆਂ ਨੂੰ ਵੇਚਣ ਲਈ ਇੱਕ ਵੱਖਰਾ ਮੰਤਰਾਲਾ ਬਣਾ ਦਿੱਤਾ ਸੀ। ਉਸ ਤੋਂ ਪਹਿਲਾਂ ਸਾਂਝਾਂ ਮੋਰਚਾ

ਸਰਕਾਰ ਨੇ ਵੀ, ਜਿਸ ਵਿੱਚ ਦੇਸ਼ ਦੇ ਕੁੱਝ ਸੰਸਦੀ ਖੱਬੇਪੱਖੀ ਸ਼ਾਮਿਲ ਸਨ ਅਤੇ ਕੁੱਝ ਬਾਹਰੋਂ ਸਮਰਥਨ ਦੇ ਰਹੇ ਸਨ, ਅਰਥਚਾਰੇ ਵਿੱਚ ਵਿਦੇਸ਼ੀ ਨਿਵੇਸ਼ ਨੂੰ ਤੇਜ਼ੀ ਨਾਲ਼ ਹੱਲਾਸ਼ੇਰੀ ਦਿੱਤੀ ਗਈ ਸੀ। ਇਸ ਮਗਰੋਂ 2004 ਵਿੱਚ ਤਾਂ ਮਨਮੋਹਨ ਸਿੰਘ ਪ੍ਰਧਾਨ ਮੰਤਰੀ ਦੇ ਰੂਪ ਵਿੱਚ ਵਾਪਸ ਪਰਤੇ। ਉਮੀਦ ਕੀਤੀ ਹੀ ਜਾ ਸਕਦੀ ਸੀ ਕਿ ਇਨ੍ਹਾਂ ਨੀਤੀਆਂ ਦੇ ਸੂਤਰਧਾਰ ਮਨਮੋਹਨ ਸਿੰਘ ਹੋਰ ਵਧੇਰੇ ਸੁਧਰੇ ਰੂਪ 'ਚ ਉਹਨਾਂ ਨੂੰ ਜਾਰੀ ਰੱਖਣਗੇ।

ਇਹੀ ਹੋਇਆ ਵੀ। ਇੱਕ ਪਾਸੇ ਕੌਮੀ ਰੋਜ਼ਗਾਰ ਗਰੰਟੀ ਯੋਜਨਾ ਅਤੇ ਹੋਰ ਕਲਿਆਣਕਾਰੀ ਯੋਜਨਾਵਾਂ ਦੀ ਸ਼ੁਰੂਆਤ ਕੀਤੀ ਗਈ, ਨਾਲ਼ੇ ਦੂਜੇ ਪਾਸੇ ਵਿਸ਼ੇਸ਼ ਆਰਥਿਕ ਖੇਤਰਾਂ ਲਈ ਖੇਤੀ ਯੋਗ ਭੂਮੀ ਦਾ ਕਬਜ਼ਾ, ਸਰਵਜਨਕ ਅਦਾਰਿਆਂ ਨੂੰ ਵੇਚਿਆਂ ਜਾਣਾ, ਸਿੱਧੇ ਵਿਦੇਸ਼ੀ ਨਿਵੇਸ਼ ਨੂੰ ਹੱਲਾਸ਼ੇਰੀ ਦੇ ਕੇ ਦੇਸ਼ ਦੀ ਕਿਰਤ ਨੂੰ ਬਹੁਕੌਮੀ ਕੰਪਨੀਆਂ ਅਤੇ ਦੇਸ਼ੀ ਸਰਮਾਏਦਾਰਾਂ ਦੀ ਲੁੱਟ ਲਈ ਖੁੱਲ੍ਹੀ ਚਰਾਗਾਹ ਬਣਾ ਦੇਣਾ, ਕਿਰਤ ਕਾਨੂੰਨਾਂ ਨੂੰ ਇੱਕ-ਇੱਕ ਕਰਕੇ ਢਿੱਲਾ ਕਰਦੇ ਜਾਣਾ, ਸ਼ੁਰੂ ਕਰ ਦਿੱਤਾ ਗਿਆ। ਨਰੇਗਾ ਜਿਹੀਆਂ ਨੀਤੀਆਂ ਸਿਰਫ਼ ਇੱਕ 'ਸੇਫ਼ਟੀ ਵਾਲਵ' ਦਾ ਕੰਮ ਕਰਦੀਆਂ ਹਨ ਅਤੇ ਭੁੱਖੇ ਮਰਦੇ ਲੋਕਾਂ ਦੀ ਵਿਸ਼ਾਲ ਸੰਖਿਆ ਵਿੱਚੋਂ ਇੱਕ ਛੋਟੇ ਜਿਹੇ ਹਿੱਸੇ ਨੂੰ ਅੱਧ ਭੁੱਖਮਰੀ ਦੇ ਕੰਢੇ 'ਤੇ ਲਿਆ ਖੜ੍ਹਾ ਕਰ ਦੇਂਦੀਆਂ ਹਨ। ਇਸ ਨਾਲ਼ ਹੋਰ ਕੁੱਝ ਤਾਂ ਨਹੀਂ ਹੁੰਦਾ ਪਰ ਇਸ ਢਾਂਚੇ ਬਾਰੇ ਇੱਕ ਭਰਮ ਆਮ ਲੋਕਾਂ ਦੇ ਮਨ 'ਚ ਵੀ ਬਹਿ ਜਾਂਦਾ ਹੈ। ਅਜਿਹੀ ਕਿਸੇ ਵੀ ਯੋਜਨਾ ਨਾਲ਼ ਅਸਲੀ ਹਾਲਤ ਵਿੱਚ ਕੋਈ ਫ਼ਰਕ ਨਹੀਂ ਆ ਸਕਦਾ। ਨਰੇਗਾ ਇੱਕ ਦੂਜਾ ਕੰਮ ਇਹ ਕਰ ਰਹੀ ਹੈ ਕਿ ਪੇਂਡੂ ਮਜ਼ਦੂਰਾਂ, ਗਰੀਬ ਕਿਸਾਨਾਂ ਅਤੇ ਪੇਂਡੂ ਗੈਰ-ਖੇਤ ਮਜ਼ਦੂਰਾਂ ਦੀ ਹਿਜਰਤ ਦੀ ਰਫ਼ਤਾਰ ਨੂੰ ਥੋੜਾ ਘੱਟ ਕਰ ਰਹੀ ਹੈ। ਇਸ ਨਾਲ਼ ਸ਼ਹਿਰਾਂ 'ਤੇ ਦਬਾਅ ਥੋੜ੍ਹਾ ਘੱਟ ਹੋ ਰਿਹਾ ਹੈ ਅਤੇ ਸ਼ਹਿਰੀ ਬੇਚੈਨੀ ਨੂੰ ਕੰਟਰੋਲ ਕਰਨ 'ਚ ਮਦਦ ਮਿਲ ਰਹੀ ਹੈ, ਜਿਹੜੀ ਇਸ ਢਾਂਚੇ ਲਈ ਬੇਹੱਦ ਖ਼ਤਰਨਾਕ ਸਾਬਤ ਹੋ ਸਕਦੀ ਹੈ। ਹੁਣ ਸਮਾਜਿਕ ਸੁਰੱਖਿਆ ਯੋਜਨਾ ਅਤੇ ਖਾਧ ਸੁਰੱਖਿਆ ਯੋਜਨਾ ਦੀ ਵੀ ਗੱਲ ਕੀਤੀ ਜਾ ਰਹੀ ਹੈ। ਜਾਹਰ ਹੈ ਕਿ, ਸੱਤ੍ਹਾ 'ਚ ਬੈਠੇ ਸਰਮਾਏਦਾਰੀ ਦੇ ਕੁਸ਼ਲ ਹਕੀਮ ਅਤੇ ਮੁਨੀਮ ਲੋਕਾਂ ਨੂੰ ਭੁਲੇਖਾਪਾਊ ਯੋਜਨਾਵਾਂ ਬਣਾਉਣ 'ਚ ਰੁੱਝੇ ਹੋਏ ਹਨ। ਉਹ ਜਾਣਦੇ ਹਨ ਕਿ ਜੇ ਬਾਦਸਤੂਰ ਵੱਧਦੀ ਸਰਮਾਏਦਾਰਾਨਾ ਲੁੱਟ ਦੇ ਸਮਰੱਥ ਕੁੱਝ ਮਾਮੂਲੀ ਟਾਕੀਸਾਜ਼ੀ ਰਾਹਤਾਂ ਲੋਕਾਂ ਸਾਹਮਣੇ ਨਹੀਂ ਸੁੱਟੀਆਂ ਜਾਣਗੀਆਂ ਤਾਂ ਹਾਲਤਾਂ ਵਿਸਫੋਟਕ ਹੋ ਸਕਦੀਆਂ ਹਨ। ਹਾਲਤਾਂ ਨੂੰ ਖਤਰਨਾਕ ਦਿਸ਼ਾ ਵਿੱਚ ਜਾਣ ਤੋਂ ਰੋਕਣ ਲਈ ਹੀ ਅੰਕੜਿਆਂ ਦੀ ਬਾਜ਼ੀਗਰੀ ਵੀ ਕੀਤੀ ਜਾਂਦੀ ਹੈ ਤਾਂ ਕਿ ਲੋਕਾਂ ਨੂੰ ਦੱਸਿਆ ਜਾ ਸਕੇ ਕਿ 'ਵੇਖੋ! ਗਰੀਬੀ ਘੱਟ ਹੋ ਰਹੀ ਹੈ! ਥੋੜ੍ਹਾ ਧੀਰਜ ਰੱਖੋ! ਜ਼ਿਆਦਾ ਨਾਰਾਜ ਹੋਣ ਦੀ ਲੋੜ ਨਹੀਂ ਹੈ। ਸਾਡੀਆਂ ਨੀਤੀਆਂ ਬਿਲਕੁੱਲ ਦਰੁੱਸਤ ਹਨ! ਪਰ ਉਹ ਇਹ ਅਖਾਣ ਭੁੱਲ ਜਾਂਦੇ ਹਨ—

'ਹੱਥ ਕੰਗਣ ਨੂੰ ਆਰਸੀ ਕੀ
ਪੜ੍ਹੇ ਲਿਖੇ ਨੂੰ ਫਾਰਸੀ ਕੀ।'

ਗਰੀਬ ਕਿਰਤੀਆਂ ਨੂੰ ਆਪਣੀ ਗਰੀਬੀ ਨੂੰ ਸਮਝਣ ਲਈ ਸਰਕਾਰੀ ਅੰਕੜਿਆਂ ਅਤੇ ਮਨਮੋਹਨ ਸਿੰਘ ਦੀਆਂ 'ਮਨਮੋਹਣੀਆਂ ਗੱਲਾਂ' ਸੁਣਨ ਦੀ ਲੋੜ ਨਹੀਂ ਹੈ। ਉਹ ਆਪਣੀ ਜ਼ਿੰਦਗੀ ਤੋਂ ਜਾਣਦੇ ਹਨ ਕਿ ਉਹਨਾਂ ਦੀ ਜ਼ਿੰਦਗੀ ਹਰ ਬੀਤਦੇ ਦਿਨ ਮਗਰੋਂ ਬਦ ਤੋਂ ਬਦਤਰ ਹੁੰਦੀ ਜਾ ਰਹੀ ਹੈ। ਵੱਧਦੀ ਮੰਹਿਗਾਈ ਨਾਲ਼ ਉਹਨਾਂ ਦੀ ਪੂਰੀ ਉਪਜੀਵਕਾ ਢਹਿ ਢੇਰੀ ਹੋ ਜਾਂਦੀ ਹੈ। ਉਹ ਆਪਣੇ ਬੱਚਿਆਂ ਨੂੰ ਸਿੱਖਿਆ ਅਤੇ ਇਲਾਜ/ਸਿਹਤ ਤਾਂ ਦੂਰ, ਦੋ ਵਕਤ ਦਾ ਖਾਣਾ ਤੱਕ ਮੁਹੱਈਆ ਨਹੀਂ ਕਰਾ ਸਕਦੇ। ਬਿਮਾਰ ਹੋ ਜਾਣ ਦੀ ਸੂਰਤ ਵਿੱਚ ਉਹ ਆਪਣੇ ਲੋਕਾਂ ਨੂੰ ਦਵਾ-ਇਲਾਜ ਦੀ ਕਮੀ ਵਿੱਚ ਤੜਪਦਾ-ਮਰਦਾ ਵੇਖ ਸਕਦੇ ਹਨ, ਬੱਸ! ਜਦੋਂ ਇੰਝ ਹੋਵੇ ਤਾਂ ਜ਼ਿੰਦਗੀ ਅਤੇ ਮੌਤ ਦੇ ਅਹਿਸਾਸ ਵਿਚਕਾਰ ਜਿਹੜੀ ਬਾਰੀਕ-ਜਿਹੀ ਰੇਖਾ ਹੁੰਦੀ ਹੈ, ਉਹ ਧੁੰਧਲੀ ਪੈਣ ਲੱਗਦੀ ਹੈ। ਆਪਣੀ ਗਰੀਬੀ ਨੂੰ ਇਸ ਦੇਸ਼ ਦੀ 80 ਕਰੋੜ ਮਜ਼ਦੂਰਾਂ ਅਤੇ ਗਰੀਬ ਕਿਸਾਨਾਂ ਦੀ ਅਬਾਦੀ ਆਪਣੇ ਅਨੁਭਵ ਤੋਂ ਜਾਣਦੀ ਹੈ।

ਸਰਮਾਏਦਾਰੀ ਢਾਂਚਾ ਇਸ ਦੇਸ਼ ਦੀ ਕਿਰਤੀ ਅਬਾਦੀ ਨੂੰ ਇਹੀ ਦੇ ਸਕਦਾ ਹੈ — ਭੁੱਖ, ਗਰੀਬੀ, ਕੁਪੋਸ਼ਣ, ਬੇਰੋਜ਼ਗਾਰੀ, ਬੇਇੱਜਤੀ ਅਤੇ ਅਨਿਆਂ। ਇਸ ਸੱਚ ਨੂੰ ਅੰਕੜਿਆਂ ਦੇ ਪਤਲੇ ਪਰਦੇ ਵਿੱਚ ਢਕਣ ਦੀਆਂ ਸਾਰੀਆਂ ਕੋਸ਼ਿਸ਼ਾਂ ਬੇਕਾਰ ਹਨ। ਅਜ਼ਾਦੀ ਮਗਰੋਂ ਦੇ ਛੇ ਦਹਾਕੇ ਸਾਡੇ ਸਾਹਮਣੇ ਇਸ ਤੱਥ ਨੂੰ ਬਿਲਕੁੱਲ ਅਕੱਟ ਰੂਪ ਨਾਲ਼ ਸਥਾਪਿਤ ਕਰ ਚੁੱਕੇ ਹਨ ਕਿ ਇਹ ਅਜ਼ਾਦੀ, ਇਹ ਢਾਂਚਾ ਸਾਡੇ ਕਿਰਤੀਆਂ ਦਾ ਨਹੀਂ ਹੈ। ਪੂਰੇ ਢਾਂਚੇ ਅਤੇ ਉਸ 'ਚ ਬੈਠੇ ਲੋਕਾਂ ਦਾ ਕੰਮ ਹੈ ਸਰਮਾਏਦਾਰਾਂ ਦੀ ਚਾਕਰੀ ਕਰਨਾ ਅਤੇ ਇਸ ਗੱਲ ਦੀ ਗਰੰਟੀ ਕਰਨਾ ਕਿ ਉਹ ਬਿਨਾਂ ਰੋਕ-ਟੋਕ ਸਾਡੀਆਂ ਹੱਡੀਆਂ ਤੋਂ ਆਪਣਾ ਮੁਨਾਫਾ ਨਿਚੋੜਦੇ ਰਹਿ ਸਕਣ। ਸਾਡੀ ਗਰੀਬੀ ਅਤੇ ਬਦਹਾਲ ਜ਼ਿੰਦਗੀ ਦਾ ਹੱਲ ਹਰ ਪੰਜ ਵਰ੍ਹਿਆਂ 'ਤੇ ਇਹਨਾਂ ਸਰਮਾਏਦਾਰਾਂ ਲਈ ਨੀਤੀਆਂ ਬਣਾਉਣ ਅਤੇ ਲਾਗੂ ਕਰਨ ਵਾਲ਼ੀ ਕਿਸੇ ਨਵੀਂ ਮੈਨੇਜਿੰਗ ਕਮੇਟੀ ਦੀ ਚੋਣ ਕਰਨ ਨਾਲ਼ ਨਹੀਂ ਹੋ ਸਕਦਾ ਹੈ। ਪਿਛਲੇ 62 ਵਰ੍ਹਿਆਂ ਵਿੱਚ, ਅਸੀਂ ਸਭ ਨੂੰ ਚੁਣ ਕੇ ਅਤੇ ਅਜ਼ਮਾ ਕੇ ਦੇਖ ਚੁੱਕੇ ਹਾਂ। **ਸਾਡੀ ਆਉਣ ਵਾਲ਼ੀਆਂ ਪੀੜ੍ਹੀਆਂ ਇੱਕ ਬਿਹਤਰ ਮਨੁੱਖੀ ਜੀਵਨ ਜੀਅ ਸਕਣ, ਇਸ ਦੀ ਗਰੰਟੀ ਸਿਰਫ਼ ਇੱਕ ਹੀ ਹੈ — ਕਿਰਤੀਆਂ ਦੀ ਇਨਕਲਾਬੀ ਪਾਰਟੀ ਦੀ ਅਗਵਾਈ 'ਚ ਕਿਰਤੀ ਜਮਾਤਾਂ ਰਾਹੀਂ ਸਰਮਾਏਦਾਰੀ ਸੱਤ੍ਹਾ ਦਾ ਖਾਤਮਾ ਅਤੇ ਕਿਰਤੀਆਂ ਦੇ ਲੋਕ ਸਵਰਾਜ ਦੀ ਸਥਾਪਨਾ! ਲੋਕ ਸਵਰਾਜ — ਜਿਸ ਵਿੱਚ ਉਤਪਾਦਨ, ਰਾਜਸੀ ਪ੍ਰਬੰਧ ਅਤੇ ਸਮਾਜ ਦੇ ਪੂਰੇ ਢਾਂਚੇ 'ਤੇ ਉਤਪਾਦਨ ਕਰਨ ਵਾਲ਼ੇ ਲੋਕਾਂ ਦਾ ਹੱਕ ਹੋਵੇਗਾ ਅਤੇ ਫੈਸਲਾ ਲੈਣ ਦੀ ਤਾਕਤ ਉਹਨਾਂ ਦੇ ਹੱਥਾਂ 'ਚ ਹੋਵੇਗੀ।** □

## ਢੰਡਾਰੀ ਕਾਂਡ

(ਸਫ਼ਾ 31 ਦਾ ਬਾਕੀ)

ਲੋਕਾਂ ਦੇ ਮਾਮਲੇ ਹੱਲ ਨਹੀਂ ਹੁੰਦੇ। ਸਰਕਾਰ, ਪੁਲਿਸ-ਪ੍ਰਸ਼ਾਸਨ ਨੇ ਲੋਕਾਂ ਦੇ ਗੁੱਸੇ ਦੇ ਦਬਾਅ ਵਿੱਚ ਹੀ ਬੇਕਸੂਰ ਮਜ਼ਦੂਰਾਂ ਦੀ ਰਿਹਾਈ ਕੀਤੀ ਹੈ। 3-4 ਦਸੰਬਰ ਨੂੰ ਜਦੋਂ ਹਜ਼ਾਰਾਂ ਮਜ਼ਦੂਰ ਸੜਕਾਂ 'ਤੇ ਰੋਸ ਵਿਖਾਵੇ ਲਈ ਉੱਤਰੇ ਸਨ ਤਾਂ ਇਹ ਸਭ ਚੁਣਾਵੀ ਸਿਆਸੀ ਪਾਰਟੀਆਂ ਅਤੇ ਵਿਅਕਤੀ ਮਜ਼ਦੂਰਾਂ ਦੇ ਜ਼ਬਰ ਵਿੱਚ ਸਿੱਧੇ-ਅਸਿੱਧੇ ਰੂਪ ਵਿੱਚ ਸ਼ਾਮਲ ਸਨ। ਇਹੀ ਲੋਕ ਹੁਣ ਮਜ਼ਦੂਰਾਂ ਦੇ ਵੋਟ ਹਾਸਲ ਕਰਨ ਲਈ ਦੇਵਤਾ ਹੋਣ ਦਾ ਢਕਵੰਜ ਕਰ ਰਹੇ ਹਨ। □

# ਭੁੱਖ ਦੀ ਫੈਲਦੀ ਮੰਡੀ

● ਡਾ. ਏ. ਕੇ. ਅਰੁਣ

ਦੁਨੀਆਂ 'ਚ ਭੁੱਖ ਨਾਲ਼ ਪੀੜਤ ਲੋਕਾਂ ਦੀ ਗਿਣਤੀ 'ਚ ਫਿਰ ਵਾਧਾ ਸ਼ੁਰੂ ਹੋ ਗਿਆ ਹੈ। ਗਰੀਬ ਮੁਲਕਾਂ 'ਚ ਲੱਖਾਂ ਲੋਕ ਲੋੜ ਮੁਤਾਬਿਕ ਅੰਨ ਖਰੀਦ ਸਕਣ ਦੀ ਹਾਲਤ 'ਚ ਨਹੀਂ ਹਨ। ਇਹਨਾਂ ਲੋਕਾਂ ਨੂੰ ਹੁਣ ਅੰਨ ਉਪਲਬਧ ਕਰਵਾਉਣ ਵਾਲ਼ੀਆਂ ਵਲੰਟੀਅਰ ਸੰਸਥਾਵਾਂ ਤੋਂ ਵੀ ਹੋਰ ਮਦਦ ਦੀ ਉਮੀਦ ਨਹੀਂ ਹੈ ਕਿਉਂਕਿ ਇਹ ਕੌਮਾਂਤਰੀ ਅੰਨ ਸੰਸਥਾਵਾਂ ਵੀ ਖੁਦ ਸੰਕਟ 'ਚ ਹਨ। ਸੰਸਾਰ ਅੰਨ ਪ੍ਰੋਗਰਾਮ (ਡਬਲਿਊ. ਐੱਫ. ਪੀ.) ਦੇ ਨਿਰਦੇਸ਼ਕ ਜੋਗੇਟੀ ਸ਼ੀਰਾਨ ਦੀ ਮੰਨੀਏ ਤਾਂ ਡਬਲਿਊ. ਐੱਫ. ਪੀ. ਨੂੰ ਸਾਲ 2008-09 'ਚ 300 ਮਿਲੀਅਨ ਡਾਲਰ ਦੀ ਵਾਧੂ ਲੋੜ ਹੈ ਜਿਸ ਦੀ ਪੂਰਤੀ ਲਈ ਹੁਣ ਕੋਈ ਉਮੀਦ ਨਹੀਂ ਹੈ। ਵਰਨਣਯੋਗ ਹੈ ਕਿ ਵਰ੍ਹੇ 2001 ਮਗਰੋਂ ਅਨਾਜ ਕੀਮਤਾਂ 'ਚ 40 ਤੋਂ 55 ਫੀਸਦੀ ਦਾ ਵਾਧਾ ਹੋਇਆ ਹੈ ਅਤੇ ਭੁੱਖ ਨਾਲ਼ ਪੀੜਤ ਲੋਕਾਂ ਦੀ ਗਿਣਤੀ ਵੀ ਵਧੀ ਹੈ। ਸੰਯੁਕਤ ਰਾਸ਼ਟਰ ਦੀ ਖਾਧ ਅਤੇ ਖੇਤੀ ਜਥੇਬੰਦੀ (ਐੱਫ. ਏ. ਓ.) ਅਨੁਸਾਰ ਇੰਨ੍ਹੀ ਦਿਨੀਂ ਦੁਨੀਆਂ ਦੇ 37 ਦੇਸ਼ ਕੌਮਾਂਤਰੀ ਖਾਧ ਮਦਦ 'ਤੇ ਨਿਰਭਰ ਹਨ।

ਹੁਣੇ ਹੁਣੇ ਹੀ ਐਫ. ਏ. ਓ. ਦੇ ਮਹਾਂ-ਨਿਰਦੇਸ਼ਕ ਜੈਕਸ ਡਾਇਫ ਨੇ ਆਪਣੀ ਭਾਰਤ ਯਾਤਰਾ ਦੌਰਾਨ ਕੇਂਦਰੀ ਖੇਤੀ ਅਤੇ ਅੰਨ ਮੰਤਰੀ ਸ਼ਰਦ ਪਵਾਰ ਨਾਲ਼ ਮੁਲਾਕਾਤ ਕਰਕੇ ਸੰਸਾਰ ਅੰਨ ਸਮੱਸਿਆ 'ਤੇ ਚਰਚਾ ਕੀਤੀ ਅਤੇ ਖਤਰਾ ਪ੍ਰਗਟ ਕੀਤਾ ਕਿ ਅੰਨ ਉਤਪਾਦਨ ਵਿੱਚ ਆ ਰਹੀ ਕਮੀ ਅਤੇ ਵੱਧਦੀ ਕੀਮਤ ਨਾਲ਼ ਅੰਨ ਸੰਕਟ ਹੋਰ ਡੂੰਘਾ ਹੋਵੇਗਾ ਅਤੇ ਕਈ ਮੁਲਕਾਂ 'ਚ ਭੋਜਨ ਲਈ ਸੰਘਰਸ਼ ਹੋਰ ਹਿੰਸਕ ਹੋ ਸਕਦੇ ਹਨ। ਸ਼੍ਰੀ ਡਾਇਫ ਅਨੁਸਾਰ ਇਸ ਦੁਨੀਆਂ 'ਚ ਅਨਾਜ ਦਾ ਸਟਾਕ ਇੰਨਾ ਘੱਟ ਹੈ ਕਿ ਇਹ ਪੂਰੀ ਦੁਨੀਆਂ ਦੀ ਆਬਾਦੀ ਦਾ ਸਿਰਫ਼ 8 ਤੋਂ 12 ਹਫ਼ਤੇ ਤੱਕ ਹੀ ਪੇਟ ਭਰ ਸਕਦਾ ਹੈ। ਉਹਨਾਂ ਨੇ ਇਹ ਵੀ ਕਿਹਾ ਕਿ ਕੈਮਰੂਨ, ਮਿਸਰ, ਹੈਤੀ, ਬੁਰਕੀਨਾ ਫਾਸੋ ਅਤੇ ਸੇਨੇਗਲ ਜਿਹੇ ਦੇਸ਼ਾਂ 'ਚ ਜਾਰੀ ਅੰਨ ਸੰਘਰਸ਼ ਦੁਨੀਆਂ ਦੇ ਹੋਰ ਦੇਸ਼ਾਂ 'ਚ ਵੀ ਫੈਲ ਸਕਦੇ ਹਨ।

ਐੱਫ. ਏ. ਓ. ਦੀ ਮੁੱਖ ਚਿੰਤਾ ਇਹ ਹੈ ਕਿ ਅੰਨ ਪਦਾਰਥਾਂ ਦੀ ਸਟੋਰੇਜ਼ 'ਚ ਆਈ ਸੰਸਾਰ ਵਿਆਪੀ ਕਮੀ ਨੂੰ ਕਿਵੇਂ ਪੂਰਾ ਕੀਤਾ ਜਾਵੇ ? ਇਸ 'ਚ ਸ਼ੱਕ ਨਹੀਂ ਹੈ ਕਿ ਮੁੱਖ ਖੇਤੀ ਉਪਜ ਜਿਵੇਂ ਕਣਕ, ਚਾਵਲ, ਮੱਕੀ ਆਦਿ ਦੀ ਖਪਤ 'ਚ ਪਿਛਲੇ ਕੁੱਝ ਵਰ੍ਹਿਆਂ 'ਚ ਵਾਧਾ ਹੋਇਆ ਹੈ। ਕਈ ਦੇਸ਼ਾਂ ਨੇ ਭਾਵੇਂ ਆਪਣੇ ਇੱਥੇ ਰਾਸ਼ਨਿੰਗ ਪ੍ਰਬੰਧ ਕੀਤਾ ਹੈ, ਪਰ ਖ਼ਪਤ 'ਚ ਵਾਧਾ ਜਾਰੀ ਹੈ। ਅਨਾਜਾਂ ਦੀ ਖਪਤ 'ਚ ਵਾਧੇ ਦੀ ਮੁੱਖ ਵਜ੍ਹਾ ਨਾ ਤਾਂ ਆਬਾਦੀ ਹੈ ਅਤੇ ਨਾ ਹੀ ਲੋਕਾਂ ਰਾਹੀਂ ਭੋਜਨ 'ਚ ਵਾਧਾ। ਸਗੋਂ ਇਸ ਦਾ ਸਭ ਤੋਂ ਵੱਡਾ ਕਾਰਨ ਇਹ ਹੈ ਕਿ ਵਿਕਸਤ ਦੇਸ਼ ਊਰਜਾ ਪ੍ਰਾਪਤੀ ਲਈ ਅੰਨ ਦਾ ਅੰਨ੍ਹਾ ਉਪਯੋਗ ਕਰ ਰਹੇ ਹਨ। ਅਮਰੀਕਾ ਅਤੇ ਯੂਰਪ 'ਚ ਹੁਣ ਅੰਨ ਨਾਲ਼ ਬਾਇਓਬਾਲਣ ਬਣਾਏ ਜਾ ਰਹੇ ਹਨ। ਇੱਥੇ ਮੱਕੀ, ਹੀਨਾ, ਰੇਪਸੀਡ ਜਿਹੀਆਂ ਫਸਲਾਂ ਅੰਨ ਜ਼ਰੂਰਤਾਂ ਦੀ ਬਜਾਏ ਗ਼ੈਰ-ਅੰਨ ਜ਼ਰੂਰਤਾਂ ਲਈ ਉਪਜਾਈਆਂ ਜਾ ਰਹੀਆਂ ਹਨ। ਬ੍ਰਾਜ਼ੀਲ 'ਚ ਤਾਂ ਇਹ ਪ੍ਰਕਿਰਿਆ ਬੀਤੇ ਇੱਕ ਦਹਾਕੇ ਤੋਂ ਜਾਰੀ ਹੈ। ਹੌਲ਼ੀ ਹੌਲ਼ੀ ਬਾਇਓਡੀਜਲ ਦੀ ਇਹ ਮੁਹਿੰਮ ਅਫ਼ਰੀਕਾ, ਏਸ਼ੀਆ 'ਚ ਵੀ ਫੈਲ ਰਹੀ ਹੈ। ਕੌਮਾਂਤਰੀ ਅੰਨ ਕਮੇਟੀ (ਆਈ. ਜੀ. ਸੀ.) ਦਾ ਅਨੁਮਾਨ ਹੈ ਕਿ ਵਰ੍ਹੇ 2007 'ਚ 700 ਮੀਟਰਿਕ ਟਨ ਅਨਾਜ ਦਾ ਉਪਯੋਗ ਬਾਇਓ ਬਾਲਣ ਬਣਾਉਣ ਲਈ ਹੋਇਆ।

ਵੱਧਦੇ ਅੰਨ ਸੰਕਟ ਲਈ ਅੰਨ ਕੀਮਤਾਂ 'ਚ ਹੱਦੋਂ ਬੇਤਹਾਸ਼ਾ ਵਾਧੇ ਨੂੰ ਵੀ ਮੁੱਖ ਵਜ੍ਹਾ ਦੱਸਿਆ ਜਾ ਰਿਹਾ ਹੈ। ਅੰਨ ਕੀਮਤਾਂ 'ਚ ਹੋਏ ਵਾਧੇ ਲਈ ਅੰਨ ਮਾਹਿਰ ਕੌਮਾਂਤਰੀ ਬਾਜ਼ਾਰਾਂ 'ਚ ਮਾਸ ਦੀ ਮੰਗ 'ਚ ਵਾਧੇ ਨੂੰ ਇੱਕ ਵੱਡਾ ਕਾਰਨ ਮੰਨ ਰਹੇ ਹਨ। ਕਿਹਾ ਜਾ ਰਿਹਾ ਹੈ ਕਿ ਬੀਤੇ ਦੋ ਦਹਾਕਿਆਂ 'ਚ ਕੌਮਾਂਤਰੀ ਪੱਧਰ 'ਤੇ ਮਾਸ ਦੀ ਮੰਗ ਦੋ ਗੁਣੀ ਹੋ ਗਈ ਹੈ। ਜਾਹਿਰ ਹੈ ਕਿ ਇਸੇ ਅਨੁਪਾਤ 'ਚ ਚਾਰਾ ਪੈਦਾਵਾਰ ਦਾ ਦਾਇਰਾ ਵੀ ਵੱਧ ਰਿਹਾ ਹੈ। ਇਸ ਮੁਲੰਕਣ ਅਨੁਸਾਰ ਇੱਕ ਕਿੱਲੋ-ਗ੍ਰਾਮ ਗਊਮਾਸ ਲਈ 7 ਕਿੱਲੋ ਅੰਨ ਦੀ ਲੋੜ ਹੁੰਦੀ ਹੈ ਜਦੋਂ ਕਿ ਇੱਕ ਕਿੱਲੋ ਸੂਰ ਦੇ ਮਾਸ ਲਈ 3 ਕਿੱਲੋ ਚਾਰਾ ਚਾਹੀਦਾ ਹੈ। ਇਨ੍ਹਾਂ ਮੰਗਾਂ ਦੀ ਪੂਰਤੀ ਲਈ ਵੱਡੀ ਮਿਕਦਾਰ 'ਚ ਸੋਇਆਬੀਨ ਅਤੇ ਹੋਰ ਫਸਲਾਂ ਦੀ ਪੈਦਾਵਾਰ ਕੀਤੀ ਜਾ ਰਹੀ ਹੈ। ਅੰਨ ਦੀ ਜਗ੍ਹਾ ਚਾਰੇ ਦੇ ਉਤਪਾਦਨ ਦਾ ਨਤੀਜਾ ਹੈ ਕਿ ਅਸਟਰੇਲੀਆ ਜਿਹੇ ਮੁਲਕਾਂ 'ਚ ਅੰਨ ਦੀ ਕਮੀ ਹੋਣ ਲੱਗੀ ਹੈ। ਅਸਟਰੇਲੀਆ 'ਚ ਤਾਂ ਅਕਾਲ ਨੇ ਹਾਲਤ ਹੋਰ ਵੀ ਭਿਆਨਕ ਬਣਾ ਦਿੱਤੀ ਹੈ। ਮੌਸਮ 'ਚ ਆਏ ਪ੍ਰਤੀ ਕੂਲ ਪ੍ਰਭਾਵਾਂ ਨਾਲ਼ ਵੀ ਅੰਨ ਸੰਕਟ ਵਧਿਆ ਹੈ। ਅਫ਼ਰੀਕਾ ਆਦਿ 'ਚ ਇਸ ਦਾ ਡੂੰਘਾ ਪ੍ਰਭਾਵ ਦੇਖਿਆ ਜਾ ਸਕਦਾ ਹੈ।

ਭਾਰਤ ਸਰਕਾਰ ਦਾ ਆਰਥਿਕ ਸਰਵੇਖਣ 2007-08 ਕਹਿੰਦਾ ਹੈ ਕਿ 1990 ਤੋਂ ਵਰ੍ਹਾ 2007 ਤੱਕ ਅੰਨ ਪੈਦਾਵਾਰ ਵਾਧਾ ਦਰ 1.2 ਪ੍ਰਤੀਸ਼ਤ ਰਹੀ ਹੈ। ਇਸ ਦੌਰਾਨ ਅਬਾਦੀ ਦੀ ਔਸਤ 1.9 ਪ੍ਰਤੀਸ਼ਤ ਵਾਧਾ ਦਰ ਦੀ ਤੁਲਨਾ 'ਚ ਅੰਨ ਪੈਦਾਵਾਰ ਦੀ ਦਰ ਘੱਟ ਹੀ ਹੈ। ਇਸ ਦੌਰਾਨ ਪੈਦਾਵਾਰ ਘੱਟ ਹੋਣ ਨਾਲ਼ ਪ੍ਰਤੀ ਵਿਅਕਤੀ ਅੰਨ ਅਤੇ ਦਾਲ਼ ਦੀ ਉਪਲਬਧਤਾ ਵੀ ਘਟੀ ਹੈ। ਅਨਾਜਾਂ ਦੀ ਖਪਤ ਸਾਲ 1990-91 'ਚ ਜਿੱਥੇ ਪ੍ਰਤੀਦਿਨ ਪ੍ਰਤੀ ਵਿਅਕਤੀ 468 ਗ੍ਰਾਮ ਸੀ, ਉੱਥੇ ਸਾਲ 2005-06 'ਚ ਘਟ ਕੇ ਇਹ ਪ੍ਰਤੀ ਦਿਨ 412 ਗ੍ਰਾਮ ਪ੍ਰਤੀ ਵਿਅਕਤੀ ਰਹਿ ਗਈ ਹੈ। ਇਸ ਦੌਰਾਨ ਦਾਲਾਂ ਦੀ ਖਪਤ ਪ੍ਰਤੀ ਦਿਨ 42 ਗ੍ਰਾਮ ਪ੍ਰਤੀ ਵਿਅਕਤੀ ਤੋਂ ਘਟ ਕੇ 33 ਗ੍ਰਾਮ ਰਹਿ ਗਈ। ਇੱਥੇ ਧਿਆਨ ਦੇਣ ਵਾਲ਼ੀ ਗੱਲ ਹੈ ਕਿ 1956-57 'ਚ ਪ੍ਰਤੀ ਵਿਅਕਤੀ

ਦਾਲਾਂ ਦੀ ਉਪਲਬਧਤਾ 72 ਗ੍ਰਾਮ ਸੀ।

ਇਨ੍ਹਾਂ ਅੰਕੜਿਆਂ ਅਤੇ ਤੱਥਾਂ ਤੋਂ ਸਾਫ਼ ਹੈ ਕਿ ਅੰਨ ਦੀ ਉਪਲਬਧਤਾ 'ਚ ਕਮੀ ਆ ਰਹੀ ਹੈ। ਇਸ ਦਾ ਅਸਰ ਲੋਕਾਂ ਦੀ ਸਿਹਤ 'ਤੇ ਵੀ ਦੇਖਿਆ ਜਾ ਸਕਦਾ ਹੈ। ਵਰ੍ਹੇ 2005-06 ਦੇ ਕੌਮੀ ਪਰਿਵਾਰ ਸਿਹਤ ਸਰਵੇਖਣ ਅਨੁਸਾਰ ਭਾਰਤ 'ਚ 5 ਵਰ੍ਹੇ ਤੋਂ ਘੱਟ ਉਮਰ ਦੇ ਬੱਚਿਆਂ 'ਚ ਵੱਡੇ ਪੈਮਾਨੇ 'ਤੇ ਸਰੀਰਕ ਕਮਜ਼ੋਰੀ ਦੇਖੀ ਗਈ ਹੈ। ਇਸ ਉਮਰ ਦੇ 43 ਫੀਸਦੀ ਬੱਚਿਆਂ ਦਾ ਸਰੀਰਕ ਵਜ਼ਨ ਉਮਰ ਦੇ ਲਿਹਾਜ਼ ਨਾਲੋਂ ਕਾਫ਼ੀ ਘੱਟ ਹੈ। ਲੋੜ ਮੁਤਾਬਕ ਪੋਸ਼ਣ ਦੀ ਕਮੀ 'ਚ ਅਨੇਕਾ ਰੋਗਾਂ ਨਾਲ਼ ਪੀੜਤ ਬੱਚਿਆਂ ਦੀ ਗਿਣਤੀ ਵੀ ਵੱਧ ਰਹੀ ਹੈ। ਗਰਭਵਤੀ ਅਤੇ ਦੁੱਧ ਪਿਲਾਉਣ ਵਾਲ਼ੀਆਂ ਮਾਂਵਾ ਦੇ ਸਰੀਰਾਂ 'ਚ ਕੈਲਸ਼ੀਅਮ ਅਤੇ ਲੋਹੇ ਅਤੇ ਹੋਰ ਲੂਣਾਂ ਜਾਂ ਪੌਸ਼ਟਿਕ ਤੱਤਾਂ ਦੀ ਕਮੀ ਵੀ ਸਥਿਤੀ ਦੀ ਭਿਆਨਕਤਾ ਵੱਲ ਇਸ਼ਾਰਾ ਕਰਦੇ ਹਨ। 15 ਤੋਂ 45 ਵਰ੍ਹੇ ਦਰਮਿਆਨ ਇਸਤਰੀਆਂ ਦਾ ਬਾਡੀ ਮਾਸ ਇੰਡੇਕਸ (ਬੀ.ਐਮ.ਆਈ.) 18.5 ਤੋਂ ਵੀ ਘੱਟ ਹੈ। ਇਹ ਬੇਹੱਦ ਗੰਭੀਰ ਹੈ। ਇਨ੍ਹਾਂ 'ਚੋਂ 16 ਪ੍ਰਤੀਸ਼ਤ ਇਸਤਰੀਆਂ ਤਾਂ ਬੇਹੱਦ ਹੀ ਕਮਜ਼ੋਰ ਹਨ। 15 ਤੋਂ 45 ਵਰ੍ਹੇ ਦੀ ਉਮਰ ਦੇ 34 ਫੀਸਦੀ ਪੁਰਸ਼ਾਂ 'ਚ ਵੀ ਕੁਪੋਸ਼ਣ ਬਹੁਤ ਜ਼ਿਆਦਾ ਹੈ। ਇਹਨਾਂ ਦਾ ਬੀ. ਐਮ. ਆਈ. ਵੀ 18.5 ਤੋਂ ਘੱਟ ਹੈ। ਅਸਲ 'ਚ ਨਕਦੀ ਫਸਲਾਂ ਨਾਲ਼ ਆਰਥਿਕ ਅਮੀਰੀ ਭਾਵੇਂ ਵੱਧ ਰਹੀ ਹੋਵੇ ਪਰ ਆਮ ਲੋਕਾਂ ਦੀ ਸਿਹਤ 'ਤੇ ਇਸ ਦਾ ਉਲਟਾ ਅਸਰ ਪੈ ਰਿਹਾ ਹੈ।

1983-85 'ਚ ਅੰਨ ਪੈਦਾਵਾਰ ਦੀ ਜਿਹੜੀ ਹਾਲਤ ਸੀ ਉਸ 'ਚੋਂ ਗ਼ੈਰ-ਅੰਨ ਫਸਲਾਂ ਦੀ ਹਿੱਸੇਦਾਰੀ ਲਗਭਗ 37 ਫੀਸਦੀ ਸੀ ਜਿਹੜੀ ਵਰ੍ਹੇ 2006-07 'ਚ ਵੱਧ ਕੇ 46.7 ਪ੍ਰਤੀਸ਼ਤ ਤੱਕ ਪਹੁੰਚ ਗਈ। ਅੰਕੜਿਆਂ ਅਨੁਸਾਰ ਖਾਧ ਫਸਲਾਂ ਦੀ ਪੈਦਾਵਾਰ 'ਚ ਜਿੱਥੇ 2 ਪ੍ਰਤੀਸ਼ਤ ਤੱਕ ਵਾਧਾ ਹੋਇਆ ਹੈ ਉੱਥੇ ਗ਼ੈਰ-ਅੰਨ ਫਸਲਾਂ 'ਚ 4 ਪ੍ਰਤੀਸ਼ਤ ਤੱਕ ਵਾਧਾ ਹੋਇਆ ਹੈ। ਸੰਸਾਰ ਬੈਂਕ ਦੀ ਹੀ ਰੀਪੋਰਟ ਮੰਨਦੀ ਹੈ ਕਿ ਮਹਿੰਗੀਆਂ ਕੀਮਤਾਂ ਵਾਲ਼ੀਆਂ ਫਸਲਾਂ ਦੀ ਮੰਗ ਵਧੀ ਹੈ ਜਦੋਂ ਕਿ ਭੋਜਨ ਲਈ ਜ਼ਰੂਰੀ ਫਸਲਾਂ ਦੀ ਪੈਦਾਵਾਰ ਘਟੀ ਹੈ। ਸਰਕਾਰ ਵੀ ਅੰਨ ਫਸਲਾਂ ਮੁਕਾਬਲੇ ਗ਼ੈਰ-ਅੰਨ ਫਸਲਾਂ ਦੀ ਪੈਦਾਵਾਰ ਵਧਾਉਣ ਨੂੰ ਵਧੇਰੇ ਹੱਲਾਸ਼ੇਰੀ ਦਿੰਦੀ ਹੈ। ਉਦਾਹਰਣ ਲਈ ਵਰ੍ਹੇ 2004-05 'ਚ ਫੁੱਲਾਂ ਦੀ ਜਿਹੜੀ ਬਰਾਮਦ 221 ਕਰੋੜ ਰੁ. ਸੀ ਉਹ 2006-07 'ਚ ਵੱਧ ਕੇ 650 ਕਰੋੜ ਹੋ ਗਈ। ਇਨ੍ਹਾਂ 'ਚ 194 ਫੀਸਦੀ ਵਾਧਾ ਦਰਜ ਕੀਤਾ ਗਿਆ। ਇੰਝ ਹੀ ਫਲਾਂ ਸ਼ਬਜੀਆਂ ਦੀ ਬਰਾਮਦ ਦਾ ਅੰਕੜਾ 1363 ਕਰੋੜ ਰੁ. ਤੋਂ ਵੱਧ ਕੇ 2411 ਕਰੋੜ ਰੁ. ਤੱਕ ਪਹੁੰਚ ਗਿਆ ਹੈ। ਇਹ ਆਮ ਵਾਧੇ ਤੋਂ 75 ਫੀਸਦੀ ਤੋਂ ਵੱਧ ਹੈ।

ਇਹ ਵਿਡੰਬਨਾ ਹੀ ਹੈ ਕਿ ਸੰਯੁਕਤ ਰਾਸ਼ਟਰ ਸੰਘ ਦੇ ਸੰਸਾਰ ਅੰਨ ਸ਼ਤਾਬਦੀ ਸੰਮੇਲਨ 2000 'ਚ ਵੱਖ-ਵੱਖ ਮੈਂਬਰ ਮੁਲਕਾਂ ਦੀਆਂ ਸਰਕਾਰਾਂ ਰਾਹੀਂ ਭੁੱਖ ਘਟਾਉਣ ਦੇ ਵਾਅਦੇ ਦੇ ਬਾਵਜੂਦ ਵੀ ਇਸ ਦਿਸ਼ਾ 'ਚ ਕੋਈ ਪ੍ਰਗਤੀ ਨਹੀਂ ਦਿਖਦੀ। ਸੰਯੁਕਤ ਰਾਸ਼ਟਰ ਸੰਘ ਦੇ ਭੋਜਨ ਦੇ ਹੱਕਾਂ ਸਬੰਧੀ ਵਿਸ਼ੇਸ਼ ਦੂਤ ਜੀਨ ਜਿਗਲਰ ਕਹਿੰਦੇ ਹਨ, "ਹਰ ਵਰ੍ਹੇ 60 ਲੱਖ ਤੋਂ ਵੱਧ ਬੱਚੇ 5 ਵਰ੍ਹੇ ਤੋਂ ਘੱਟ ਦੀ ਉਮਰ 'ਚ ਹੀ ਭੁੱਖ ਜਾਂ ਭੁੱਖ ਨਾਲ਼ ਜੁੜੀਆਂ ਬਿਮਾਰੀਆਂ ਦੀ ਵਜ੍ਹਾ ਨਾਲ਼ ਬੇਮੌਕੇ ਮੌਤ ਦਾ ਸ਼ਿਕਾਰ ਹੋ ਜਾਂਦੇ ਹਨ।"

ਵਰਤਮਾਨ ਦੌਰ ਦੇ ਵਿਕਾਸ ਮਾਡਲ 'ਚ ਭੁੱਖ ਅਤੇ ਅਕਾਲ ਅਟੱਲ ਨਹੀਂ ਹੈ। ਅੰਨ ਦੀ ਪੈਦਾਵਾਰ ਤੋਂ ਵਪਾਰੀ ਲੋਕ ਅਤੇ ਕੰਪਨੀਆਂ ਮੂੰਹ ਮੋੜ ਕੇ ਗੈਰ-ਅੰਨ ਫਸਲਾਂ ਦਾ ਉਤਪਦਾਨ ਕਰਨ ਲੱਗਣ ਤਾਂ ਸਥਿਤੀ ਦਾ ਅੰਦਾਜਾ ਲਗਾਇਆ ਜਾ ਸਕਦਾ ਹੈ। ਬਾਇਓ ਬਾਲਣ ਬਣਾਉਣ ਦੀ ਦੌੜ 'ਚ ਕਈ ਮੁਲਕਾਂ 'ਚ ਕਿਸਾਨ ਆਪਣੇ ਅੰਨ ਦਾ ਗੈਰ-ਅੰਨ ਇਸਤੇਮਾਲ ਕਰ ਰਹੇ ਹਨ। ਇੱਕ ਅਨੁਮਾਨ ਅਨੁਸਾਰ 50 ਲੀਟਰ ਬਾਇਓ ਬਾਲਣ ਲਈ 200 ਕਿਲੋਗ੍ਰਾਮ ਮੱਕੀ ਦੀ ਲੋੜ ਪੈਂਦੀ ਹੈ। ਇੰਨੇ ਹੀ ਅੰਨ 'ਚ ਇੱਕ ਵਿਅਕਤੀ ਇੱਕ ਵਰ੍ਹੇ ਤੱਕ ਆਪਣਾ ਪੇਟ ਭਰ ਸਕਦਾ ਹੈ।

ਭੁੱਖ ਦੀ ਮੰਡੀ ਨੇ ਮੁਨਾਫੇ ਦੇ ਧੰਧੇ ਦੇ ਰੂਪ 'ਚ ਆਪਣੇ ਆਪ ਨੂੰ ਬਦਲ ਲਿਆ ਹੈ। ਕੌਮਾਂਤਰੀ ਸੰਸਥਾਵਾਂ ਸਿਹਤ ਅਤੇ ਪੋਸ਼ਣ ਦੀ ਘਾਟ ਦਾ ਰੌਲਾ ਪਾ ਕੇ ਅਜਿਹੀਆਂ ਨੀਤੀਆਂ ਅਤੇ ਪ੍ਰੋਗਰਾਮ ਥੋਪ ਰਹੀਆਂ ਹਨ ਜਿਨ੍ਹਾਂ ਨਾਲ਼ ਅੰਨ ਸਨਅਤ 'ਚ ਲੱਗੀਆਂ ਵੱਡੀਆਂ ਬਹੁ ਕੌਮੀ ਕੰਪਨੀਆਂ ਨੂੰ ਸਿੱਧਾ ਫਾਇਦਾ ਪਹੁੰਚ ਰਿਹਾ ਹੈ। ਹੁਣ ਭਾਰਤ ਸਮੇਤ ਦੁਨੀਆਂ ਭਰ 'ਚ ਨਾਗਰਿਕਾਂ ਦੀ ਸਿਹਤ ਅਤੇ ਪੋਸ਼ਣ ਸਬੰਧੀ ਅਧਿਕਾਰਾਂ ਨੂੰ ਪੱਕੇ ਕਰਨ ਲਈ ਸਰਬਜਨਕ-ਨਿੱਜੀ ਹਿੱਸੇਦਾਰੀ (ਪੀ. ਪੀ. ਪੀ.) ਨੂੰ ਇਸ ਤਰ੍ਹਾਂ ਨਾਲ਼ ਪੇਸ਼ ਕੀਤਾ ਜਾ ਰਿਹਾ ਹੈ ਮੰਨੋ ਮੁਲਕ 'ਚ ਲੋਕਾਂ ਦੀ ਸਿਹਤ ਇਸੇ ਅਧਾਰ 'ਤੇ ਖ਼ੜੀ ਕੀਤੀ ਜਾ ਸਕਦੀ ਹੈ ਨਹੀਂ ਤਾਂ ਭਾਰਤ ਬਿਮਾਰੀਆਂ ਤੇ ਕੁਪੋਸ਼ਣ ਦੀ ਦਲਦਲ 'ਚ ਧਸ ਜਾਵੇਗਾ।

ਸਾਲ 2005 'ਚ ਸੰਸਾਰ ਸਿਹਤ ਸਭਾ (ਡਬਲਿਊ. ਐਚ. ਏ.) 'ਚ ਮਾਂ ਦੇ ਦੁੱਧ ਦੇ ਸਵਾਲ 'ਤੇ ਹੋਈ ਬਹਿਸ ਦੌਰਾਨ ਭਾਰਤ ਨੇ ਆਪਣਾ ਪੱਖ ਰੱਖਦੇ ਹੋਏ ਕਿਹਾ ਸੀ, "ਕਾਰੋਬਾਰੀ ਜਥੇਬੰਦੀਆਂ ਦਾ ਮੁੱਖ ਪੱਖ ਮੁਨਾਫਾ ਕਮਾਉਣਾ ਹੈ। ਇਸ ਲਈ ਕਾਰੋਬਾਰੀ ਜਥੇਬੰਦੀਆਂ ਤੋਂ ਅਜਿਹੀ ਉਮੀਦ ਰੱਖਣਾ ਨਾ ਤਾਂ ਉਚਿਤ ਹੈ ਤੇ ਨਾ ਹੀ ਵਿਵਹਾਰਿਕ ਕਿ ਉਹ ਮਾਂ ਦੇ ਦੁੱਧ ਨੂੰ ਸੁਰੱਖਿਆ ਹੱਲਾਸ਼ੇਰੀ ਅਤੇ ਹਮਾਇਤ ਦੇਣ ਲਈ ਸਰਕਾਰਾਂ ਜਾਂ ਹੋਰ ਸਮੂਹਾਂ ਨਾਲ਼ ਮਿਲਕੇ ਕੰਮ ਕਰਨਗੇ।" ਤਦ ਡਬਲਿਊ. ਐਚ. ਏ. ਨੇ ਮਤਾ ਲੜੀ ਨੰ. 58.32 ਨੂੰ ਮੰਨਦੇ ਹੋਏ ਮੈਂਬਰ ਸਮੂਹਾਂ ਨੂੰ ਇਤਰਾਜ਼ ਜਤਾਇਆ ਸੀ ਕਿ ਉਹ ਇਸ ਦੀ ਗਰੰਟੀ ਕਰਨ ਕਿ ਛੋਟੇ ਬੱਚਿਆਂ ਦੀ ਸਿਹਤ ਲਈ ਪ੍ਰੋਗਰਾਮਾਂ ਜਾਂ ਕਾਰਕੁੰਨਾ ਲਈ ਵਿੱਤੀ ਇਮਦਾਦ ਜਾਂ ਹੋਰ ਹੱਲਾਸ਼ੇਰੀ 'ਚ ਕਿਸੇ ਕਿਸਮ ਦਾ ਹਿੱਤਾਂ ਦਾ ਟਕਰਾਅ ਨਾ ਹੋਵੇ। ਮਈ 1981 'ਚ ਵੀ 34ਵੀਂ ਸੰਸਾਰ ਸਿਹਤ ਸਭਾ ਵਿੱਚ ਮਾਂ ਦੇ ਦੁੱਧ ਦੇ ਬਦਲ ਦੇ ਸਬੰਧੀ ਕੌਮਾਂਤਰੀ ਕੋਡ ਨੂੰ ਮੰਨਿਆਂ ਗਿਆ ਸੀ ਕਿ ਲਾਭ-ਮੁੱਖੀ ਕਾਰੋਬਾਰ ਸੰਸਥਾਨ ਸਾਂਵੇ ਵਿਕਾਸ ਦੇ ਪੈਰੋਕਾਰ ਨਹੀਂ ਬਣ ਸਕਦੇ। ਇਹਨਾਂ ਦਿਸ਼ਾ-ਨਿਰਦੇਸ਼ਾਂ ਵਿੱਚ ਨਾਗਰਿਕ ਸਮਾਜ ਅਤੇ ਯੂਨੀਸੇਫ ਅਤੇ ਡਬਲਿਊ. ਐੱਚ. ਓ. ਜਿਹੀਆਂ ਕੌਮਾਂਤਰੀ ਜਥੇਬੰਦੀਆਂ ਤੋਂ ਉਮੀਦ ਕੀਤੀ ਗਈ ਸੀ ਕਿ ਉਹ ਮਹਿਜ਼ ਫਾਇਦੇ ਲਈ ਸਰਗਰਮ ਸਨਅਤਾਂ ਨਾਲ਼ ਚੰਗੀ ਤਰ੍ਹਾਂ

ਨਿਬੜਣਗੇ ਪਰ ਅਜਿਹਾ ਕੁੱਝ ਵੀ ਨਹੀਂ ਹੋਇਆ। ਉਲਟਾ ਅਖੌਤੀ ਪੋਸ਼ਣ ਅਤੇ ਵਿਟਾਮਿਨਾਂ ਦਾ ਧੰਧਾ ਕਰਨ ਵਾਲ਼ੀਆਂ ਕੰਪਨੀਆਂ ਦੀ ਤਾਂ ਚਾਂਦੀ ਹੋ ਗਈ ਅਤੇ ਭੁਲੇਖਾਪਾਊ ਮਸ਼ਹੂਰੀਆਂ ਦਾ ਸਹਾਰਾ ਲੈ ਕੇ ਨੇਸਲੇ, ਹਿੰਦੁਸਤਾਨ ਲੀਵਰ ਅਤੇ ਅਜਿਹੀਆਂ ਹੀ ਹੋਰ ਬੇਬੀ ਫੂਡ ਬਣਾਉਣ ਵਾਲ਼ੀਆਂ ਕੰਪਨੀਆਂ ਨੇ ਖੂਬ ਮੁਨਾਫਾ ਕਮਾਇਆ। ਉਸ ਦੌਰ ਵਿੱਚ ਇਨ੍ਹਾਂ ਕੰਪਨੀਆਂ ਦੇ ਵਿਗਿਆਪਨਾਂ ਦਾ ਇਹ ਅਸਰ ਸੀ ਕਿ ਸ਼ਹਿਰਾਂ ਵਿੱਚ ਰਹਿਣ ਵਾਲ਼ੀਆਂ ਮੱਧਵਰਗੀ ਨੌਜਵਾਨ ਮਾਂਵਾਂ ਨੇ ਆਪਣੇ ਨਵਜਾਤ ਬੱਚਿਆਂ ਨੂੰ ਵੀ ਆਪਣੀ ਛਾਤੀ ਦਾ ਦੁੱਧ ਪਿਲਾਉਣ ਦੀ ਬਜ਼ਾਏ ਇਨ੍ਹਾਂ ਕੰਪਨੀਆਂ ਦਾ ਡੱਬਾਬੰਦ ਦੁੱਧ ਦੇਣਾ ਪ੍ਰਵਾਨ ਕਰ ਲਿਆ ਸੀ।

ਕੌਮਾਂਤਰੀ ਪੱਧਰ 'ਤੇ ਨੇਸਲੇ ਜਿਹੀਆਂ ਕੰਪਨੀਆਂ ਦਾ ਰੁਤਬਾ ਦੇਖੋ। ਸੰਨ 1974 'ਚ ਥਰਡ ਵਰਲਡ ਨੇਸ਼ਨਜ ਗੁੱਰਪ ਨਾਮਕ ਇੱਕ ਜਨਤਕ ਜਥੇਬੰਦੀ ਨੇ ਇੱਕ ਪਰਚਾ ਛਾਪਿਆ ਸੀ। ਸਿਰਲੇਖ ਸੀ "ਬੱਚਿਆਂ ਦਾ ਕਾਤਲ – ਨੇਸਲੇ' ਇਸ ਪਰਚੇ ਖਿਲਾਫ਼ ਨੇਸਲੇ ਨੇ ਮੁਕੱਦਮਾ ਕਰ ਦਿੱਤਾ ਅਤੇ ਸੰਨ 1976 ਵਿੱਚ ਅਦਾਲਤ ਦਾ ਫੈਸਲਾ ਨੇਸਲੇ ਦੇ ਪੱਖ ਵਿੱਚ ਆਇਆ। ਅਦਾਲਤ ਨੇ "ਅਪਰਾਧਿਕ ਕਾਨੂੰਨ ਤਹਿਤ" ਨੇਸਲੇ ਨੂੰ ਬੱਚਿਆਂ ਦੀ ਮੌਤ ਲਈ ਜ਼ਿੰਮੇਵਾਰ ਨਹੀਂ ਪਾਇਆ। ਉਲਟੇ ਅਦਾਲਤ ਨੇ ਥਰਡ ਵਰਲਡ ਐਕਸ਼ਨ ਗੁਰੱਪ 'ਤੇ 300 ਸਵਿੱਸ ਫਰੈਂਕ ਦਾ ਜੁਰਮਾਨਾ ਲਗਾਇਆ ਅਤੇ ਵਰਜਿਆ ਕਿ ਗੁਰੱਪ ਆਪਣੇ ਪਰਚਿਆਂ ਦੀ ਭਾਸ਼ਾ 'ਚ ਸਬਰ ਵਰਤੇ।

ਅਖੌਤੀ ਪੋਸ਼ਣ ਅਤੇ ਹੈਲਥ ਫੂਡ ਦੇ ਧੰਦੇ ਵਿੱਚ ਲੱਗੀਆਂ ਕੰਪਨੀਆਂ ਦੀ ਤਾਂ ਹੁਣ ਚੜ੍ਹਾਈ ਹੈ। ਭੂਮੰਡਲੀਕਰਨ ਦੇ ਦੌਰ ਵਿੱਚ ਇਨ੍ਹਾਂ ਕੰਪਨੀਆਂ ਨੇ ਵੱਡੇ ਪੈਮਾਨੇ 'ਤੇ ਸਿਹਤ ਅਤੇ ਭੁੱਖ ਦਾ ਰਾਮ-ਰੌਲਾਂ ਪਾ ਕੇ ਆਪਣੇ ਉਲਟੇ-ਸਿੱਧੇ ਉਤਪਾਦਾਂ ਨੂੰ ਮਹਿੰਗੀਆਂ ਦਰਾਂ 'ਤੇ ਮੰਡੀਆਂ 'ਚ ਭਰ ਦਿੱਤਾ ਹੈ। ਯੂਨੀਸੇਫ ਅਤੇ ਡਬਲਿਊ. ਐੱਚ. ਓ. ਜਿਹੀਆਂ ਜਥੇਬੰਦੀਆਂ ਨੇ ਵੀ ਆਪਣੇ 27 ਵਰ੍ਹੇ ਪਹਿਲਾਂ ਦੇ 34ਵੇਂ ਸੰਸਾਰ ਸਿਹਤ ਸਭਾ ਦੇ ਐਲਾਨਨਾਮੇ ਨੂੰ ਚੁੱਕ ਕੇ ਕਿਨਾਰੇ ਕਰ ਦਿੱਤਾ ਹੈ। ਜਿਸ ਿ ਵੱਚ ਕਿਹਾ ਗਿਆ ਸੀ ਕਿ, "ਲਾਭ ਲਈ ਸਰਗਰਮ ਕੰਪਨੀਆਂ ਵਿਆਪਕ ਲੋਕ ਹਿੱਤ ਦੀਆਂ ਪੋਸ਼ਕ ਨਹੀਂ ਹੋ ਸਕਦੀਆਂ।" ਹੁਣ ਯੁਨੀਸੇਫ ਨੇ "ਗਲੋਬਲ ਅਲਾਇੰਸ ਫਾਰ ਇੰਪਰੂਵਡ ਨਿਊਟਰੀਸ਼ਨ" (ਗੇਨ) ਨਾਲ਼ ਹੱਥ ਮਿਲਾਇਆ ਹੈ। ਗੇਨ ਇੱਕ ਅਜਿਹੀ ਜਥੇਬੰਦੀ ਹੈ ਜਿਹੜੀ ਕੌਮਾਂਤਰੀ ਅੰਨ ਵਪਾਰ ਕੰਪਨੀਆਂ ਦੇ ਹਿੱਤਾਂ, ਪੋਸ਼ਣ ਅਤੇ ਸੁਰੱਖਿਆ ਲਈ ਕੰਮ ਕਰਦੀ ਹੈ। ਹੁਣ ਖ਼ਤਰਾ ਹੈ ਕਿ ਇਸ ਨਾਲ਼ ਵੱਖ-ਵੱਖ ਮੁਲਕਾਂ ਦੀਆਂ ਪੋਸ਼ਣ ਅਤੇ ਅੰਨ ਨੀਤੀਆਂ ਵਿੱਚ ਬਜਾਰ ਅਤੇ ਬਹੁਕੌਮੀ ਅੰਨ ਕੰਪਨੀਆਂ ਦਾ ਦਖਲ ਵੱਧ ਜਾਵੇਗਾ।

ਗੇਨ ਨੇ ਵੱਖ-ਵੱਖ ਬਹੁਕੌਮੀ ਕੰਪਨੀਆਂ ਦੇ ਅੰਨ ਉਤਪਾਦਾਂ ਨੂੰ ਵੱਖ-ਵੱਖ ਮੁਲਕਾਂ ਦੇ ਕੌਮੀ ਅੰਨ, ਸਿਹਤ ਅਤੇ ਪੋਸ਼ਣ ਨੀਤੀਆਂ 'ਚ ਸ਼ਾਮਲ ਕਰਨ ਲਈ ਸਰਕਾਰਾਂ ਨਾਲ਼ ਲਾਬਿੰਗ ਵੀ ਸ਼ੁਰੂ ਕਰ ਦਿੱਤੀ ਹੈ। ਇਹ ਜਾਨਣਾ ਜ਼ਰੂਰੀ ਹੈ ਕਿ ਕੌਮਾਂਤਰੀ ਸੰਸਥਾਵਾਂ ਯੂਨੀਸੇਫ ਅਤੇ ਡਬਲਿਊ. ਐੱਚ. ਓ. ਦੇ ਪ੍ਰਤੀਨਿੱਧੀ ਹੁਣ 'ਗੇਨ' ਦੀਆਂ ਬੈਠਕਾਂ ਵਿੱਚ ਉਹਨਾਂ ਬਹੁਕੌਮੀ ਅੰਨ ਨਿਰਮਾਤਾ ਕੰਪਨੀਆਂ ਦੇ ਪ੍ਰਤੀਨਿੱਧੀਆਂ ਨਾਲ਼ ਬੈਠਦੇ ਹਨ ਜਿਨ੍ਹਾਂ ਨੇ ਕਈ ਦੇਸ਼ਾਂ ਵਿੱਚ ਕੌਮਾਂਤਰੀ ਦਿਸ਼ਾ-ਨਿਰਦੇਸ਼ਾਂ ਦੀ ਉਲੰਘਣਾ ਕੀਤੀ ਹੈ। 'ਗੇਨ' ਦੇ ਬੋਰਡ ਮੈਂਬਰਾਂ ਵਿੱਚ ਬਾਇਰ, ਕੋਕਾਕੋਲਾ, ਨੇਸਲੇ, ਨੋਵਾਰਟਿਸ, ਪੇਪਸੀਕੋ, ਫਾਇਜ਼ਰ, ਪ੍ਰਾਕਟਰ ਐਂਡ ਗੈਂਬਲ ਜਿਹੀਆਂ ਅਨੇਕਾਂ ਅੰਨ, ਰਸਾਇਣ ਅਤੇ ਦਵਾ ਕੰਪਨੀਆਂ ਦੇ ਪ੍ਰਤੀਨਿੱਧੀ ਸ਼ਾਮਲ ਹਨ, ਇਸੇ ਗੇਨ ਨੇ ਹੁਣ 'ਹੇਜ਼ ਫੰਡਜ਼' ਨਾਲ਼ ਮਿਲ ਕੇ 'ਸਪਰਿੰਕਲਜ' ਨਾਮਕ ਉਤਪਾਦ ਦੇ ਸਮਰਥਨ ਅਤੇ ਵਿਕਾਸ ਲਈ ਕਾਫ਼ੀ ਪੈਸਾ ਦਿੱਤਾ ਹੈ, ਜਿਹੜਾ 6 ਮਹੀਨਿਆਂ ਦੇ ਬੱਚਿਆਂ ਦੇ ਸਰੀਰ ਵਿੱਚ ਲੋਹੇ ਦੀ ਕਮੀ ਨਾਲ਼ ਹੋਣ ਵਾਲ਼ੇ ਏਨੀਮੀਆ ਦੇ ਇਲਾਜ ਵਿੱਚ ਵਾਜ਼ਬ ਹੁੰਦਾ ਹੈ।

ਇੱਥੇ ਇਹ ਜਾਣਨਾ ਜ਼ਰੂਰੀ ਹੈ ਕਿ 'ਗੇਨ' ਦੀ ਸਥਾਪਨਾ ਦੁਨੀਆਂ ਭਰ ਦੇ ਬੱਚਿਆਂ ਦੀ ਸਿਹਤ ਨੂੰ ਧਿਆਨ 'ਚ ਰੱਖ ਕੇ ਕੀਤੀ ਗਈ ਹੈ। ਸੰਨ 2002 ਵਿੱਚ ਸੰਯੁਕਤ ਰਾਸ਼ਟਰ ਸੰਘ ਦੀ ਇੱਕ ਵਿਸ਼ੇਸ਼ ਬੈਠਕ ਵਿੱਚ ਇਸ ਦੀ ਸਥਾਪਨਾ ਕੀਤੀ ਗਈ। ਇਸ ਦਾ ਮਕਸਦ ਉਨ੍ਹਾਂ ਬੱਚਿਆਂ ਦੇ ਵਿਸ਼ੇਸ਼ ਪੋਸ਼ਣ ਭਰਪੂਰ ਅੰਨ (ਫੋਰਟੀਫਾਇਡ ਫੂਡਸ) ਨੂੰ ਪ੍ਰਚੱਲਿਤ ਕਰਨਾ ਸੀ ਜਿਨ੍ਹਾਂ ਨੂੰ ਲੋੜ ਮੁਤਾਬਿਕ ਭੋਜਨ ਅਤੇ ਪੋਸ਼ਣ ਨਹੀਂ ਮਿਲ ਸਕਦਾ। ਇਸ ਲਈ ਨਿੱਜੀ ਖੇਤਰ ਨਾਲ਼ ਹਿੱਸੇਦਾਰੀ ਕਰਨ ਦੀ ਗੱਲ ਕਹੀ ਗਈ ਸੀ। ਇਸਦੇ ਉਦੇਸ਼ਾਂ ਵਿੱਚ ਇਹ ਵੀ ਸ਼ਾਮਲ ਹੈ ਕਿ ਬਿਲ ਐਂਡ ਮੇਲਿੰਡਾ ਗੇਟਸ ਫਾਉਂਡੇਸ਼ਨ ਅਤੇ ਸੰਯੁਕਤ ਰਾਸ਼ਟਰ ਸੰਘ ਦੀਆਂ ਹੋਰ ਏਜੰਸੀਆਂ ਦੀ ਅਗਵਾਈ ਵਿੱਚ ਗੇਨ ਇਸ ਗੱਲ ਦੀ ਲਾਬਿੰਗ ਕਰਨ ਦਾ ਯਤਨ ਕਰੇਗਾ ਕਿ ਮਿੱਥੇ ਮੁਲਕਾਂ ਵਿੱਚ ਅੰਨ ਕੰਪਨੀਆਂ ਲਈ ਅਨੁਕੂਲ ਫੀਸ ਦਰਾਂ ਲਾਗੂ ਹੋਣ। ਇਸ ਲਾਬਿੰਗ ਵਿੱਚ ਅਮਰੀਕਾ, ਜਪਾਨ, ਜਰਮਨੀ, ਕਨੇਡਾ ਜਿਹੇ ਦੇਸ਼ਾਂ ਦੀਆਂ ਸਰਕਾਰਾਂ ਨੇ ਗੇਨ ਦਾ ਸਾਥ ਦੇਣ ਦਾ ਵਾਅਦਾ ਕੀਤਾ ਹੈ। ਇਸ ਦਾ ਉਦੇਸ਼, ਸਾਫ ਹੈ ਕਿ ਦੁਨੀਆਂ ਵਿੱਚ ਫੋਰਟੀਫਾਇਡ ਫੂਡਸ ਦੀ ਵੱਡੇ ਪੈਮਾਨੇ 'ਤੇ ਮੰਗ ਵੱਧੇ। ਗੇਨ ਹੁਣ ਡੀ. ਐਮ. ਐਨ. ਨਿਊਟਰੀਸ਼ਨ ਪ੍ਰੋਡਕਟਸ, ਕਾਰਗਿਲ, ਏਕਜੋ, ਪ੍ਰਾਕਟਰ ਐਂਡ ਗੈਂਬਲ ਨਾਲ਼ ਮਿਲ ਕੇ 'ਗੇਨ ਪ੍ਰੀਮੀਅਮ ਫੰਡ' ਸਥਾਪਿਤ ਕਰਨ ਦੀ ਦਿਸ਼ਾ 'ਚ ਵੀ ਕੰਮ ਕਰ ਰਿਹਾ ਹੈ। ਇਹ 'ਫੰਡ' ਐਨ. ਜੀ. ਓ. ਅਤੇ ਸਰਕਾਰਾਂ ਰਾਹੀਂ ਅਜਿਹੀ ਪੈਦਾਵਾਰ ਦੇ ਪ੍ਰਚਾਰ ਜਾਂ ਮਸ਼ਹੂਰੀ ਨੂੰ ਵਧਾਉਣ 'ਚ ਵੀ ਮਦਦ ਦੇਵੇਗਾ। ਇਸ ਯੋਜਨਾ 'ਤੇ ਸਤੰਬਰ 2007 'ਚ ਸਹਿਮਤੀ ਬਣ ਚੁੱਕੀ ਹੈ।

ਸਵਾਲ ਹੈ ਕਿ 'ਗੇਨ' ਜਿਹੇ ਯਤਨ ਭਾਰਤ ਜਾਂ ਭਾਰਤ ਜਿਹੇ ਪਿਛੜੇ ਮੁਲਕਾਂ ਦੀ ਪੋਸ਼ਣ ਪ੍ਰਣਾਲੀ ਨੂੰ ਢਹਿ-ਢੇਰੀ ਕਰ ਦੇਣਗੇ। ਭਾਰਤ 'ਚ 1992 ਤੋਂ ਟਿਕਾਊ ਅਤੇ ਆਤਮ ਨਿਰਭਰ ਪੋਸ਼ਣ ਸੁਰੱਖਿਆ ਦੀ ਗਰੰਟੀ ਕਰਨ ਲਈ ਇੱਕ ਐਕਟ ਬਣਿਆ ਹੋਇਆ ਹੈ। ਹੁਣ 'ਗੇਨ' ਦੇ ਸਰਗਰਮ ਹੋਣ ਨਾਲ਼ ਭਾਰਤ ਦੀ ਪੋਸ਼ਣ ਸੁਰੱਖਿਆ ਨੀਤੀ ਬੁਰੀ ਤਰ੍ਹਾਂ ਪ੍ਰਭਾਵਿਤ ਹੋਵੇਗੀ। ਮੌਜੂਦਾ ਭਾਰਤੀ ਪੋਸ਼ਣ ਸੁਰੱਖਿਆ ਕਾਨੂੰਨ (1992) 'ਚੋ ਹੇਠਾਂ ਦਿੱਤੇ ਮੁੱਖ ਪ੍ਰਬੰਧ ਹਨ :

1). ਦੋ ਸਾਲ ਤੋਂ ਘੱਟ ਉਮਰ ਦੇ ਬੱਚਿਆਂ ਲਈ ਨਿਰਮਿਤ ਬਾਲ ਭੋਜਨ ਅਤੇ ਦੁੱਧ ਦੀਆਂ ਬੋਤਲਾਂ ਦੇ ਪ੍ਰਚਾਰ-ਪ੍ਰਸਾਰ 'ਤੇ ਰੋਕ.

2). ਪ੍ਰਿੰਟ ਮੀਡੀਆ, ਇਲੇਕਟ੍ਰਾਨਿਕ ਮੀਡੀਆ ਜਾਂ ਹੋਰ ਕਿਸੇ ਵੀ ਪ੍ਰਚਾਰ ਮਾਧਿਅਮ 'ਚ ਇਨ੍ਹਾਂ ਚੀਜ਼ਾਂ ਦਾ ਵਿਗਿਆਪਨ ਨਹੀਂ ਹੋਵੇਗਾ।

3). ਕੋਈ ਵੀ ਕੰਪਨੀ ਕਿਸੇ ਵੀ ਗਰਭਵਤੀ ਜਾਂ ਦੁੱਧ ਪਿਲਾਉਣ ਵਾਲ਼ੀ ਇਸਤਰੀ ਨੂੰ ਤੋਹਫੇ ਜਾਂ ਅਜਿਹੇ ਉਤਪਾਦ ਦਾ ਮੁਫ਼ਤ ਨਮੂਨਾ ਨਹੀਂ ਦੇ ਸਕਦੀ।

4). ਵਿਗਿਆਪਨਾਂ 'ਚ ਮਾਵਾਂ, ਬੱਚਿਆਂ ਦੀਆਂ ਤਸਵੀਰਾਂ ਕਾਰਟੂਨਾਂ ਜਾਂ ਹੋਰ ਸਬੰਧਿਤ ਗ੍ਰਾਫਿਕਸ ਦਾ ਇਸਤੇਮਾਲ ਨਹੀਂ ਕੀਤਾ ਜਾ ਸਕਦਾ।

5). ਦਵਾ ਜਾਂ ਪੋਸ਼ਣ ਦਾ ਕਾਰੋਬਾਰ ਕਰਨ ਵਾਲ਼ੀਆਂ ਕੰਪਨੀਆਂ ਸਿਹਤ ਕਾਰਕੁੰਨਾਂ ਨੂੰ ਕਿਸੇ ਕਿਸਮ ਦਾ ਭੁਗਤਾਨ ਨਹੀਂ ਕਰ ਸਕਦੀਆਂ ਜਾਂ ਬੈਠਕਾਂ, ਸੰਮੇਲਨਾਂ, ਸੈਮੀਨਾਰਾਂ, ਆਦਿ ਦਾ ਪ੍ਰਬੰਧ ਨਹੀਂ ਕਰ ਸਕਦੀਆਂ।

ਹੁਣ ਗੇਨ ਦੇ ਸਰਗਰਮ ਹੋਣ ਨਾਲ਼ ਭਾਰਤ ਸਮੇਤ ਹੋਰ ਮੁਲਕਾਂ 'ਚ ਅੰਨ ਅਤੇ ਪੋਸ਼ਣ ਸੁਰੱਖਿਆ 'ਤੇ ਸਵਾਲ ਖੜੇ ਹੋ ਗਏ ਹਨ। ਭਾਰਤ 'ਚ ਕੌਮੀ ਪੋਸ਼ਣ ਨੀਤੀ ਨੂੰ ਠੀਕ ਤਰ੍ਹਾਂ ਲਾਗੂ ਕਰਨ ਲਈ ਡਾ. ਐਮ. ਐਸ. ਸਵਾਮੀਨਾਥਨ ਦੀ ਪ੍ਰਧਾਨਗੀ 'ਚ ਇੱਕ ਜਥੇਬੰਦੀ ਬਣਾਈ ਗਈ ਹੈ। — "ਕੋਲੀਸ਼ਨ ਫਾਰ ਸਸਟੇਨੇਬਲ ਨਿਊਟਰੀਸ਼ਨ ਸਿਕਿਊਰਿਟੀ ਇਨ ਇੰਡੀਆ", ਗੇਨ ਭਾਰਤ 'ਚ ਇਸ ਕੋਲੀਸ਼ਨ ਨਾਲ਼ ਵੀ ਕੰਮ ਕਰ ਰਿਹਾ ਹੈ। ਹੁਣ ਸਵਾਲ ਹੈ ਕਿ ਭਾਰਤ 'ਚ ਅੰਨ ਅਤੇ ਪੋਸ਼ਣ ਸੁਰੱਖਿਆ ਦੀਆਂ ਸ਼ਰਤਾਂ 'ਤੇ ਗੇਨ ਦੇ ਏਜੰਡੇ ਨੂੰ ਕਿੰਝ ਚੱਲਣ ਦਿੱਤਾ ਜਾ ਸਕਦਾ ਹੈ। ਇਸ ਨਾਲ਼ ਟਕਰਾਅ ਦੀ ਸਥਿਤੀ ਉਤਪੰਨ ਹੋ ਗਈ ਹੈ ਅਤੇ ਖ਼ਬਰ ਹੈ ਕਿ ਕੌਮਾਂਤਰੀ ਸਿਹਤ ਅਤੇ ਪੋਸ਼ਣ ਜਥੇਬੰਦੀਆਂ ਯੂਨੀਸੇਫ, ਡਬਲਿਊ. ਐੱਚ. ਓ. ਆਦਿ ਦੇ ਪ੍ਰਤੀਨਿੱਧ ਖਾਧ ਅਤੇ ਪੋਸ਼ਣ ਦੀਆਂ ਵੱਡੀਆਂ ਕੰਪਨੀਆਂ ਅੱਗੇ ਬੌਣੇ ਨਜ਼ਰ ਆ ਰਹੇ ਹਨ।

ਭੋਜਨ ਅਤੇ ਪੋਸ਼ਣ ਦੇ ਵਪਾਰ ਨਾਲ਼ ਜੁੜੀਆਂ ਵੱਡੀਆਂ ਕੰਪਨੀਆਂ ਦਾ ਦਬਾਅ ਹੈ ਕਿ ਕੌਮੀ ਪੋਸ਼ਣ ਪ੍ਰੋਗਰਾਮ 'ਚ ਫੋਰਟੀਫਾਈਡ ਖੁਰਾਕ ਸ਼ਾਮਲ ਕੀਤੀ ਜਾਵੇ। ਮਈ 2008 'ਚ ਚਿਕਿਤਸਾ ਦੀ ਚਰਚਿਤ ਮੈਗਜ਼ੀਨ 'ਲੈਨਸੇਨ' ਨੇ ਜੱਚਾ-ਬੱਚਾ ਕੁਪੋਸ਼ਣ 'ਤੇ ਇੱਕ ਸੀਰੀਜ਼ ਛਾਪੀ ਸੀ। ਇਸ 'ਚ ਸੂਖਮ ਪੋਸ਼ਣ ਤੱਤਾਂ 'ਤੇ ਜ਼ੋਰ ਸੀ ਅਤੇ ਸ਼ਿਫਾਰਿਸ ਕੀਤੀ ਗਈ ਸੀ ਕਿ ਕੌਮੀ ਪੋਸ਼ਣ ਪ੍ਰੋਗਰਾਮ 'ਚ ਫੋਰਟੀਫਾਇਡ ਖੁਰਾਕ ਨੂੰ ਸ਼ਾਮਿਲ ਕੀਤਾ ਜਾਵੇ। ਹਾਲਾਂਕਿ ਕਈ ਵਿਗਿਆਨੀ ਇਸ 'ਫੋਰਟੀਫਿਕੇਸ਼ਨ' ਨੂੰ ਗ਼ੈਰ ਜ਼ਰੂਰੀ ਅਤੇ ਭੱਦਾ ਵਪਾਰ ਦੱਸਦੇ ਹਨ। ਬਾਲ ਰੋਗ ਮਾਹਿਰਾਂ ਦੀ ਮੈਗਜ਼ੀਨ ਇੰਡੀਅਨ ਪੀਡਿਆਟਰਿਕਸ ਦੇ ਸੰਪਾਦਕ ਡਾ. ਪੀਯੂਸ਼ ਗੁਪਤਾ ਸਵਾਲ ਕਰਦੇ ਹਨ ਕਿ "ਕੀ ਸਾਰੇ ਬੱਚਿਆਂ ਲਈ ਵਿਟਾਮਿਨ-ਏ. ਭਰਪੂਰ ਪੂਰਕ ਖੁਰਾਕ ਜ਼ਰੂਰੀ ਹੈ?" ਧਿਆਨ ਦੇਣ ਦੀ ਲੋੜ ਹੈ ਕਿ ਕੁੱਝ ਵਰ੍ਹੇ ਪਹਿਲਾਂ ਅਜਿਹੇ ਹੀ ਨਮਕ 'ਚ ਆਇਓਡੀਨ ਨੂੰ ਲਾਜ਼ਮੀ ਕਰਨ ਲਈ ਕੰਪਨੀਆਂ ਨੇ ਪੂਰਾ ਦਬਾਅ ਬਣਾਇਆ ਅਤੇ ਸਰਕਾਰ ਨੂੰ ਇਸ ਦਬਾਅ 'ਚ ਕਾਨੂੰਨ ਵੀ ਬਦਲਣਾ ਪਿਆ। ਵਰਨਣਯੋਗ ਹੈ ਕਿ ਸਰਕਾਰੀ ਕਾਨੂੰਨਾਂ ਦੀ ਓਟ 'ਚ ਆਇਓਡੀਨ ਭਰਪੂਰ ਨਮਕ ਨੂੰ ਲਾਜ਼ਮੀ ਕਰਨ ਨਾਲ਼ ਆਮ ਨਾਗਰਿਕਾਂ 'ਤੇ ਥੋਪ ਕੇ ਇਸ ਦੇਸ਼ 'ਚ ਕਈ ਬਿਮਾਰੀਆਂ ਲਈ ਰਾਹ ਖੋਲ੍ਹ ਦਿੱਤਾ ਗਿਆ ਹੈ।

ਨਮਕ 'ਚ ਆਇਓਡੀਨ ਦੀ ਲੋੜ ਨੂੰ ਥੋਪਣ ਦੇ ਮਾਮਲੇ ਦੀ ਪੜਤਾਲ ਕਰਨ ਨਾਲ਼ ਇਸ ਖਤਰੇ ਦੀ ਪੁਸ਼ਟੀ ਹੋ ਜਾਂਦੀ ਹੈ। ਕਿ ਦੇਰ ਸਵੇਰ ਚਾਵਲ 'ਚ ਵਿਟਾਮਿਨ ਏ ਅਤੇ ਆਟੇ 'ਚ ਲੋਹੇ ਅਤੇ ਹੋਰ ਸੂਖਮ ਪੌਸ਼ਟਿਕ ਤੱਤਾਂ ਨੂੰ ਰੋਜ਼ਾਨਾ ਵਰਤੋਂ ਦੇ ਅਨਾਜਾਂ 'ਚ ਮਿਲਾ ਕੇ ਫੋਰਟੀਫਾਇਡ ਫੂਡ ਦੇ ਰੂਪ 'ਚ ਮੰਡੀ 'ਚ ਉਤਾਰਿਆਂ ਜਾ ਸਕਦਾ ਹੈ। ਕੇਂਦਰੀ ਸਿਹਤ ਮੰਤਰਾਲੇ ਦੇ ਭਰੋਸੇਯੋਗ ਸੂਤਰਾਂ ਦੇ ਹਵਾਲੇ ਨਾਲ਼ ਇਸ ਲੇਖਕ ਨੂੰ ਖ਼ਬਰ ਹੈ ਕਿ ਮੰਤਰਾਲੇ 'ਚ ਆਇਓਡਾਇਜ਼ਡ ਨਮਕ ਨੂੰ ਡਬਲ ਫੋਰਟੀਫਾਇਡ (ਉਸ 'ਚ ਲੋਹਾ ਮਿਲਾਉਣ) ਦੀ ਮਹੱਤਵ ਅਕਾਂਖਿਆਈ ਯੋਜਨਾ ਲਟਕੀ ਹੋਈ ਹੈ ਜਿਸ 'ਚ ਜੁੜੀ ਕੰਪਨੀ ਨੇ ਸਰਵੇਖਣ ਦੇ ਅਧਾਰ 'ਤੇ ਇਹ ਵੀ ਦਾਅਵਾ ਕੀਤਾ ਹੈ ਕਿ ਲੋਕਾਂ ਨੂੰ ਜੇਕਰ ਚੰਗੀ ਤਰ੍ਹਾਂ ਸਿੱਖਿਅਤ ਕੀਤਾ ਜਾਵੇ ਤਾਂ ਲੋਕ ਮੌਜੂਦਾ ਦਰ ਨਾਲੋਂ ਦੋ ਗੁਣਾ ਕੀਮਤ 'ਤੇ ਵੀ 'ਡਬਲ ਫੋਰਟੀਫਾਇਡ ਨਮਕ' ਲੈਣ ਲਈ ਤਿਆਰ ਹਨ।

ਚਿੰਤਾ ਦੀ ਗੱਲ ਤਾਂ ਇਹ ਹੈ ਕਿ ਕੰਪਨੀਆਂ ਅਤੇ ਮੰਡੀ ਦੇ ਗਠਜੋੜ ਨੇ ਸਾਡੀ ਕੁਦਰਤੀ ਅੰਨ ਪ੍ਰਣਾਲੀ ਨੂੰ ਖਤਮ ਕਰ ਦੇਣ ਦੀ ਯੋਜਨਾ ਬਣਾ ਲਈ ਹੈ ਅਤੇ ਅਸੀਂ ਉਸ ਦੇ ਜਾਲ 'ਚ ਫਸ ਚੁੱਕੇ ਹਾਂ। ਕਈ ਪੌਸ਼ਟਿਕ ਤੱਤ ਤਾਂ ਅੰਨ 'ਚ ਨਕਲੀ ਰੂਪ 'ਚ ਪਾਏ ਹੀ ਨਹੀਂ ਜਾ ਸਕਦੇ। ਜਿਵੇਂ ਜ਼ਿੰਕ। ਸਾਡੇ ਸਰੀਰ 'ਚ ਜ਼ਿੰਕ ਦੀ ਕਮੀ ਨੂੰ ਕੁਦਰਤੀ ਅੰਨ ਪਦਾਰਥਾਂ ਦੇ ਸੇਵਨ ਨਾਲ਼ ਹੀ ਪੂਰਾ ਕੀਤਾ ਜਾ ਸਕਦਾ ਹੈ। ਇਸ ਲਈ ਜੈਵਿਕ ਖੇਤੀ ਨੂੰ ਹੱਲਾਸ਼ੇਰੀ ਦੇਣ ਦੀ ਲੋੜ ਹੈ। ਕਿਉਂਕਿ ਰਸਾਇਣਿਕ ਕੀਟਨਾਸ਼ਕਾਂ ਦੀ ਵਰਤੋਂ ਨਾਲ਼ ਜ਼ਮੀਨ 'ਚ ਉਪਲਬਧ ਸ਼ੂਖਮ ਪੋਸ਼ਣ ਤੱਤ ਨਸ਼ਟ ਹੋ ਜਾਂਦੇ ਹਨ ਅਤੇ ਸਾਡੇ ਸ਼ਰੀਰ ਨੂੰ ਕੁਦਰਤੀ ਰੂਪ ਨਾਲ਼ ਲੋੜ ਮੁਤਾਬਿਕ ਪੋਸ਼ਣ ਨਹੀਂ ਮਿਲ ਸਕਦਾ। ਇਹ ਵਿਡਬੰਨਾ ਹੀ ਹੈ ਕਿ ਪਹਿਲਾਂ ਪੋਸ਼ਣ ਦੇ ਕੁਦਰਤੀ ਤਰੀਕੇ ਨੂੰ ਅਸੀਂ ਨਸ਼ਟ ਕਰ ਦੇਈਏ ਅਤੇ ਫਿਰ ਪੋਸ਼ਣ ਲਈ ਬਜ਼ਾਰ ਦੀ ਅਖੌਤੀ ਤਕਨੀਕ 'ਤੇ ਨਿਰਭਰ ਹੋ ਜਾਈਏ।

ਭਾਰਤ 'ਚ ਤੇਜ਼ੀ ਨਾਲ਼ ਵਿਕਸਤ ਹੁੰਦੀ ਅੰਨ ਮੰਡੀ ਅਤੇ ਇਸ ਪਿੱਛੇ ਲੱਗੀਆਂ ਵੱਡੀਆਂ ਕੰਪਨੀਆਂ ਦੀ ਸਫਲਤਾ ਹੁਣ ਤੋਂ ਦੇਖੀ ਜਾ ਸਕਦੀ ਹੈ। ਆਮ ਲੋਕਾਂ ਦੀ ਪੱਧਰ 'ਤੇ ਅਜਿਹੀ ਯੋਜਨਾ 'ਚ ਜਾਣਕਾਰੀ ਦੀ ਕਮੀ 'ਚ ਲੋਕਾਂ ਨੂੰ ਕੋਈ ਸਾਜ਼ਿਸ਼ ਨਜ਼ਰ ਨਹੀਂ ਆਉਂਦੀ। ਕੰਪਨੀਆਂ ਵੀ ਮੱਧ ਵਰਗ ਦੇ ਲੋਕਾਂ ਨੂੰ ਪ੍ਰਭਾਵਿਤ ਕਰਨਾ ਚੰਗੀ ਤਰ੍ਹਾਂ ਜਾਣਦੀਆਂ ਹਨ। ਇਸ ਕੰਮ 'ਚ ਕ੍ਰਿਕੇਟ ਸਟਾਰ ਧੋਨੀ, ਹਰਭਜਨ, ਯੁਵਰਾਜ ਜਾਂ ਸਿਨੇ ਸਟਾਰ ਆਮਿਰ, ਸ਼ਾਹਰੁਖ ਜਾਂ ਸਲਮਾਨ ਜਾਂ ਕੋਈ ਹੋਰ ਸੇਲੇਬ੍ਰਿਟੀ ਚੰਗੀ ਤਰ੍ਹਾਂ ਇਸਤੇਮਾਲ ਹੁੰਦੇ ਹਨ। ਨਮਕ 'ਚ ਆਇਓਡੀਨ ਦੀ ਲੋੜ ਨੂੰ ਲਾਜ਼ਮੀ ਕਰਨ ਨੂੰ ਸਰਕਾਰੀ ਕਾਨੂੰਨਾਂ ਨੇ ਓਨਾ ਪ੍ਰਭਾਵੀ ਨਹੀਂ ਬਣਾਇਆ ਜਿਨਾਂ ਵਿਗਿਆਪਨ ਅਤੇ ਪ੍ਰਚਾਰ ਨੇ। ਉਂਝ ਵੀ ਗੇਨ ਜਿਹੀਆਂ ਸੰਸਥਾਵਾਂ ਦੀ ਸਥਾਪਨਾ ਬਹੁ-ਕੌਮੀ ਕੰਪਨੀਆਂ ਦੀ ਮੰਡੀ ਉਸਾਰੀ ਕਰਨ ਲਈ ਹੀ ਕੀਤੀ ਗਈ ਹੈ। ਗੇਨ ਇਨ੍ਹਾਂ

(**ਬਾਕੀ ਸਫ਼ਾ 24 'ਤੇ**)

*ਸਿੱਖਿਆ ਦੇ ਖੇਤਰ ਵਿੱਚ ਸਮਾਜਿਕ ਪ੍ਰੋਹਿਤਵਾਦ ਨੂੰ ਮਜ਼ਬੂਤ ਬਣਾਉਣ ਅਤੇ ਨਿਜੀ ਮੁਨਾਫ਼ੇ ਵਧਾਉਣ ਨੂੰ ਸਮਰਪਿਤ*

# ਯੂ. ਪੀ. ਏ ਸਰਕਾਰ ਦੀ ਅਣਐਲਾਨੀ ਨਵੀਂ ਸਿੱਖਿਆ ਨੀਤੀ

● ਅਭਿਨਵ

ਬੀਤੇ ਦੋ-ਤਿੰਨ ਵਰ੍ਹਿਆਂ ਵਿੱਚ ਯੂ. ਪੀ. ਏ. ਸਰਕਾਰ ਨੇ ਸਿੱਖਿਆ ਦੇ ਖੇਤਰ 'ਚ ਕਈਂ ਨੀਤੀ ਬਦਲਾਅ ਕੀਤੇ ਹਨ। ਕੌਮੀ ਗਿਆਨ ਕਮਿਸ਼ਨ ਦੀਆਂ ਸਿਫ਼ਾਰਿਸ਼ਾਂ ਮਗਰੋਂ, ਯਸ਼ਪਾਲ ਕਮੇਟੀ ਦੀਆਂ ਸਿਫ਼ਾਰਿਸ਼ਾਂ, ਸਿੱਖਿਆ ਦਾ ਅਧਿਕਾਰ ਐਕਟ ਅਤੇ ਉੱਚ ਸਿੱਖਿਆ 2009 ਇਨ੍ਹਾਂ ਨੀਤੀ ਬਦਲਾਵਾਂ ਵੱਲ ਇਸ਼ਾਰਾ ਕਰਦੇ ਹਨ। ਸਿੱਖਿਆ ਦੇ ਖੇਤਰ 'ਚ ਨਿੱਜੀਕਰਨ ਅਤੇ ਉਦਾਰੀਕਰਨ ਦੀਆਂ ਨੀਤੀਆਂ ਨੂੰ ਮਨਮੋਹਨ ਸਰਕਾਰ ਨੇ ਬਹੁਤ ਹੀ ਚਲਾਕੀ ਭਰੇ ਤਰੀਕੇ ਨਾਲ਼ ਲਾਗੂ ਕਰਨਾ ਸ਼ੁਰੂ ਕੀਤਾ ਹੈ। ਇਹ ਪੂਰੀ ਪ੍ਰਕ੍ਰਿਆ ਕੁੱਝ ਇਸ ਤਰ੍ਹਾਂ ਨਾਲ਼ ਚਲਾਈ ਗਈ ਹੈ ਕਿ ਸਰਕਾਰ ਦੀਆਂ ਸਾਰੀਆਂ ਨਵੀਆਂ ਸਿੱਖਿਆ ਨੀਤੀਆਂ ਸਿੱਖਿਆ ਸ਼ਾਸਤਰੀਆਂ ਨੂੰ ਕਾਫ਼ੀ ਲੋਕ ਪੱਖੀ ਨਜ਼ਰ ਆ ਰਹੀਆਂ ਹਨ। ਹੈਰਾਨੀ ਦੀ ਗੱਲ ਹੈ ਕਿ ਇਹ ਸਿੱਖਿਆ ਸ਼ਾਸਤਰੀ ਇਨ੍ਹਾਂ ਨੀਤੀਆਂ ਦਾ ਚੱਜ ਨਾਲ਼ ਅਧਿਐਨ ਵੀ ਨਹੀਂ ਕਰਦੇ ਅਤੇ ਮਹਿਜ਼ ਬਜ਼ਾਰੂ ਕਾਰਪੋਰੇਟ ਮੀਡੀਆ ਦੀਆਂ ਕਹੀਆਂ-ਸੁਣੀਆਂ 'ਤੇ ਵਿਸ਼ਵਾਸ਼ ਕਰਦੇ ਹੋਏ ਮਨਮੋਹਨ ਸਰਕਾਰ ਨੂੰ ਕਲਿਆਣਕਾਰੀ ਰਾਜ ਦੀ ਭੂਮਿਕਾ ਅਦਾ ਕਰਨ ਲਈ ਸ਼ੁਕਰਾਨਾ ਕਰਦੇ ਨਜ਼ਰ ਆਉਂਦੇ ਹਨ। ਮਨਮੋਹਨ ਸਰਕਾਰ ਨੂੰ ਅਤੇ ਉਸਦੇ ਮਨੁੱਖੀ ਸਾਧਨ ਮੰਤਰੀ ਕਪਿਲ ਸਿੱਬਲ ਦੇ ਜਿਸ ਕਦਮ ਨੂੰ ਮੀਡੀਆ ਨੇ ਸਿਰ-ਮੱਥੇ 'ਤੇ ਬਿਠਾ ਲਿਆ ਹੈ, ਉਹ ਹੈ ਸਿੱਖਿਆ ਦਾ ਅਧਿਕਾਰ ਐਕਟ 2009। ਜਿਸ ਤਹਿਤ 14 ਸਾਲ ਤੱਕ ਦੇ ਬੱਚਿਆਂ ਲਈ ਗੁਆਂਢ ਦੇ ਸਰਕਾਰੀ ਸਕੂਲ 'ਚ ਸਿੱਖਿਆ ਨੂੰ ਲਾਜ਼ਮੀ ਬਣਾ ਦਿੱਤਾ ਗਿਆ। ਪਰ ਇਸ ਐਕਟ ਦੀਆਂ ਬਾਰੀਕੀਆਂ ਦੀ ਘੋਖ ਸਾਨੂੰ ਬਜ਼ਾਰੂ ਮੀਡੀਆ ਵਿੱਚ ਨਹੀਂ ਮਿਲ਼ੀ। ਮਿਲ਼ਿਆ ਤਾਂ ਬੱਸ ਕਪਿਲ ਸਿਬੱਲ ਅਤੇ ਮਨਮੋਹਨ ਸਰਕਾਰ ਦੀ ਮਹਿਮਾ ਦੇ ਗੀਤ! ਇਸ ਕਦਮ ਨੂੰ ਇਤਿਹਾਸਕ ਦੱਸਿਆ ਗਿਆ! ਅਜ਼ਾਦ ਭਾਰਤ ਦੇ ਇਤਿਹਾਸ 'ਚ ਇਸਨੂੰ ਇੱਕ ਮੀਲ ਦਾ ਪੱਥਰ ਕਰਾਰ ਦਿੱਤਾ ਗਿਆ! ਯਸ਼ਪਾਲ ਕਮੇਟੀ ਦੀਆਂ ਸਿਫ਼ਾਰਿਸ਼ਾਂ ਅਤੇ ਉੱਚ ਸਿੱਖਿਆ ਬਿਲ 2009 ਦੇ ਆਉਣ ਤੱਕ ਤਾਂ ਮੀਡੀਆ ਸਰਕਾਰ ਦੀ ਮਹਿਮਾ 'ਚ ਤਬਦੀਲ ਹੋ ਚੁੱਕਿਆ ਸੀ। ਖਾਂਦਾ-ਪੀਂਦਾ ਮੱਧਵਰਗ ਕਪਿਲ ਸਿੱਬਲ ਵਿੱਚ ਪ੍ਰਬੁੱਧ ਪ੍ਰਸ਼ਾਸਕ ਨੂੰ ਦੇਖ ਰਿਹਾ ਹੈ ਅਤੇ ਉਸ ਰਾਹੀਂ ਲਿਆਏ ਜਾਣ ਵਾਲ਼ੇ ਬਦਲਾਵਾਂ ਨੂੰ ਯੁੱਗ-ਪਲਟਾਊ ਮੰਨ ਰਿਹਾ ਹੈ। ਕਿਉਂ ਨਾ ਮੰਨੇ? ਉਨਾਂ ਲਈ ਹੀ ਤਾਂ ਕਪਿਲ ਸਿੱਬਲ ਨੇ ਇਹ ਇਨਕਲਾਬੀ ਕਦਮ ਚੁੱਕੇ ਹਨ! ਸਭ ਤੋਂ ਅਹਿਮ ਗੱਲ ਇਹ ਹੈ ਕਿ ਆਮ ਸਮਝਦਾਰੀ ਅਤੇ ਵਿਸ਼ੇਸ਼ ਸਮਝਦਾਰੀ, ਦੋਨਾਂ ਵਿੱਚ ਹੀ ਇਨ੍ਹਾਂ ਨਵੀਆਂ ਨੀਤੀਆਂ ਰਾਹੀਂ ਲਿਆਏ ਜਾਣ ਵਾਲ਼ੇ ਬੁਨਿਆਦੀ ਬਦਲਾਵਾਂ ਨੂੰ ਨਹੀਂ ਸਮਝਿਆ ਗਿਆ ਹੈ। ਇਹ ਨੀਤੀਆਂ ਆਪਣੇ ਆਪ ਵਿੱਚ ਓਨਾ ਵੱਡਾ ਬਦਲਾਅ ਲਿਆਉਣ ਵਾਲ਼ੀਆਂ ਹਨ ਜਿੰਨਾ ਵੱਡਾ ਬਦਲਾਅ ਰਾਜੀਵ ਗਾਂਧੀ ਦੀ ਨਵੀਂ ਸਿੱਖਿਆ ਨੀਤੀ, 1986 ਨਾਲ਼ ਆਇਆ ਸੀ। ਸਿੱਖਿਆ ਖੇਤਰ ਵਿੱਚ ਇਹ ਬਦਲਾਅ ਭਾਰਤ ਦੀ ਅੱਜ ਦੀ ਸਰਮਾਏਦਾਰੀ ਦੀਆਂ ਲੋੜਾਂ ਮੁਤਾਬਿਕ ਸਿੱਖਿਆ ਨੂੰ ਢਾਲਣ ਦੇ ਕੰਮ ਕਰਨ ਵਾਲ਼ੇ ਹਨ। ਦੂਜੀ ਗੱਲ ਇਹ ਕਿ ਇਸ ਕੰਮ ਨੂੰ ਇਹ ਨੀਤੀਆਂ ਇੰਝ ਅੰਜਾਮ ਦੇਣਗੀਆਂ ਕਿ ਉਹ ਲੋਕਾਂ ਦੇ ਪੱਖ 'ਚ ਕੀਤੇ ਜਾਣ ਵਾਲ਼ੇ ਕੰਮ ਲੱਗਣ। ਭਾਵ ਨਾਮ ਲੋਕਾਂ ਦਾ ਅਤੇ ਕੰਮ ਸਰਮਾਏਦਾਰਾਂ ਅਤੇ ਕਾਰਪੋਰੇਟ ਘਰਾਣਿਆਂ ਦਾ! ਇਸ ਗੱਲ ਨੂੰ ਬਰੀਕੀ ਨਾਲ਼ ਸਮਝਣ ਵਾਸਤੇ ਇਨ੍ਹਾਂ ਨੀਤੀਆਂ ਦੀ ਇੱਕ-ਇੱਕ ਕਰਕੇ ਸਮੀਖਿਆ ਜ਼ਰੂਰੀ ਹੈ।

ਸਭ ਤੋਂ ਪਹਿਲਾਂ ਸਿੱਖਿਆ ਦਾ ਅਧਿਕਾਰ ਐਕਟ 2009, ਕਿਉਂਕਿ ਇਸ ਨੂੰ ਲੈ ਕੇ ਮੀਡੀਆ ਤੋਂ ਲੈ ਕੇ ਗਿਆਨ ਵਿਹੂਣੇ ਮੱਧਵਰਗ ਵਿੱਚ ਵਿਸਮਾਦੀ ਲਹਿਰ ਹੈ। ਇਹ ਐਕਟ 6 ਤੋਂ 14 ਸਾਲ ਦੇ ਬੱਚਿਆਂ ਲਈ ਗੁਆਂਢ ਦੇ ਸਰਕਾਰੀ ਸਕੂਲਾਂ ਵਿੱਚ ਮੁਫ਼ਤ ਅਤੇ ਲਾਜ਼ਮੀ ਸਿੱਖਿਆ ਦਾ ਪ੍ਰਬੰਧ ਕਰਦਾ ਹੈ। ਇਹ ਸੁਪਰੀਮ ਕੋਰਟ ਦੇ ਉਨੀਕ੍ਰਿਸ਼ਨਨ ਫੈਸਲੇ ਦਾ ਹਵਾਲਾ ਦਿੰਦੇ ਹੋਏ ਉਹਨੂੰ ਲਾਗੂ ਕਰਨ ਦੀ ਗੱਲ ਕਰਦਾ ਹੈ। ਇਹ ਕੋਰੀ ਲਫ਼ਾਜ਼ੀ ਹੈ। ਉਨੀਕ੍ਰਿਸ਼ਨਨ ਫੈਸਲੇ ਨੇ ਕਿਹਾ ਸੀ ਕਿ 14 ਵਰ੍ਹੇ ਤੱਕ ਦੇ ਬੱਚਿਆਂ ਨੂੰ ਮੁਫ਼ਤ ਸਿੱਖਿਆ ਦੀ ਜ਼ਿੰਮੇਦਾਰੀ ਸਰਕਾਰ ਦੀ ਹੋਣੀ ਚਾਹੀਦੀ ਹੈ। ਜੇਕਰ ਐਕਟ 0 ਤੋਂ 6 ਵਰ੍ਹੇ ਦੇ ਬੱਚਿਆਂ ਨੂੰ ਇਸ ਅਧਿਕਾਰ ਦੇ ਦਾਇਰੇ 'ਚ ਸ਼ਾਮਲ ਨਹੀਂ ਕਰਦਾ ਹੈ ਤਾਂ ਸਾਫ਼ ਹੈ ਕਿ 70 ਪ੍ਰਤੀਸ਼ਤ ਅਜਿਹੇ ਬੱਚਿਆਂ ਨੂੰ ਇਸ ਐਕਟ ਨਾਲ਼ ਕੋਈ ਲਾਭ ਨਹੀਂ ਮਿਲਣ ਵਾਲ਼ਾ ਜਿਹੜੇ ਸਕੂਲ ਹੀ ਨਹੀਂ ਜਾ ਪਾਉਂਦੇ। ਪਤਾ ਹੋਵੇ ਕਿ ਭਾਰਤ ਵਿੱਚ 7 ਕਰੋੜ ਬੱਚੇ ਸਕੂਲ ਨਹੀਂ ਜਾ ਪਾਉਂਦੇ। ਇਸ ਗਿਣਤੀ ਦੀ ਪੱਧਰ ਪ੍ਰਤੀਸ਼ਤ ਭਾਵ ਕਰੀਬ 4.9 ਕਰੋੜ ਬੱਚੇ ਜੇਕਰ ਬਾਲਗ ਹੋਣ ਤੋਂ ਪਹਿਲਾਂ ਇਨਸਾਨ ਨੂੰ ਬੱਚਾ ਮੰਨਿਆ ਜਾਵੇ ਤਾਂ 13.7 ਕਰੋੜ ਬੱਚੇ ਇਸ ਐਕਟ ਦੇ ਅਧਿਕਾਰ ਖੇਤਰ ਤੋਂ ਬਾਹਰ ਹਨ। ਦੁਨੀਆ ਭਰ ਦੇ ਸਿੱਖਿਆ ਸ਼ਾਸਤਰੀ ਮੰਨਦੇ ਹਨ ਕਿ 0 ਤੋਂ 6 ਵਰ੍ਹੇ ਤੱਕ ਦੀ ਉਮਰ ਵਿੱਚ ਹੀ ਬੱਚਿਆਂ ਦੇ ਮਨੋਵਿਗਿਆਨ ਦੀ ਬੁਨਿਆਦੀ ਉਸਾਰੀ ਹੁੰਦੀ ਹੈ। ਇਸ ਦੇ ਬਾਵਜੂਦ ਇਸ ਐਕਟ ਰਾਹੀਂ 0 ਤੋਂ 6 ਵਰ੍ਹੇ ਦੇ ਬੱਚਿਆਂ ਦੀ ਸਕੂਲੀ ਸਿੱਖਿਆ ਦੇ ਅਧਿਕਾਰ ਨੂੰ ਸ਼ਾਮਲ ਨਾ ਕੀਤਾ ਜਾਣਾ ਕਈ ਸਵਾਲ ਖੜ੍ਹੇ ਕਰਦਾ ਹੈ।

ਦੂਜੀ ਗੱਲ ਇਹ ਹੈ ਕਿ ਜੇਕਰ ਐਕਟ ਮਹਿਜ 14 ਵਰ੍ਹੇ ਤੱਕ ਦੇ ਬੱਚਿਆਂ ਲਈ ਹੀ ਸਿੱਖਿਆ ਦੇ ਅਧਿਕਾਰ ਨੂੰ ਬੁਨਿਆਦੀ ਅਧਿਕਾਰ ਮੰਨਦਾ ਹੈ ਤਾਂ ਇਹਦਾ ਮਤਲਬ ਹੋਇਆ ਕਿ ਸਰਕਾਰ

8ਵੀਂ ਤੱਕ ਹੀ ਬੱਚਿਆਂ ਨੂੰ ਸਿੱਖਿਆ ਦੇ ਅਧਿਕਾਰ ਨੂੰ ਬੁਨਿਆਦੀ ਅਧਿਕਾਰ ਮੰਨਦੀ ਹੈ। ਸਿੱਖਿਆ ਮਹਿਜ ਆਪਣਾ ਨਾਂ ਲਿਖਣਾ ਸਿੱਖਣ ਅਤੇ ਜੋੜਨਾ-ਘਟਾਣਾ ਜਾਂ ਗੁਣਾ-ਭਾਗ ਸਿਖਾਉਣ ਲਈ ਨਹੀਂ ਹੁੰਦੀ। ਇਹ ਇੱਕ ਨਾਗਰਿਕ ਨੂੰ ਲਾਭਪੂਰਣ ਰੁਜ਼ਗਾਰ (ਗੇਨਫੁੱਲ ਇੰਪਲਾਇਮੈਂਟ) ਦੇ ਯੋਗ ਬਣਾਉਣ ਲਈ ਹੁੰਦੀ ਹੈ। ਸਰਕਾਰ ਦੇ ਹੀ ਪੈਮਾਨਿਆਂ ਅਨੁਸਾਰ 8ਵੀਂ ਤੱਕ ਦੀ ਸਿੱਖਿਆ ਲਾਭਪੂਰਣ ਰੁਜ਼ਗਾਰ ਹਾਸਿਲ ਕਰਨ ਲਈ ਕਾਫ਼ੀ ਨਹੀਂ ਹੈ। ਇਹ ਗੱਲ ਅਸਾਨੀ ਨਾਲ਼ ਸਮਝੀ ਜਾ ਸਕਦੀ ਹੈ ਜਦੋਂ ਦੇਸ਼ 'ਚ ਗਰੈਜੂਏਸ਼ਨ-ਪੋਸਟ ਗਰੈਜੂਏਸ਼ਨ ਦੀਆਂ ਡਿਗਰੀਆਂ ਲਈ ਨੌਜਵਾਨ ਕਰੋੜਾਂ ਦੀ ਸੰਖਿਆ 'ਚ ਬੇਰੁਜ਼ਗਾਰ ਘੁੰਮ ਰਹੇ ਹਨ!

ਤੀਜੀ ਗੱਲ — ਇਸ ਐਕਟ ਮਗਰੋਂ ਬੱਚਿਆਂ ਨੂੰ ਮੁਫ਼ਤ ਸਿੱਖਿਆ ਗੁਆਂਢ ਦੇ ਸਕੂਲ ਵਿੱਚ ਮਿਲ ਸਕੇ ਇਸ ਲਈ ਸਰਕਾਰ ਨੇ ਜਨਤਕ ਸਿੱਖਿਆ ਪ੍ਰਣਾਲੀ ਵਿੱਚ ਨਿਵੇਸ਼ ਨੂੰ ਵਧਾਇਆ ਨਹੀਂ ਹੈ। ਸਗੋਂ ਉਸਨੇ ਇਹ ਕੀਤਾ ਹੈ ਕਿ ਨਿੱਜੀ ਸਕੂਲਾਂ 'ਚ ਗਰੀਬ ਬੱਚਿਆਂ ਲਈ 25 ਪ੍ਰਤੀਸ਼ਤ ਰਾਖਵੇਂਕਰਣ ਦਾ ਪ੍ਰਬੰਧ ਕਰ ਦਿੱਤਾ ਹੈ। ਇਸ 'ਤੇ ਸਾਰੇ ਨਿੱਜੀ ਸਕੂਲਾਂ ਨੇ ਵਿਰੋਧ ਕੀਤਾ ਹੈ। ਜਾਹਿਰ ਹੈ ਕਿ ਅਮੀਰਜਾਦਿਆਂ ਦੇ ਬੱਚਿਆਂ ਨੂੰ "ਸੰਸਾਰ ਪੱਧਰੀ ਅਤੇ ਕੁਲੀਨ ਸਿੱਖਿਆ" ਦੇਣ ਲਈ ਬਣਾਏ ਗਏ ਇਨ੍ਹਾਂ ਸਕੂਲਾਂ 'ਚ ਜੇਕਰ ਗਰੀਬਾਂ ਦੇ ਬੱਚਿਆਂ ਦਾ ਦਾਖਲਾ ਹੋਵੇਗਾ ਤਾਂ ਇਨ੍ਹਾਂ ਨਿੱਜੀ ਸਕੂਲਾਂ ਨੂੰ ਤਕਲੀਫ਼ ਤਾਂ ਹੋਵੇਗੀ ਹੀ! ਇਸ ਤੋਂ ਇਲਾਵਾ, ਗਰੀਬ ਬੱਚਿਆਂ ਲਈ 25 ਪ੍ਰਤੀਸ਼ਤ ਰਾਖਵੇਂਕਰਣ ਦਾ ਇਹ ਨਿਯਮ ਕਿਸੇ ਵੀ ਹਾਲ 'ਚ ਲਾਗੂ ਨਹੀਂ ਹੋ ਸਕਦਾ ਇਹ ਅਸਾਨੀ ਨਾਲ਼ ਸਮਝਿਆ ਜਾ ਸਕਦਾ ਹੈ। ਸਕੂਲੀ ਸਿੱਖਿਆ 'ਚ ਨਿੱਜੀ ਸਕੂਲਾਂ ਦੇ ਕਾਰੋਬਾਰ ਦੀ ਕੁੱਲ ਕੀਮਤ ਇਸ ਵਕਤ 160,000 ਕਰੋੜ ਰੁਪਏ ਹੈ। ਇਸ ਮੁਨਾਫ਼ੇ ਦੇ ਪੂਰੇ ਢਾਂਚੇ ਨੂੰ ਸਰਕਾਰ ਕਿਸੇ ਵੀ ਰੂਪ 'ਚ ਛੱਡਣ ਵਾਲ਼ੀ ਨਹੀਂ ਹੈ। ਸਕੂਲੀ ਸਿੱਖਿਆ 'ਚ ਪਬਲਿਕ-ਪ੍ਰਾਈਵੇਟ ਪਾਰਟਨਰਸ਼ਿਪ ਦੇ ਜੁਮਲੇ ਤਹਿਤ ਸਕੂਲੀ ਸਿੱਖਿਆ ਦੇ ਗਰੀਬ ਬੱਚਿਆਂ ਦੇ ਅਧਿਕਾਰਾਂ ਨੂੰ ਪੱਕਾ ਕਰਨ ਦੀ ਗੱਲ ਬਸ ਇੱਕ ਸ਼ੋਸ਼ਾ ਹੈ।

ਚੌਥੀ ਅਤੇ ਸਭ ਤੋਂ ਅਹਿਮ ਗੱਲ—ਜਦੋਂ ਤੱਕ ਪੂਰੇ ਦੇਸ਼ 'ਚ ਇੱਕ ਸਾਂਝੀ ਸਕੂਲ ਪ੍ਰਣਾਲੀ (ਕਾਮਨ ਸਕੂਲ ਸਿਸਟਮ) ਲਾਗੂ ਨਹੀਂ ਕੀਤਾ ਜਾਂਦਾ, ਤਦ ਤੱਕ ਸਿੱਖਿਆ ਦੇ ਅਧਿਕਾਰ ਜਿਹੇ ਕਿਸੇ ਵੀ ਐਕਟ ਦਾ ਕੋਈ ਮਤਲਬ ਨਹੀਂ ਹੈ। ਇਹ ਸਮਾਜ 'ਚ ਮੌਜੂਦ ਉਚ-ਨੀਚ ਨੂੰ ਡੂੰਘਾਈ ਨਾਲ਼ ਸਕੂਲੀ ਸਿੱਖਿਆ ਦੀ ਪ੍ਰਣਾਲੀ 'ਚ ਮਜ਼ਬੂਤ ਬਣਾਏਗਾ। ਅਜਿਹਾ ਕੋਈ ਵੀ ਐਕਟ ਜੇਕਰ ਸਿੱਖਿਆ ਪ੍ਰਣਾਲੀ 'ਚ ਇੱਕ ਸਮਾਨ ਕੁਆਲਟੀ ਨੂੰ ਸਥਾਪਿਤ ਨਹੀਂ ਕਰਦਾ ਹੈ ਤਾਂ ਕੀ ਲਾਭ? ਗਰੀਬਾਂ ਨੂੰ ਘਟੀਆ ਅਤੇ ਅਮੀਰਾਂ ਨੂੰ ਵਧੀਆ ਸਿੱਖਿਆ! ਬਸ ਇਹੀ ਹੋਵੇਗਾ। ਹੁਣੇ ਹੀ ਕੁੱਝ ਵਲੰਟੀਅਰ ਜੱਥੇਬੰਦੀਆਂ ਨੇ ਸਰਕਾਰ ਨੂੰ ਪੁੱਛਿਆ ਕਿ ਸਕੂਲੀ ਸਿੱਖਿਆ 'ਚ ਪ੍ਰਤੀ ਵਿਦਿਆਰਥੀ ਸਰਕਾਰ ਕਿੰਨਾ ਖਰਚ ਕਰਦੀ ਹੈ। ਇਸ 'ਤੇ ਸਰਕਾਰ ਨੇ ਮੰਨਿਆ ਕਿ ਉਸ ਕੋਲ ਕੋਈ ਅਜਿਹਾ ਅੰਕੜਾ ਨਹੀਂ ਹੈ ਅਤੇ ਵੱਖ-ਵੱਖ ਕਿਸਮਾਂ ਦੇ ਸਰਕਾਰੀ ਸਕੂਲ ਹੋਣ ਕਾਰਣ ਇਹ ਜਾਣ ਸਕਣਾ ਵੀ ਲਗਭਗ ਅਸੰਭਵ ਹੈ। ਸਾਫ਼ ਹੈ ਕਿ ਸਰਕਾਰੀ ਸਕੂਲਾਂ 'ਚ ਸਿੱਖਿਆ ਦੀ ਕੁਆਲਟੀ ਇਸ ਗੱਲ 'ਤੇ ਨਿਰਭਰ ਕਰਦੀ ਹੈ ਕਿ ਤੁਸੀਂ ਕਿਸ ਜਮਾਤ 'ਚੋਂ ਆਉਂਦੇ ਹੋ। ਸਰਕਾਰੀ ਸਕੂਲਾਂ 'ਚ ਸਿੱਖਿਆ ਦੀ ਅਹੁਦਾਲੜੀ (Hierarchy) ਨੂੰ ਸਾਫ਼ ਤੌਰ 'ਤੇ ਦੇਖਿਆ ਜਾ ਸਕਦਾ ਹੈ। ਇਸ ਅਹੁਦਾਲੜੀ 'ਚ ਸਭ ਤੋਂ ਉੱਪਰ ਹਨ ਸੈਂਟਰਲ ਯੂਨਿਵਰਸਿਟੀਆਂ, ਜਿਨ੍ਹਾਂ 'ਤੇ ਪ੍ਰਤੀ ਵਿਦਿਆਰਥੀ ਖਰਚ ਕਰੀਬ 12,000 ਰੁਪਏ ਪ੍ਰਤੀ ਸਾਲ ਹੁੰਦਾ ਹੈ। ਇਸ ਮਗਰੋਂ ਆਉਂਦੇ ਹਨ ਨਵੋਦਿਆ ਵਿਦਿਆਲੇ, ਜਿਨ੍ਹਾਂ 'ਤੇ ਇਹ ਖਰਚ ਕਰੀਬ 15,000 ਰੁਪਏ ਹਰ ਵਰ੍ਹੇ ਹੁੰਦਾ ਹੈ, ਪਰ ਰੁਤਬੇ ਦੇ ਮਾਮਲੇ 'ਚ ਉਹ ਕੇਂਦਰੀ ਵਿਦਿਆਲਿਆਂ ਤੋਂ ਪਿੱਛੇ ਹਨ। ਇਸ ਮਗਰੋਂ ਸੈਨਿਕ ਸਕੂਲ ਆਉਂਦੇ ਹਨ ਅਤੇ ਫਿਰ ਇਸ ਤੋਂ ਹੇਠਾਂ ਨਿਹਾਇਤ ਹੀ ਘਟੀਆ ਕੁਆਲਟੀ ਵਾਲ਼ੇ ਨਗਰ ਨਿਗਮ ਦੇ ਕਾਲਜ ਆਉਂਦੇ ਹਨ ਜਿਨ੍ਹਾਂ 'ਤੇ ਪ੍ਰਤੀ ਵਿਦਿਆਰਥੀ ਪ੍ਰਤੀ ਸਾਲ ਖਰਚ 1800 ਤੋਂ 2500 ਰੁਪਏ ਵਿਚਕਾਰ ਹੁੰਦਾ ਹੈ। ਇਹ ਅਹੁਦਾ ਕ੍ਰਮ ਸੰਵਿਧਾਨ ਦੀ ਧਾਰਾ 14, 21 ਅਤੇ 21 ਏ ਦੀ ਉਲੰਘਣਾ ਹੈ ਜਿਹੜੀ ਬਰਾਬਰ ਸਿੱਖਿਆ ਦੇ ਜਨਮ ਸਿੱਧ ਅਧਿਕਾਰ ਦਾ ਐਲਾਨ ਕਰਦੀ ਹੈ। ਪੈਸੇ ਦੇ ਜ਼ੋਰ 'ਤੇ ਸਿੱਖਿਆ ਦੀ ਵੱਖ-ਵੱਖ ਗੁਣਵੱਤਾ ਦੀ ਮੌਜੂਦਗੀ ਸਿੱਧੇ-ਸਿੱਧੇ ਪੂੰਜੀਵਾਦੀ ਸਮਾਜ ਅਤੇ ਢਾਂਚੇ ਦੇ ਨਕਾਬ ਨੂੰ ਲਾਹ ਕੇ ਰੱਖ ਦਿੰਦੀ ਹੈ। ਇਸ ਸਮਾਜ 'ਚ ਸਿੱਖਿਆ, ਹੁਨਰ ਅਤੇ ਯੋਗਤਾ, ਸਭ ਕੁੱਝ ਵਿਕਾਊ ਹਨ। ਹੁਣ ਜ਼ਾਹਿਰ ਹੈ ਕਿ ਛੋਟਾਂ ਨੂੰ ਛੱਡ ਦਿੱਤਾ ਜਾਵੇ ਤਾਂ ਅਮੀਰਾਂ ਦੇ ਬੱਚੇ ਵੱਧ ਸਮਰੱਥ ਬਣਨਗੇ ਅਤੇ ਗਰੀਬਾਂ ਦੇ ਬੱਚੇ ਅਸਮਰੱਥ। ਪਰ ਆਪਣੇ ਹੀ ਬਣਾਏ ਨੇਮਾਂ ਅਤੇ ਕਨੂੰਨਾਂ ਦੀ ਉਲੰਘਣਾਂ ਵਿੱਚ ਭਾਰਤੀ ਪੂੰਜੀਵਾਦੀ ਢਾਂਚਾ ਮਾਹਿਰ ਹੋ ਚੁੱਕਿਆ ਹੈ। 62 ਸਾਲ ਦਾ ਡੂੰਘਾ ਤਜ਼ਰਬਾ ਹੈ ਉਸ ਕੋਲ ਕਿ ਕਿਸ ਤਰ੍ਹਾਂ ਸਾਰੀ ਸਮਾਜਿਕ ਬਰਾਬਰੀ ਅਤੇ ਨਿਆਂ ਨੂੰ ਸੰਵਿਧਾਨ ਅਤੇ ਕਾਨੂੰਨ ਦੀਆਂ ਕਿਤਾਬਾਂ ਦੇ ਪੰਨਿਆਂ ਤੱਕ ਸੀਮਤ ਕਰ ਦਿੱਤਾ ਜਾਵੇ ਅਤੇ ਅਸਲ 'ਚ ਚਲਾਈ ਜਾਵੇ ਇੱਕ ਅਜਿਹੀ ਪ੍ਰਣਾਲੀ ਜਿਸ 'ਚ ਉਤਪਾਦਨ ਦੇ ਸਾਧਨ, ਸਾਰੀ ਭੌਤਿਕ ਸੰਪਤੀ ਸਮੇਤ ਸਾਰੀ ਮਾਨਸਿਕ ਅਤੇ ਬੌਧਿਕ ਸੰਪਤੀ ਵੀ ਅਮੀਰਜ਼ਾਦਿਆਂ ਦੀਆਂ ਔਲਾਦਾਂ ਕੋਲ਼ ਹੀ ਹੋਵੇ। ਇਹੀ ਇਸ ਪੂੰਜੀਵਾਦੀ ਜਮਹੂਰੀਅਤ ਦੀ ਅਸਲੀਅਤ ਹੈ। ਗਲਤੀ ਨਾਲ਼ ਇਸ ਗੱਲ ਨੂੰ ਕਪਿਲ ਸਿੱਬਲ ਬੋਲ ਵੀ ਗਏ ਜਿਹੜੇ ਆਪਣੀ ਸਿਆਸੀ ਪੈਦਾਇਸ ਦੇ ਸਮੇਂ ਤੋਂ ਹੀ ਪੂੰਜੀਵਾਦ ਘਰਾਣਿਆਂ ਅਤੇ ਕਾਰਪੋਰੇਟ ਦੀ ਗੋਦ 'ਚ ਬੈਠੇ ਹੋਏ ਹਨ। ਕਪਿਲ ਸਿੱਬਲ ਨੇ ਮਨੁੱਖੀ ਸੰਸਾਧਨ ਮੰਤਰੀ ਬਣਨ ਮਗਰੋਂ ਕਿਹਾ, "ਸਿੱਖਿਆ ਇੱਕ ਮਾਲ ਹੈ ਅਤੇ ਮੈਂ ਤਾਂ ਇੱਥੇ ਇਸ ਲਈ ਹਾਂ ਕਿ ਇਹਨੂੰ ਵੱਧ ਕੰਜ਼ਿਊਮਰ ਫ੍ਰੇਂਡਲੀ ਬਣਾ ਸਕਾਂ।" ਦੱਸਣ ਦੀ ਲੋੜ ਨਹੀਂ ਹੈ ਕਿ ਇਸ ਢਾਂਚੇ ਦੀ ਨਿਗਾਹ ਵਿੱਚ ਖਪਤਕਾਰ ਕੌਣ ਹੈ। ਇਹ ਬਿਨਾ ਕਿਸੇ ਕਾਰਣ ਨਹੀਂ ਹੈ ਕਿ ਨਵੀਆਂ ਆਰਥਿਕ ਨੀਤੀਆਂ ਦੇ ਲਾਗੂ ਹੋਣ ਮਗਰੋਂ ਤੋਂ ਹੀ ਕਾਰਾਂ, ਫਰਿਜਾਂ, ਮੋਬਾਇਲਾਂ, ਮੋਟਰਸਾਇਕਲਾਂ, ਕੰਪਿਊਟਰਾਂ ਆਦਿ ਦੀਆਂ ਕੀਮਤਾਂ 'ਚ ਗਿਰਾਵਟ ਆ ਰਹੀ ਹੈ ਜਦੋਂ ਕਿ ਆਟਾ, ਤੇਲ, ਲੂਣ, ਦਾਲ, ਚਾਵਲ, ਚੀਨੀ ਆਦਿ ਦੀਆਂ ਕੀਮਤਾਂ 'ਤ ਵਾਧਾ। ਗਰੀਬਾਂ ਦੀਆਂ ਲੋੜਾਂ ਦਾ ਹਰ ਸਮਾਨ ਮਹਿੰਗਾ ਹੋ ਰਿਹਾ ਹੈ ਜਦੋਂ ਕਿ ਅਮੀਰਾਂ ਦੀ ਐਯਾਸ਼ੀ ਦਾ ਹਰ ਸਮਾਨ ਸਸਤਾ। ਇਹ ਹੈ ਉਹ ਉਪਭੋਗਤਾ ਦੀ ਸੰਪ੍ਰਭੂਤਾ ਜਿਸਦਾ ਗੁਣ ਸਾਰੇ ਅਜਿਹੇ ਅਰਥਸ਼ਾਸਤਰੀ ਗਾਉਂਦੇ ਹਨ ਜਿਹੜੇ ਸਰਮਾਏਦਾਰਾਂ ਦੇ ਸੁੱਟੇ ਹੋਏ

ਟੁਕੜਿਆਂ 'ਤੇ ਪਲਦੇ ਹਨ! ਗਰੀਬ ਖੁਦਮੁਖਤਿਆਰ ਤਾਂ ਕੀ ਵਿਵਹਾਰ 'ਚ ਪੂਰਣ ਨਾਗਰਿਕ ਵੀ ਨਹੀਂ ਬਣ ਪਾਉਂਦੇ। ਇਹ ਵਜ੍ਹਾ ਹੈ ਕਿ ਉਹਨਾਂ ਦੇ ਸਕੂਲਾਂ ਨੂੰ ਕਸਬਿਆਂ-ਗਲੀਆਂ ਵਿੱਚ ਸੜਨ ਲਈ ਛੱਡ ਦਿੱਤਾ ਜਾਂਦਾ ਹੈ ਅਤੇ ਅਮੀਰਾਂ ਦੇ ਸਕੂਲਾਂ ਨੂੰ ਸਰਕਾਰ ਹਰ ਪ੍ਰਕਾਰ ਦੇ ਫੰਡ ਅਤੇ ਸੁਵਿਧਾਵਾਂ ਮੁਹੱਈਆ ਕਰਦੀ ਹੈ।

ਸਰਕਾਰ ਨੇ ਗਰੀਬ ਬੱਚਿਆਂ ਲਈ ਇੱਕ ਸਰਵ ਸਿੱਖਿਆ ਅਭਿਆਨ ਵੀ ਅਰੰਭਿਆ ਸੀ।ਉਸ ਲਈ ਜਾਰੀ ਕਰੋੜਾਂ ਰੁਪਇਆਂ ਦਾ ਫੰਡ ਭ੍ਰਿਸ਼ਟਾਚਾਰ ਦੀ ਬੁਰਕੀ ਬਣ ਜਾਂਦਾ ਹੈ। ਜਿਹੜਾ ਹੇਠਾਂ ਤੱਕ ਪਹੁੰਚਦਾ ਹੈ ਉਸਦੀ ਵੀ ਢੰਗ ਨਾਲ਼ ਵਰਤੋਂ ਨਹੀਂ ਹੁੰਦੀ। ਇਸ ਤੋਂ ਛੁੱਟ, ਇਸ ਯੋਜਨਾ ਲਈ ਦਿੱਤਾ ਜਾਣ ਵਾਲ਼ਾ ਫ਼ੰਡ ਪਿਛਲੇ ਤਿੰਨਾਂ ਵਿੱਤੀ ਵਰ੍ਹਿਆਂ 'ਚ ਘਟਾਇਆ ਜਾ ਰਿਹਾ ਹੈ। ਵਰ੍ਹੇ 2007-08 'ਚ 12,020 ਕਰੋੜ ਰੁਪਏ ਇਸ ਅਭਿਆਨ ਲਈ ਆਏ। 2008-09 'ਚ ਇਹ ਅੰਕੜਾ 11,940 ਕਰੋੜ ਰੁਪਏ ਰਹਿ ਗਿਆ ਅਤੇ ਮੌਜੂਦਾ ਵਿੱਤੀ ਵਰ੍ਹੇ 'ਚ ਇਸ ਲਈ ਸਰਕਾਰ ਨੇ ਮਹਿਜ਼ 11,934 ਕੋਰੜ ਰੁਪਏ ਦਿੱਤੇ ਹਨ। ਸਪੱਸ਼ਟ ਹੈ ਕਿ ਸਕੂਲੀ ਸਿੱਖਿਆ ਨੂੰ ਉੱਚ ਸਿੱਖਿਆ 'ਤੇ ਪ੍ਰਾਥਮਿਕਤਾ ਦੇਣ ਦਾ ਢੰਢੋਰਾ ਪਿੱਟਦੇ ਹੋਏ ਸਰਕਾਰ ਉੱਚ ਸਿੱਖਿਆ 'ਚੋਂ ਤੇਜ਼ੀ ਨਾਲ਼ ਅਪਨਿਵੇਸ਼ ਕਰ ਰਹੀ ਹੈ ਅਤੇ ਅਪਨਿਵੇਸ਼ ਕੀਤੇ ਪੈਸੇ ਨੂੰ ਵੀ ਸਕੂਲੀ ਸਿੱਖਿਆ 'ਚ ਨਹੀਂ ਲਗਾ ਰਹੀ ਹੈ।

ਸਕੂਲੀ ਸਿੱਖਿਆ 'ਚ ਚੱਲ ਰਹੇ ਇਸ ਕਲਿਆਣਕਾਰੀ ਪਖੰਡ ਦੀ ਅਸਲੀਅਤ ਜਾਨਣ ਮਗਰੋਂ ਆਓ ਯਸ਼ਪਾਲ ਕਮੇਟੀ ਦੇ ਸੁਝਾਵਾਂ ਅਤੇ ਉੱਚ ਸਿੱਖਿਆ ਬਿਲ 2009 ਦਾ ਵੀ ਪੋਸਟਮਾਰਟਮ ਕਰ ਲਈਏ।

ਪ੍ਰੋ. ਯਸ਼ਪਾਲ ਭਾਰਤ ਦੇ ਮੋਹਰੀ ਵਿਗਿਆਨੀ ਅਤੇ ਸਿੱਖਿਆ-ਸ਼ਾਸਤਰੀ ਹਨ। ਉਹ ਆਪਣੇ ਮਨੁੱਖਤਾਵਾਦੀ, ਤਰਕਸੰਗਤ ਅਤੇ ਜਮਹੂਰੀ ਰੁਝਾਨਾਂ ਲਈ ਜਾਣੇ ਜਾਂਦੇ ਹਨ। ਉਹਨਾਂ ਦੀ ਅਗਵਾਈ 'ਚ ਸਰਕਾਰ ਨੇ ਉੱਚ ਸਿੱਖਿਆ ਦੀ ਹਾਲਤ ਦੀ ਸਮੀਖਿਆ ਲਈ ਇੱਕ ਕਮੇਟੀ ਦਾ ਗਠਨ ਕੀਤਾ। ਇਸ ਕਮੇਟੀ ਨੇ ਆਪਣੀ ਰਿਪੋਰਟ ਹੁਣੇ ਹੀ ਸਰਕਾਰ ਨੂੰ ਸੌਂਪੀ ਹੈ।ਸਰਕਾਰ ਨੇ ਇਸ ਰਿਪੋਰਟ ਦੇ ਉਨ੍ਹਾਂ ਸੁਝਾਵਾਂ ਨੂੰ ਮੰਨ ਲਿਆ ਹੈ ਜਿਹੜੇ ਉਸਦੇ ਉਦਾਰੀਕਰਣ ਅਤੇ ਨਿੱਜੀਕਰਣ ਦੇ ਪ੍ਰੋਗਰਾਮ ਨਾਲ਼ ਮੇਲ਼ ਖਾਂਦੇ ਹਨ। ਯਸ਼ਪਾਲ ਕਮੇਟੀ ਦਾ ਕਈ ਅਖੌਤੀ ਖੱਬੇਪੱਖੀ ਜੱਥੇਬੰਦੀਆਂ ਬਿਨ੍ਹਾ ਜਾਣੇ-ਸਮਝੇ ਵਿਰੋਧ ਕਰ ਰਹੀਆਂ ਹਨ ਮੰਨੋ ਕਿ ਪ੍ਰੋ. ਯਸ਼ਪਾਲ ਕਪਿਲ ਸਿੱਬਲ ਦੇ ਖਾਸਮ-ਖਾਸ ਹੋਣ। ਇਹ ਨਜ਼ਰੀਆ ਗਲਤ ਹੈ। ਯਸ਼ਪਾਲ ਕਮੇਟੀ ਨੇ ਕਈ ਸੁਝਾਅ ਦਿੱਤੇ ਹਨ ਜਿਨ੍ਹਾਂ ਦਾ ਤਾਂ ਸੁਆਗਤ ਕੀਤਾ ਜਾਣਾ ਚਾਹੀਦਾ ਹੈ। ਜਿਵੇਂ ਇਸ ਕਮੇਟੀ ਦਾ ਕਹਿਣਾ ਹੈ ਕਿ ਡੀਮਡ ਯੂਨੀਵਰਸਿਟੀਆਂ ਦੇ ਨਾਂ 'ਤੇ ਉੱਚ ਸਿੱਖਿਆ 'ਚ ਨਿੱਜੀ ਕਾਰੋਬਾਰ ਦੀ ਜਿਹੜੀ ਹੇਰਾਫੇਰੀ ਚੱਲ ਰਹੀ ਹੈ ਉਸਨੂੰ ਬੰਦ ਕਰ ਦੇਣਾ ਚਾਹੀਦਾ ਹੈ ਅਤੇ ਅਜਿਹੀਆਂ ਸਾਰੀਆਂ ਯੂਨਿਵਰਸਿਟੀਆਂ ਦੀ ਮਾਨਤਾ ਰੱਦ ਕਰ ਦੇਣੀ ਚਾਹੀਦੀ ਹੈ। ਕਮੇਟੀ ਆਪਣੀ ਰਿਪੋਰਟ 'ਚ ਇਸ ਹਾਲਤ ਦੀ ਨਿੰਦਿਆ ਕਰਦੀ ਹੈ ਕਿ ਜਿਹਦਾ ਜੀਅ ਕਰੇ ਉਹ ਧੰਦਾ ਚਲਾਉਣ ਲਈ ਇੱਕ ਯੂਨੀਵਰਸਿਟੀ ਖੋਲ ਕੇ ਬੈਠ ਜਾਂਦਾ ਹੈ, ਜਿਵੇਂ ਉਹ ਕੋਈ ਕਰਿਆਨੇ ਦੀ ਦੁਕਾਨ ਹੋਵੇ। ਇਸ ਸੁਝਾਅ ਦੇ ਆਉਣ ਮਗਰੋਂ ਸਰਕਾਰ ਨੇ ਕਈ ਅਜਿਹੀਆਂ ਯੂਨਿਵਰਸਿਟੀਆਂ ਦੀਆਂ ਮਾਨਤਾਵਾਂ ਰੱਦ ਕੀਤੀਆਂ ਵੀ, ਕਿਉਂਕਿ ਉਹਨਾਂ ਨੇ ਖੇਡ ਦੇ ਨਿਯਮਾਂ ਦੀ ਇੰਨੀ ਪਾਲਣਾ ਤਾਂ ਕਰਨੀ ਹੀ ਹੈ ਕਿ ਲੋਕਾਂ ਦਾ ਖੇਡ ਤੋਂ ਵਿਸ਼ਵਾਸ ਨਾ ਚੁੱਕਿਆ ਜਾਵੇ। ਦੂਜੀ ਗੱਲ ਇਹ ਕਿ ਇਨ੍ਹਾਂ ਅਖੌਤੀ ਯੂਨੀਵਰਸਿਟੀਆਂ ਦੇ ਭ੍ਰਿਸ਼ਟਾਚਾਰ ਅਤੇ ਉਹਨਾਂ ਰਾਹੀਂ ਵਿਦਿਆਰਥੀਆਂ ਦੇ ਪੈਸੇ ਲੈ ਕੇ ਭੱਜਣ ਜਿਹੀਆਂ ਘਟਨਾਵਾਂ ਖਿਲਾਫ਼ ਆਮ ਰੋਸ ਵੀ ਕਾਫ਼ੀ ਸੀ। ਇਸ ਲਈ ਵੀ ਸਰਕਾਰ ਨੇ ਇਸ ਬਾਬਤ ਕਦਮ ਚੁੱਕਿਆ।

ਪਰ ਯਸ਼ਪਾਲ ਕਮੇਟੀ ਨੇ ਸਰਕਾਰੀ ਸੰਸਥਾਵਾਂ ਦੀ ਅਸਮਰੱਥਾ ਅਤੇ ਅਸਫ਼ਲਤਾ ਦਾ ਇਲਾਜ ਦੱਸਦੇ ਹੋਏ ਗੱਲ ਨੂੰ ਦੂਜੇ ਸਿਰੇ 'ਤੇ ਹੀ ਪਹੁੰਚਾ ਦਿੱਤਾ। ਯਸ਼ਪਾਲ ਕਮੇਟੀ ਅਨੁਸਾਰ ਰਿਵਾਇਤੀ ਸਿੱਖਿਆ ਲਈ ਯੂ.ਜੀ.ਸੀ.ਅਤੇ ਤਕਨੀਕੀ ਸਿੱਖਿਆ ਲਈ ਏਕਟੇ (A.I.C.T.E.) ਦੀ ਪ੍ਰਸੰਗਿਕਤਾ ਖਤਮ ਹੋ ਗਈ ਹੈ।ਦੂਜੀ ਗੱਲ ਇਹ ਕਿ ਸਰਕਾਰ ਦੇ ਮੰਤਰਾਲਿਆਂ ਤਹਿਤ ਇਹ ਸੰਸਥਾਵਾਂ ਰਾਜਨੀਤੀ ਦਾ ਸ਼ਿਕਾਰ ਹੋ ਜਾਂਦੀਆਂ ਹਨ ਜਿਸਦਾ ਅਸਰ ਉੱਚ ਸਿੱਖਿਆ 'ਤੇ ਪੈਂਦਾ ਹੈ।ਇਸ ਦੇ ਇਲਾਜ ਦੇ ਤੌਰ 'ਤੇ ਸਹੀ ਰਾਜਨੀਤੀ ਨੂੰ ਸਥਾਪਿਤ ਕਰਨ ਅਤੇ ਉਸ 'ਤੇ ਆਮ ਲੋਕਾਂ ਦੇ ਸੱਚੇ ਪ੍ਰਤਿਨਿਧੀਆਂ ਦੀ ਨਿਗਰਾਨੀ ਦੀ ਕਿਸੇ ਪ੍ਰਣਾਲੀ ਨੂੰ ਲਾਗੂ ਕਰਨ ਦੀ ਬਜਾਏ ਯਸ਼ਪਾਲ ਕਮੇਟੀ ਗੈਰ-ਰਾਜਨੀਤੀਕਰਣ ਦੀ ਰਾਜਨੀਤੀ ਦਾ ਅਣਜਾਣੇ ਹੀ ਸਹਾਰਾ ਲੈਂਦੀ ਹੈ।ਉਹ ਕਹਿੰਦੀ ਹੈ ਕਿ ਯੂ. ਜੀ. ਸੀ. ਅਤੇ ਏਕਟੇ ਨੂੰ ਭੰਗ ਕਰਕੇ ਪੂਰੀ ਉੱਚ ਸਿੱਖਿਆ ਦੇ ਵਿਨਿਯਮਨ ਅਤੇ ਕੰਟਰੋਲ ਲਈ ਇੱਕ ਖੁਦਮੁਖਤਿਆਰ ਸੰਸਥਾ ਦਾ ਗਠਨ ਕੀਤਾ ਜਾਵੇ ਜਿਹੜੀ ਸਰਕਾਰ ਦੇ ਕਿਸੇ ਵੀ ਮੰਤਰਾਲੇ ਅਧੀਨ ਨਾ ਹੋਵੇ।ਇਹਦੇ ਸੱਤ ਮੈਂਬਰ ਹੋਣ ਜਿਨ੍ਹਾਂ 'ਚੋਂ ਕੁਝ ਭਾਰਤੀ ਉਦਯੋਗ ਜਗਤ ਦੇ ਨਾਮੀ-ਗਿਰਾਮੀ ਲੋਕ ਹੋਣ, ਕਿਉਂਕਿ ਉਹ ਹੀ ਕੁਆਲਟੀ ਨੂੰ ਨਿਰਧਾਰਿਤ ਕਰ ਸਕਦੇ ਹਨ। ਇਹੀ ਸੰਸਥਾ ਉੱਚ ਸਿੱਖਿਆ ਸੰਸਥਾਨਾਂ ਦੇ ਵਿੱਤ ਪੋਸ਼ਣ ਤੋਂ ਲੈ ਕੇ ਪਾਠ ਕ੍ਰਮ ਤੈਅ ਕਰਨ ਤੱਕ ਦਾ ਕੰਮ ਕਰੇ ਅਤੇ ਕੋਈ ਵੀ ਹੋਰ ਸਰਕਾਰ ਜਾਂ ਗੈਰ-ਸਰਕਾਰੀ ਸੰਸਥਾ ਇਸ 'ਚ ਕੋਈ ਦਖ਼ਲ ਅੰਦਾਜ਼ੀ ਨਾ ਕਰ ਸਕੇ।ਸਾਫ਼ ਹੈ ਕਿ ਜੇਕਰ ਅਜਿਹੀ ਕੋਈ ਸੰਸਥਾ ਹੋਂਦ 'ਚ ਆਉਂਦੀ ਹੈ ਤਾਂ ਉਹ ਪੂਰੀ ਉੱਚ ਸਿੱਖਿਆ ਨੂੰ ਕਾਰਪੋਰੇਟ ਹਿਤਾਂ ਅਨੁਸਾਰ ਢਾਲਣ ਦ ਕੰਮ ਕਰੇਗੀ। ਇਹ ਇੱਕ ਗੈਰ-ਜਮਹੂਰੀ ਕਦਮ ਹੋਵੇਗਾ ਕਿਉਂਕਿ ਅਜਿਹੀ ਕੋਈ ਸੰਸਥਾ ਦੀ ਕਿਸੇ ਵੀ ਲੋਕਾਂ ਦੇ ਪ੍ਰਤੀਨਿਧੀ ਬਲਾਕ ਮੂਹਰੇ ਕੋਈ ਵੀ ਜਵਾਬਦੇਹੀ ਨਹੀਂ ਹੋਵੇਗੀ। ਅਜਿਹੀ ਕੋਈ ਸੰਸਥਾ ਜੇਕਰ ਕਾਰਪੋਰੇਟ ਘਰਾਣਿਆਂ ਹੱਥੋਂ ਵਿੱਕ ਜਾਂਦੀ ਹੈ ਤਾਂ ਕੋਈ ਕੁੱਝ ਨਹੀਂ ਕਰ ਸਕੇਗਾ। ਜਦੋਂ ਤੱਕ ਕੋਈ ਨਵਾਂ ਐਕਟ ਪਾਸ ਹੋ ਕੇ ਇਸ ਪ੍ਰਕ੍ਰਿਆ ਨੂੰ ਰੋਕੇਗਾ ਉਦੋਂ ਤੱਕ ਇਹ ਸੰਸਥਾ ਉੱਚ ਸਿੱਖਿਆ ਸੰਸਥਾਨਾਂ 'ਚ ਕਈ ਪੀੜ੍ਹੀਆਂ ਨੂੰ ਸਰਮਾਏਦਾਰ ਘਰਾਣਿਆਂ ਦਾ "ਬੋਲਣ ਵਾਲ਼ਾ ਪੁਰਜਾ" ਬਣਾ ਚੁੱਕੀ ਹੋਵੇਗੀ! ਇਸ ਲਈ ਪ੍ਰੋ. ਯਸ਼ਪਾਲ ਦੀ ਸਮਝਦਾਰੀ ਇੱਥੇ ਢਿੱਲੀ ਪੈ ਜਾਂਦੀ ਹੈ।ਇਰਾਦਾਤਨ ਜਾਂ ਗੈਰ-ਇਰਾਦਾਤਨ, ਇਹ ਬਹਿਸ ਦਾ ਮੁੱਦਾ ਹੀ ਨਹੀਂ ਹੈ। ਇੱਕ ਗੈਰ-ਰਾਜਨੀਤਕ ਵਿਗਿਆਨੀ ਤੋਂ ਅਸੀਂ ਹੋਰ ਕੋਈ ਉਮੀਦ

ਨਹੀਂ ਕਰ ਸਕਦੇ ਜਿਹੜਾ 'ਪਰਫੇਕਟ ਬੁਰਜੂਆ ਰਾਜ' 'ਚ ਯਕੀਨ ਰੱਖਦਾ ਹੈ। ਗੈਰ-ਰਾਜਨੀਤਕ ਬੁੱਧੀਜੀਵੀ ਅਣਜਾਣੇ 'ਚ ਨਿਰਕੁੰਸ਼ਤਾ ਦੇ ਪੱਖ 'ਚ ਖੜ੍ਹੇ ਹੋ ਜਾਂਦੇ ਹਨ।

ਇਸ ਤੋਂ ਇਲਾਵਾ ਯਸ਼ਪਾਲ ਕਮੇਟੀ ਦੀ ਰਿਪੋਰਟ 'ਚ ਕਿਹਾ ਗਿਆ ਹੈ ਕਿ ਭਾਰਤ 'ਚ ਵਿਦੇਸ਼ੀ ਯੂਨੀਵਰਸਿਟੀਆਂ ਦੀ ਲੋੜ ਨਹੀਂ ਹੈ ਪਰ ਵਿਦੇਸ਼ਾਂ 'ਚੋਂ ਚੰਗੇ ਸਿੱਖਿਅਕਾਂ ਦੀ ਲੋੜ ਹੈ। ਇਹ ਆਪਣੇ ਆਪ 'ਚ ਹੀ ਮਜ਼ਾਕੀਆ ਗੱਲ ਹੈ। ਜਿਸ ਦੇਸ਼ 'ਚ ਪੜਾਉਣ ਦੀ ਯੋਗਤਾ ਰੱਖਣ ਵਾਲ਼ੇ ਉੱਚ ਸਿੱਖਿਆ ਦੀਆਂ ਡਿਗਰੀਆਂ ਲੈ ਕੇ ਬੇਰੋਜ਼ਗਾਰ ਘੁੰਮ ਰਹੇ ਹੋਣ, ਉੱਥੇ ਵਿਦੇਸ਼ਾਂ ਤੋਂ ਸਿੱਖਿਅਕਾਂ ਦੀ ਦਰਾਮਦ ਕਰਵਾਉਣ ਦਾ ਕੀ ਮਤਲਬ ਹੈ ? ਇਹ ਇੱਕ ਅਲੱਗ ਗੱਲ ਹੈ ਕਿ ਇਸ ਦੇਸ਼ ਦੇ ਸਿੱਖਿਆ ਢਾਂਚੇ ਤਹਿਤ ਸਿਖਿਅਤ-ਟਰੇਂਡ ਸਿੱਖਿਅਕ ਉਹੀ ਸਿੱਖਿਆ ਆਉਣ ਵਾਲ਼ੀ ਪੀੜ੍ਹੀਆਂ ਨੂੰ ਵੀ ਦੇਵੇਗਾ ਜਿਹੜੀ ਉਸਨੂੰ ਮਿਲ਼ੀ ਹੈ। ਪਰ ਵਿਦੇਸ਼ੀ ਸਿੱਖਿਅਕਾਂ ਦੀ ਕੁਆਲਟੀ ਵੀ ਕੋਈ ਸਵਾਲਾਂ ਦੇ ਦਾਇਰੇ ਤੋਂ ਬਾਹਰ ਨਹੀਂ ਹੈ। ਇਹ ਯਸ਼ਪਾਲ ਕਮੇਟੀ ਦੇ ਆਪਣੇ ਬਸਤੀਵਾਦੀ ਮਾਨਸਿਕਤਾ 'ਚ ਪੈਦਾ ਹੋਣ ਵਾਲ਼ੇ ਤੁਅੱਸਬ ਹਨ ਕਿ ਉਹ ਦੇਸ਼ੀ ਸਿੱਖਿਅਕਾਂ ਨੂੰ ਹੀਣ ਮੰਨਦੀ ਹੈ ਅਤੇ ਵਿਦੇਸ਼ੀ ਸਿੱਖਿਅਕਾਂ ਨੂੰ ਵਧੀਆ। ਯਸ਼ਪਾਲ ਕਮੇਟੀ ਦੀਆਂ ਇਹ ਦੋ ਸਿਫ਼ਾਰਸ਼ਾਂ ਹਨ ਜਿਹੜੀਆਂ ਇਤਰਾਜ਼ਯੋਗ ਹਨ ਅਤੇ ਜਿਨ੍ਹਾਂ ਦਾ ਵਿਰੋਧ ਕੀਤਾ ਜਾਣਾ ਚਾਹੀਦਾ ਹੈ।

ਯਸ਼ਪਾਲ ਕਮੇਟੀ ਆਉਣ ਮਗਰੋਂ ਕਪਿਲ ਸਿੱਬਲ ਦੇ ਦਿਸ਼ਾ-ਨਿਰਦੇਸ਼ਾਂ 'ਚ ਉੱਚ-ਸਿੱਖਿਆ ਬਿਲ 2009 ਪੇਸ਼ ਕੀਤਾ ਗਿਆ। ਇਹ ਬਿਲ ਸਿੱਖਿਆ ਨੂੰ ਬਾਜ਼ਾਰੂ ਜਿਣਸ ਬਣਾਉਣ ਦੇ ਕੰਮ ਨੂੰ ਚਲਾਕੀ ਨਾਲ਼ ਅੱਗੇ ਵਧਾਉਣ ਦੀ ਗੱਲ ਕਰਦਾ ਹੈ। ਇਸ ਬਿਲ ਮੁਤਾਬਿਕ ਉੱਚ ਸਿੱਖਿਆ ਦੇ ਖੇਤਰ 'ਚ ਸਿੱਧੇ ਵਿਦੇਸ਼ੀ ਨਿਵੇਸ਼ ਦੀ ਇਜਾਜ਼ਤ ਦੇ ਦਿੱਤੀ ਜਾਵੇਗੀ। ਭਾਵ ਵਿਦੇਸ਼ੀ ਯੂਨੀਵਰਸਿਟੀਆਂ ਆਪਣੇ ਕੈਂਪਸ ਭਾਰਤ 'ਚ ਖੋਲ ਸਕਣਗੀਆਂ। ਜ਼ਾਹਿਰ ਹੈ ਕਿ ਇਸ ਸਿੱਖਿਆ ਦੀਆਂ ਕੀਮਤਾਂ ਦੇਸ਼ ਦੇ ਮੁੱਠੀ ਭਰ ਧਨਾਢ ਹੀ ਚੁੱਕ ਸਕਣਗੇ ਅਤੇ ਕੈਂਪਸਾਂ ਦਾ ਹੋਰ ਵੱਧ ਕੁਲੀਨੀਕਰਣ ਹੋਵੇਗਾ। ਦੇਸ਼ੀ ਯੂਨੀਵਰਸਿਟੀਆਂ ਵੀ ਇਨ੍ਹਾਂ ਯੂਨੀਵਰਸਿਟੀਆਂ ਨਾਲ਼ ਮੁਕਾਬਲੇ 'ਚ ਪਿੱਛੇ ਰਹਿ ਜਾਣਗੀਆਂ। ਉੱਚ ਸਿੱਖਿਆ ਆਮ ਘਰਾਂ ਦੇ ਧੀਆਂ-ਪੁੱਤਾਂ ਦੀ ਪਹੁੰਚ ਤੋਂ ਹੋਰ ਵੱਧ ਬਾਹਰ ਹੁੰਦੀ ਜਾਵੇਗੀ। ਇਸ ਤੋਂ ਇਲਾਵਾ, ਇੱਕ ਖਤਰਨਾਕ ਕਦਮ ਜਿਸਦੀ ਗੱਲ ਇਹ ਬਿਲ ਕਰਦਾ ਹੈ ਉਹ ਇਹ ਹੈ ਕਿ ਹਰ ਯੂਨੀਵਰਸਿਟੀ ਆਪਣਾ ਸਿਲੇਬਸ ਖੁਦ ਤੈਅ ਕਰਨ ਦੀ ਅਜ਼ਾਦੀ ਰੱਖੇਗੀ। ਯਾਨਿ ਕੋਈ ਇੱਕ ਸਮਾਨ ਸਿਲੇਬਸ ਦੀ ਪ੍ਰਣਾਲੀ ਨਹੀਂ ਹੋਵੇਗੀ ਅਤੇ ਕੋਈ ਵੀ ਸਮਝ ਸਕਦਾ ਹੈ ਕਿ ਇੱਕ ਸਮੇਂ ਮਗਰੋਂ ਸਿਲੇਬਸ ਦੇ ਮਾਮਲੇ 'ਚ ਵੀ ਜਮਾਤੀ ਅਹੁਦਾ ਲੜੀ (Hierarchy) ਦਾ ਢਾਂਚਾ ਸਥਾਪਿਤ ਹੋ ਜਾਵੇਗਾ। ਇਹ ਸਾਰੇ ਕਦਮ ਉੱਚ ਸਿੱਖਿਆ ਨੂੰ ਆਮ ਲੋਕਾਂ ਦੀ ਪਹੁੰਚ ਤੋਂ ਹੋਰ ਵੱਧ ਦੂਰ ਪਹੁੰਚਾ ਦੇਣਗੇ।

ਸਾਫ਼ ਹੈ ਕਿ ਯੂ. ਪੀ. ਏ. ਸਰਕਾਰ ਮੁਢਲੀ ਸਿੱਖਿਆ ਅਤੇ ਉੱਚ ਸਿੱਖਿਆ, ਦੋਨਾਂ 'ਚ ਹੀ ਜਿਹੜੇ ਸੁਧਾਰ ਕਰ ਰਹੀ ਹੈ, ਉਹ ਭਾਰਤ ਅਤੇ ਸੰਸਾਰ ਸਰਮਾਏਦਾਰੀ ਦੀਆਂ ਲੋੜਾਂ ਦੇ ਮੱਦੇਨਜ਼ਰ ਕਰ ਰਹੀ ਹੈ। ਇੱਕ ਪਾਸੇ ਤਾਂ ਉਸਨੂੰ ਕੁਸ਼ਲ ਅਤੇ ਪੜ੍ਹੀ-ਲਿਖੀ ਕਿਰਤ ਸ਼ਕਤੀ ਦੀ ਲੋੜ ਹੈ। ਇਸ ਲਈ ਮੁਢਲੀ ਸਿੱਖਿਆ, ਭਾਵੇਂ ਉਹ ਕਿਸੇ ਵੀ ਕੁਆਲਟੀ ਦੀ ਹੋਵੇ, ਦੀ ਪਹੁੰਚ ਨੂੰ ਥੋੜਾ ਹੋਰ ਵਿਸਥਾਰਿਤ ਕੀਤਾ ਜਾ ਰਿਹਾ ਹੈ। ਯੂਨੀਵਰਸਿਟੀਆਂ ਦੀ ਸਿੱਖਿਆ ਨੂੰ ਮਹਿੰਗਾ ਬਣਾ ਕੇ ਆਈ. ਟੀ. ਆਈ. ਅਤੇ ਪਾਲੀ-ਟੈਕਨਿਕ ਵੱਧ ਸੰਖਿਆ 'ਚ ਖੋਲੇ ਜਾ ਰਹੇ ਹਨ। ਉੱਚ ਸਿੱਖਿਆ ਕੈਂਪਸਾਂ ਨੂੰ ਅਮੀਰਜ਼ਾਦਿਆਂ ਦੀ ਜਾਇਦਾਦ ਬਣਾਇਆ ਜਾ ਰਿਹਾ ਹੈ। ਇਹ ਹੈ ਭਾਰਤੀ ਸਰਮਾਏਦਾਰ ਜਮਾਤ ਦੀਆਂ ਨਵੀਂ ਸਿੱਖਿਆ ਨੀਤੀਆਂ ਦਾ ਸਾਰ।

□

## ਆਸਾਰਾਮ ਬਾਪੂ ਹੱਤਿਆ ਅਤੇ ਸੰਪੱਤੀ ਕਬਜ਼ੇ ਦੇ ਮਾਮਲੇ 'ਚ ਫਸਿਆ

(ਸਫ਼ਾ 26 ਦਾ ਬਾਕੀ)

ਕਰਨਾ ਵੀ ਮੁਸ਼ਕਿਲ ਹੈ। ਕਦੇ-ਕਦੇ ਕੁੱਝ ਨਿਕਲ ਕੇ ਸਾਮ੍ਹਣੇ ਆ ਜਾਂਦਾ ਹੈ ਤਾਂ ਥੋੜਾ-ਬਹੁਤ ਪਤਾ ਲੱਗਦਾ ਹੈ।

ਸੋਚਣ ਦੀ ਗੱਲ ਇਹ ਹੈ ਕਿ ਇੱਥੇ ਸਵਾਲ ਧਰਮ ਦੇ ਅਪਰਾਧੀਕਰਨ ਦਾ ਨਹੀਂ ਹੈ। ਇਹ ਤਾਂ ਮਹਿਜ਼ ਇੱਕ ਲੱਛਣ ਹੈ। ਅਸਲ ਸਵਾਲ ਹੈ ਧਰਮ ਦੇ ਪੂੰਜੀਵਾਦੀਕਰਨ ਦਾ ਹੈ। ਧਰਮ ਹਮੇਸ਼ਾ ਤੋਂ ਹਾਕਮ ਜਮਾਤ ਦੇ ਹਥਿਆਰ ਦਾ ਕੰਮ ਕਰਦਾ ਰਿਹਾ ਹੈ। ਧਰਮ ਨੇ ਹਮੇਸ਼ਾ ਹੀ ਹਾਕਮ ਜਮਾਤਾਂ ਦੇ ਗਲਬੇ ਨੂੰ ਪੱਕਾ ਕਰਨ 'ਚ ਮਦਦ ਕੀਤੀ ਹੈ। ਅੱਜ ਵੀ ਕਰ ਰਿਹਾ ਹੈ। ਪੂੰਜੀਵਾਦ ਦੇ ਭ੍ਰਿਸ਼ਟ, ਕੁਚੱਜੇ ਅਤੇ ਕੁਲੱਛਣੇ ਹੋਣ ਦੇ ਨਾਲ਼ ਹੀ ਧਰਮ ਦਾ ਕੁਚੱਜਾ, ਭ੍ਰਿਸ਼ਟਾਚਾਰੀ ਅਤੇ ਕੁਲੱਛਣਾ ਹੋਣਾ ਸੁਭਾਵਿਕ ਹੈ। ਇਸ 'ਤੇ ਇਸ ਗੱਲ ਦਾ ਰੋਣਾ ਨਹੀਂ ਰੋਇਆ ਜਾ ਸਕਦਾ ਹੈ ਕਿ ਹਾਏ-ਹਾਏ! ਸ਼ੁੱਧਤਾਵਾਦੀ ਪਰਲੋਕੀ ਧਰਮ ਬਰਬਾਦ ਹੋ ਗਿਆ! ਧਰਮ ਭ੍ਰਿਸ਼ਟ ਹੋ ਰਿਹਾ ਹੈ! ਇਹ ਕਿਸੇ ਕੁਦਰਤੀ ਵਰਤਾਰੇ 'ਤੇ ਹੈਰਾਨੀ ਪ੍ਰਗਟ ਕਰਨ ਜਿਹਾ ਹੋਵੇਗਾ। ਧਰਮ ਕਦੇ ਪਰਲੋਕੀ ਸੀ ਹੀ ਨਹੀਂ! ਇਹ ਤਾਂ ਹਮੇਸ਼ਾ ਤੋਂ ਲੌਕਿਕ ਸੀ ਅਤੇ ਸਾਡੇ ਸਾਧਾਰਣ ਨਾਸ਼ਮਾਨਾਂ ਤੋਂ ਕਿਤੇ ਜ਼ਿਆਦਾ ਲੌਕਿਕ! ਇਸ ਲਈ ਇਹ ਤਾਂ ਹੋਣਾ ਹੀ ਸੀ! ਪੂੰਜੀਪਤੀ ਧਾਰਮਿਕ ਬਣ ਕੇ ਆਪਣੇ ਪਾਪਾਂ ਨੂੰ ਧੋਣ ਦਾ ਯਤਨ ਕਰਦੇ ਹਨ (ਧਰਮ ਪੂੰਜੀਵਾਦੀ ਬਣ ਕੇ ਉਨ੍ਹਾਂ ਰੰਗਰਲੀਆਂ ਦੇ ਮਜ਼ੇ ਲੈਣਾ ਚਾਹੁੰਦਾ ਹੈ ਜਿਹੜੀਆਂ ਪੂੰਜੀਪਤੀਆਂ ਨੂੰ ਨਸੀਬ ਹੁੰਦੀਆਂ ਹਨ! ਇਸ ਲਈ ਧਾਰਮਿਕ ਗੁਰੂ ਹੁਣ ਪਹਿਲ ਦੇ ਤੌਰ 'ਤੇ ਪੂੰਜੀਪਤੀ ਅਤੇ ਧਨਕੁਬੇਰ ਹਨ ਅਤੇ ਅਧਿਆਤਮਿਕ ਗੁਰੂ ਮਗਰੋਂ ਜਿਹੜੇ ਅਯੱਾਸ਼ੀ-ਬੀਮਾਰ ਮਾਨਸਿਕਤਾ-ਅਪਰਾਧ ਦੇ ਸੜਹਾਂਦ ਮਾਰਦੇ ਚਿੱਕੜ ਵਿੱਚ ਲੋਟਣੀਆਂ ਲਾ ਰਹੇ ਹਨ। □

## ਬਾਦਲ ਸਰਕਾਰ ਦਾ ਮਹਿਜ਼ ਇੱਕ ਨਵਾਂ ਡਰਾਮਾ

# 'ਪੰਜਾਬ ਪ੍ਰਵਾਸੀ ਕਲਿਆਣ ਬੋਰਡ'

ਪੰਜਾਬ ਸਰਕਾਰ ਨੇ 'ਪੰਜਾਬ ਪ੍ਰਵਾਸੀ ਕਲਿਆਣ ਬੋਰਡ' ਦਾ ਗਠਨ ਕੀਤਾ ਹੈ ਅਤੇ ਹਾਕਮ ਸ਼੍ਰੋਮਣੀ ਅਕਾਲੀ ਦਲ (ਬਾਦਲ) ਦੇ ਲੀਡਰ ਅਤੇ ਕਾਰਕੁੰਨ ਇਸ ਬੋਰਡ ਦੇ ਗਠਨ ਨੂੰ ਪੰਜਾਬ ਸਰਕਾਰ ਦਾ ਇੱਕ ਮਹਾਨ ਕਦਮ ਦੱਸਦੇ ਹੋਏ ਇਸ ਦਾ ਗੁਣ ਗਾਣ ਕਰ ਰਹੇ ਹਨ। ਇਹ ਲੋਕ ਢੋਲ ਵਜ਼ਾ ਰਹੇ ਹਨ ਕਿ ਬਾਦਲ ਸਰਕਾਰ ਨੇ 'ਪੰਜਾਬ ਪ੍ਰਵਾਸੀ ਕਲਿਆਣ ਬੋਰਡ' ਦਾ ਗਠਨ ਕਰਕੇ ਪੰਜਾਬ ਰਹਿ ਰਹੇ 'ਪ੍ਰਵਾਸੀਆਂ' ਦੇ ਕਲਿਆਣ ਲਈ ਬਹੁਤ ਹੀ ਚੰਗਾ ਕਦਮ ਚੁੱਕਿਆ ਹੈ। ਉਹਨਾਂ ਮੁਤਾਬਿਕ ਜਿਹੜਾ ਕੰਮ ਅੱਜ ਤੱਕ ਦੇਸ਼ ਦੀ ਕਿਸੇ ਵੀ ਰਾਜ ਦੀ ਸਰਕਾਰ ਨੇ ਨਹੀਂ ਕੀਤਾ ਉਹ ਉਹਨਾਂ ਦੀ ਮਹਾਨ ਬਾਦਲ ਸਰਕਾਰ ਨੇ ਕਰ ਦਿਖਾਇਆ। ਉਹ ਵੱਡੀਆਂ-ਵੱਡੀਆਂ ਗੱਪਾਂ ਛੱਡ ਰਹੇ ਹਨ ਕਿ ਹੁਣ 'ਪ੍ਰਵਾਸੀਆਂ' ਦੀ ਹਰ ਸਮੱਸਿਆ ਦੀ ਸੁਣਵਾਈ ਹੋਵੇਗੀ।

ਅਸਲ 'ਚ ਪੰਜਾਬ ਦੀ ਬਾਦਲ ਸਰਕਾਰ ਨੇ ਪੰਜਾਬ ਵਿੱਚ ਹੋਰ ਰਾਜਾਂ ਤੋਂ ਆ ਕੇ ਰਹਿ ਰਹੇ ਮਜ਼ਦੂਰਾਂ ਨੂੰ ਪਤਿਆਉਣ ਲਈ ਹੀ ਇਹ ਨਵਾਂ ਪਾਖੰਡ ਰਚਿਆ ਹੈ। ਪਿਛਲੇ ਵਰ੍ਹੇ ਦਸੰਬਰ ਦੇ ਪਹਿਲੇ ਹਫ਼ਤੇ ਦੌਰਾਨ ਹੋਏ ਲੁਧਿਆਣੇ ਦੇ ਢੰਡਾਰੀ ਕਾਂਡ ਨੇ ਪੰਜਾਬ ਦੇ ਗਰੀਬ ਮਜ਼ਦੂਰਾਂ ਖਾਸ ਕਰ ਕੇ ਉੱਤਰ-ਪ੍ਰਦੇਸ਼, ਬਿਹਾਰ, ਝਾਰਖੰਡ ਅਤੇ ਹੋਰ ਰਾਜਾਂ ਤੋਂ ਆ ਕੇ ਵਸੇ ਮਜ਼ਦੂਰਾਂ ਦੇ ਜੀਵਨ ਦੀਆਂ ਭਿਆਨਕ ਹਾਲਤਾਂ ਨੂੰ, ਉਹਨਾਂ ਦੀ ਬਰਬਰ ਲੁੱਟ, ਅਨਿਆਂ ਅਤੇ ਬੇਇੱਜ਼ਤੀ ਨੂੰ ਜੱਗਜਾਹਿਰ ਕਰ ਦਿੱਤਾ ਹੈ। ਲੁਧਿਆਣਾ ਕਾਂਡ ਦੇ ਹੁੰਦੇ ਪੰਜਾਬ ਸਰਕਾਰ ਦੀ ਚਾਰੇ ਪਾਸਿਆਂ ਤੋਂ ਥੂ-ਥੂ ਹੋਈ। 'ਪ੍ਰਵਾਸੀਆਂ' ਦੀ ਹਿਤੈਸ਼ੀ ਹੋਣ ਦਾ ਦਿਖਾਵਾ ਕਰਨ ਲਈ ਬਾਦਲ ਸਰਕਾਰ ਨੇ ਤੁਰੰਤ ਪੰਜਾਬ ਪ੍ਰਵਾਸੀ ਕਲਿਆਣ ਬੋਰਡ ਦਾ ਗਠਨ ਕਰ ਛੱਡਿਆ।

ਅਜਿਹਾ ਸ਼ਾਇਦ ਪਹਿਲੀ ਵਾਰੀ ਹੋਇਆ ਹੈ ਕਿ ਕਿਸੇ ਰਾਜ ਦੀ ਸਰਕਾਰ ਨੇ ਆਪਣੇ ਹੀ ਦੇਸ਼ ਦੇ ਹੋਰ ਰਾਜਾਂ ਤੋਂ ਆਏ ਲੋਕਾਂ ਦੇ 'ਕਲਿਆਣ' ਲਈ ਅਲੱਗ ਤੋਂ ਕੋਈ ਬੋਰਡ ਗਠਿਤ ਕੀਤਾ ਹੋਵੇ। ਉਹ ਵੀ ਉਸ ਨੂੰ ਪ੍ਰਵਾਸੀ ਕਹਿੰਦੇ ਹੋਏ। ਭਲਾ ਆਪਣੇ ਹੀ ਦੇਸ਼ ਵਿੱਚ ਕੋਈ ਪ੍ਰਵਾਸੀ ਕਿਵੇਂ ਹੋ ਸਕਦਾ ਹੈ ? ਪ੍ਰਵਾਸੀ ਸ਼ਬਦ ਦਾ ਇਸਤੇਮਾਲ ਲੋਕਾਂ ਦੇ ਇਲਾਕਾਈ ਤੁਅੱਸਬਾ ਤੋਂ ਫਾਇਦਾ ਲੈਣ ਲਈ ਕੀਤਾ ਗਿਆ ਹੈ। ਇਸ ਨਾਲ਼ ਪੰਜਾਬ ਵਿੱਚ ਹੋਰ ਰਾਜਾਂ ਤੋਂ ਆ ਕੇ ਵਸੇ ਲੋਕਾਂ ਦਾ ਕੋਈ ਕਲਿਆਣ ਤਾਂ ਹੋਣ ਵਾਲ਼ਾ ਹੈ ਨਹੀਂ, ਸਗੋਂ ਇਸ ਦੀ ਜਗ੍ਹਾਂ ਇਸ ਤਰ੍ਹਾਂ ਦੇ ਬੋਰਡ ਦਾ ਅਲੱਗ ਤੋਂ ਗਠਨ ਲੋਕਾਂ ਦੇ ਇਲਾਕਾਈ ਤੁਅੱਸਬਾਂ ਨੂੰ ਹੋਰ ਮਜ਼ਬੂਤ ਬਣਾਏਗਾ। ਇਸ ਨਾਲ਼ ਪੰਜਾਬ ਵਿੱਚ ਪਹਿਲਾਂ ਤੋਂ ਰਹਿ ਰਹੇ ਲੋਕਾਂ ਅਤੇ ਹੋਰਨਾਂ ਰਾਜਾਂ ਤੋਂ ਆਏ ਲੋਕਾਂ ਵਿਚਕਾਰ ਦੂਰੀਆਂ ਘੱਟ ਹੋਣ ਦੀ ਬਜਾਏ ਹੋਰ ਵਧਣਗੀਆਂ ਕਿਉਂਕਿ ਇਸ ਬੋਰਡ ਦੇ ਗਠਨ ਦੇ ਜ਼ਰੀਏ ਲੋਕਾਂ ਵਿੱਚ ਇਸ ਤੁਅੱਸਬ ਨੂੰ ਹੋਰ ਮਜ਼ਬੂਤੀ ਹੀ ਮਿਲਦੀ ਹੈ ਕਿ ਪੰਜਾਬ ਵਿੱਚ ਪਹਿਲਾਂ ਤੋਂ ਰਹਿ ਰਹੇ ਲੋਕਾਂ ਲਈ ਹੋਰ ਰਾਜਾਂ ਤੋਂ ਆਏ ਲੋਕ ਆਪਣੇ ਨਹੀਂ ਬੇਗਾਨੇ ਹਨ। ਇਸ ਨਾਲ਼ ਪੰਜਾਬ ਵਿੱਚ ਹੋਰ ਰਾਜਾਂ ਤੋਂ ਆਏ ਲੋਕਾਂ ਲਈ ਸਮੱਸਿਆਵਾਂ ਵੱਧਣਗੀਆਂ ਹੀ।

ਲੁਧਿਆਣਾ ਕਾਂਡ ਤੋਂ ਪੈਦਾ ਹੋਏ ਮਾਹੌਲ ਤੋਂ ਘਬਰਾਏ ਵੱਡੀ ਗਿਣਤੀ ਵਿੱਚ ਮਜ਼ਦੂਰ ਲੁਧਿਆਣੇ ਤੋਂ ਆਪਣੇ ਰਾਜਾਂ ਨੂੰ ਵਾਪਸ ਚਲੇ ਗਏ। ਕਾਰਖਾਨਾ ਮਾਲਕਾਂ ਨੂੰ ਮਜ਼ਦੂਰਾਂ ਦੀ ਬੇਹੱਦ ਕਮੀ ਹੋਣ ਲੱਗੀ ਸੀ। ਇਸ ਲਈ ਸਨਅਤਕਾਰਾਂ ਨੇ ਵੀ ਪੰਜਾਬ ਸਰਕਾਰ ਨੂੰ ਕਾਫ਼ੀ ਲਾਹਣਤਾ ਪਾਈਆਂ। ਉਹਨਾਂ ਦਾ ਕਹਿਣਾ ਸੀ ਕਿ ਪੰਜਾਬ 'ਚ ਲੇਬਰ ਦੀ ਇੰਨੀ ਭਾਰੀ ਕਮੀ ਤਾਂ ਖਾਲਿਸਤਾਨੀ ਦਹਿਸ਼ਤਗਰਦੀ ਦੇ ਦੌਰ ਵਿੱਚ ਵੀ ਮਹਿਸੂਸ ਨਹੀਂ ਹੋਈ ਸੀ ਜਿੰਨੀ ਕਿ ਦਸੰਬਰ ਦੇ ਢੰਡਾਰੀ ਕਾਂਡ ਮਗਰੋਂ ਹੋਈ ਹੈ। ਸਰਮਾਏਦਾਰ ਚਾਹੁੰਦੇ ਹਨ ਕਿ ਬਾਦਲ ਸਰਕਾਰ ਮਜ਼ਦੂਰਾਂ ਦੇ ਵੱਡੇ ਪੱਧਰ 'ਤੇ ਹੋ ਰਹੇ ਪਲਾਇਨ ਨੂੰ ਰੋਕਣ ਲਈ ਕੋਈ ਕਦਮ ਚੁੱਕੇ। 'ਪੰਜਾਬ ਪ੍ਰਵਾਸੀ ਕਲਿਆਣ ਬੋਰਡ' ਦਾ ਗਠਨ ਸਰਮਾਏਦਾਰਾਂ ਨੂੰ ਇਹ ਭਰੋਸਾ ਦਿਵਾਉਣ ਲਈ ਵੀ ਕੀਤਾ ਗਿਆ ਹੈ ਕਿ ਪੰਜਾਬ ਸਰਕਾਰ 'ਪ੍ਰਵਾਸੀ' ਮਜ਼ਦੂਰਾਂ ਵਿੱਚ 'ਵਿਸ਼ਵਾਸ' ਬਹਾਲ ਕਰਨ ਲਈ ਕੁੱਝ ਨਾ ਕੁੱਝ ਕਰ ਰਹੀ ਹੈ. ਗੌਰਤਲਬ ਹੈ ਕਿ 'ਪੰਜਾਬ ਪ੍ਰਵਾਸੀ ਕਲਿਆਣ ਬੋਰਡ' ਦਾ ਪ੍ਰਧਾਨ ਅੰਮ੍ਰਿਤਸਰ ਦੇ ਇੱਕ ਸਨਅਤਕਾਰ ਆਰ. ਸੀ. ਯਾਦਵ ਨੂੰ ਬਣਾਇਆ ਗਿਆ ਹੈ। ਹੋਰ ਅਹੁਦੇਦਾਰ ਵੀ ਬੇਹੱਦ ਭ੍ਰਿਸ਼ਟ ਕਿਸਮ ਦੇ ਵਿਅਕਤੀ ਹਨ ਜਿਨ੍ਹਾਂ ਨੂੰ 'ਆਪਣੇ' 'ਪ੍ਰਵਾਸੀ' ਲੋਕਾਂ ਦੀਆਂ ਸਮੱਸਿਆਵਾਂ ਹੱਲ ਕਰਨ 'ਚ ਕੋਈ ਦਿਲਚਸਪੀ ਨਹੀਂ ਹੈ। ਉਦਾਹਰਣ ਦੇ ਤੌਰ 'ਤੇ, ਬੋਰਡ ਦਾ ਉਪ-ਪ੍ਰਧਾਨ ਠਾਕਰ ਵਿਸ਼ਵਾਸ ਪ੍ਰਤਾਪ ਸਿੰਘ ਨੂੰ ਬਣਾਇਆ ਗਿਆ ਹੈ।

ਜੇਕਰ ਪੰਜਾਬ ਸਰਕਾਰ ਸੱਚਮੁੱਚ ਹੀ ਪੰਜਾਬ ਵਿੱਚ ਹੋਰ ਰਾਜਾਂ ਤੋਂ ਆਏ ਲੋਕਾਂ ਦੀ ਬੇਹਤਰੀ ਲਈ ਕੁੱਝ ਕਰਨਾ ਚਾਹੁੰਦੀ ਤਾਂ ਉਸ ਨੂੰ ਕੋਈ ਅਲੱਗ ਬੋਰਡ ਬਣਾਉਣ ਦੀ ਲੋੜ ਨਹੀਂ ਸੀ। ਉਦਾਹਰਣ ਲਈ, ਪੰਜਾਬ ਦੀਆਂ ਸਨਅਤਾਂ ਦੀ ਹੀ ਹਾਲਤ ਦੇਖ ਲਈ ਜਾਵੇ। ਪੰਜਾਬ ਦੀਆਂ ਸਨਅਤਾਂ ਵਿੱਚ ਵੱਧ ਤੋਂ ਵੱਧ ਹੋਰ ਰਾਜਾਂ ਤੋਂ ਆਏ ਮਜ਼ਦੂਰ ਕੰਮ ਕਰਦੇ ਹਨ। ਸਨਅਤਾਂ ਵਿੱਚ ਕੰਮ ਕਰਨ ਵਾਲ਼ੇ ਸਾਰੇ ਮਜ਼ਦੂਰ-ਭਾਵੇ ਉਹ ਪੰਜਾਬ ਵਿੱਚ ਪਹਿਲਾਂ ਤੋਂ ਰਹਿ ਰਹੇ ਹੋਣ, ਭਾਵੇ ਹੋਰ ਰਾਜਾਂ ਤੋਂ ਆਏ ਹੋਣ ਸਾਰੇ ਨਰਕੀ ਜੀਵਨ ਜੀਊਂਣ ਲਈ ਮਜਬੂਰ ਹਨ। ਉਹ 12-14 ਘੰਟੇ ਕੰਮ ਕਰਦੇ ਹਨ ਪਰ ਬੇਹੱਦ ਗਰੀਬੀ ਵਿੱਚ ਜੀਅ ਰਹੇ ਹਨ। ਸਨਅਤਾਂ ਵਿੱਚ ਕੋਈ ਕਿਰਤ ਕਾਨੂੰਨ ਲਾਗੂ ਨਹੀਂ ਹਨ। ਅੱਠ ਘੰਟੇ ਦਿਹਾੜੀ ਦੇ ਕਾਨੂੰਨ ਦੀਆਂ ਸਨਅਤਕਾਰ ਖੁੱਲ੍ਹੇ ਆਮ ਧੱਜੀਆਂ ਉਡਾ ਰਹੇ ਹਨ। ਉੱਥੇ ਨਾ ਤਾਂ ਮਜ਼ਦੂਰ ਦੇ ਸ਼ਨਾਖਤੀ ਕਾਰਡ ਬਣਦੇ ਹਨ, ਨਾ ਹੀ ਈ. ਐਸ. ਆਈ. ਕਾਰਡ। ਜ਼ਿਆਦਾਤਰ ਦੇ ਨਾਂ ਪੱਕੇ ਰਜਿਸਟਰ

’ਤੇ ਨਹੀਂ ਹੁੰਦੇ। ਉਹਨਾਂ ਦੇ ਪੱਕੇ ਹਾਜ਼ਰੀ ਕਾਰਡ ਨਹੀਂ ਬਣਦੇ। ਸਨਅਤਾਂ ਵਿੱਚ ਮਜ਼ਦੂਰਾਂ ਦੀ ਸੁਰੱਖਿਆ ਦੇ ਉੱਚਿਤ ਪ੍ਰਬੰਧ ਨਹੀਂ ਹੁੰਦੇ। ਆਮ ਤੌਰ ’ਤੇ ਹੋਣ ਵਾਲ਼ੇ ਹਾਦਸਿਆਂ ਵਿੱਚ ਮਜ਼ਦੂਰ ਆਪਣੇ ਹੱਥ-ਪੈਰ ਵਢਾਉਂਦੇ ਰਹਿੰਦੇ ਹਨ ਅਤੇ ਮਰਦੇ ਰਹਿੰਦੇ ਹਨ। ਕਾਰਖਾਨਾਂ ਮਾਲਕਾਂ ਦੇ ਜ਼ੁਲਮਾਂ ਅਤੇ ਜ਼ੁਰਮਾਂ ਦੀ ਲਿਸਟ ਬਹੁਤ ਲੰਮੀ ਹੈ। ਉਹਨਾਂ ਦੀ ਲੁੱਟ ਦੇ ਸ਼ਿਕਾਰ ਮਜ਼ਦੂਰਾਂ ਦੀ ਕਹਾਣੀ ਬਹੁਤ ਦਰਦਨਾਕ ਹੈ। ਕਾਰਖਾਨਾਂ ਮਾਲਕਾਂ ਦੇ ਇਹਨਾਂ ਅਪਰਾਧਾਂ ਅਤੇ ਮਜ਼ਦੂਰਾਂ ਦੀ ਦਰਦਨਾਕ ਹਾਲਤ ਨਾ ਤਾਂ ਸਕਰਾਰ ਤੋਂ ਲੁਕੀ ਹੋਈ ਹੈ, ਨਾ ਕਿਰਤ ਵਿਭਾਗ ਤੋਂ, ਨਾ ਪੁਲਿਸ ਤੋਂ, ਨਾ ਪ੍ਰਸ਼ਾਸ਼ਨ ਤੋਂ। ਗਰੀਬਾਂ ਦੇ ਹੋਰ ਹੱਕ, ਅਧਿਕਾਰਾਂ, ਲੋੜਾਂ ਦੀ ਗੱਲ ਹੀ ਛੱਡੋ ਜੇਕਰ ਸਿਰਫ਼ ਸਨਅਤਾਂ ’ਚ ਅੱਧੇ ਕਿਰਤ ਕਾਨੂੰਨ ਵੀ ਲਾਗੂ ਹੋ ਜਾਣ ਤਾਂ ਪੰਜਾਬ ਵਿੱਚ ਹੋਰ ਰਾਜਾਂ ਤੋਂ ਆਏ ਮਜ਼ਦੂਰਾਂ ਸਹਿਤ ਸਾਰੇ ਮਜ਼ਦੂਰਾਂ ਦੀ ਜ਼ਿੰਦਗੀ ਵਿੱਚ ਕੁੱਝ ਬੇਹਤਰੀ ਆ ਸਕਦੀ ਹੈ। ਪਰ ਕਾਨੂੰਨ ਲਾਗੂ ਕਰਵਾਉਣ ਵਾਲ਼ੇ ਆਪਣੇ ਹੀ ਮਾਲਕਾਂ ਵਿਰੁੱਧ ਕਾਰਵਾਈ ਕਿਵੇਂ ਕਰ ਸਕਦੇ ਹਨ?

‘ਪੰਜਾਬ ਪ੍ਰਵਾਸੀ ਕਲਿਆਣ ਬੋਰਡ’ ਜ਼ਰੀਏ ਪੰਜਾਬ ਸਰਕਾਰ ਕੁੱਝ ਨਾ ਕੁੱਝ ਡਰਾਮੇ ਕਰਦੀ ਰਹੇਗੀ. ਪਰ ਇਸ ਨਾਲ਼ ਮਜ਼ਦੂਰਾਂ ਦੀ ਜ਼ਿੰਦਗੀ ਵਿੱਚ ਕੋਈ ਬੇਹਰਤਰੀ ਨਹੀਂ ਆਉਣ ਵਾਲ਼ੀ ਹੈ। ਊਂਠ ਦੇ ਮੂੰਹ ਵਿੱਚ ਜੀਰੇ ਬਰਾਬਰ ਫੰਡ ਜਾਰੀ ਹੁੰਦੇ ਰਹਿਣਗੇ ਜਿਸ ’ਚੋਂ ਜ਼ਿਆਦਾਤਰ ਬੋਰਡ ਵਾਲ਼ੇ ਹੀ ਖਾਂਦੇ ਰਹਿਣਗੇ। ਅਸਲ ’ਚ ਫੰਡ ਜਾਰੀ ਵੀ ਇਸੇ ਲਈ ਹੁੰਦੇ ਹਨ। ਢੰਡਾਰੀ ਕਾਂਡ ਦੇ ਪੀੜਤਾਂ ਲਈ ਵੀ ਇਸ ਬੋਰਡ ਜਰੀਏ ਸਿਰਫ਼ 17 ਲੱਖ ਰੁ. ਦੇਣ ਦਾ ਐਲਾਨ ਕੀਤਾ ਗਿਆ ਹੈ। ਇਹ ਵੀ ਇਸ ਅਖੌਤੀ ਪ੍ਰਵਾਸੀ ਕਲਿਆਣ ਬੋਰਡ ਦੇ ਮੋਹਰੀਆਂ ਨੇ ਆਪਣੇ ਚਹੇਤਿਆਂ ਵਿੱਚ ਵੰਡ ਦਿੱਤੇ ਹਨ।

ਮਜ਼ਦੂਰਾਂ ਕੋਲ਼ ਪੰਜਾਬੀ-ਪ੍ਰਵਾਸੀ ਦੇ ਤੁਅੱਸਬ ਤੋਂ ਖਹਿੜਾ ਛੁਡਾਕੇ ਅਤੇ ਇੱਕ ਜੁੱਟ ਹੋ ਕੇ ਆਪਣੇ ਹੱਕਾਂ ਦੀ ਲੜਾਈ ਲੜਨ ਦੇ ਸਿਵਾ ਹੋਰ ਕੋਈ ਰਾਹ ਨਹੀਂ ਹੈ। ਸਿਰਫ਼ ਦਿਖਾਵੇ ਲਈ ਬਣਾਏ ਜਾਣ ਵਾਲ਼ੇ ਕਿਰਤ ਵਿਭਾਗ, ਕਲਿਆਣ ਬੋਰਡਾਂ ਆਦਿ ਨਾਲ਼ ਮਜ਼ਦੂਰਾਂ ਦਾ ਕੋਈ ਕਲਿਆਣ ਹੋਣ ਵਾਲ਼ਾ ਨਹੀਂ ਹੈ। □

## ਭਾਰਤੀ ਗਣਰਾਜ ਅਤੇ ਸੰਵਿਧਾਨ ਦੇ ਸੱਠ ਵਰ੍ਹੇ

(ਸਫ਼ਾ 5 ਦਾ ਬਾਕੀ)

ਕਾਰਨ ਭਾਰਤੀ ਪੂੰਜੀਪਤੀ ਜਮਾਤ ਦੇ ਸਿਆਸੀ ਪ੍ਰਤੀਨਿੱਧ ਫਿਰਕਾਪ੍ਰਸਤ ਸਿਆਸਤ ਅਤੇ ਦੇਸ਼ ਵੰਡ ਦੇ ਬਸਤੀਵਾਦੀ ਕੁਚੱਕਰ ਨੂੰ ਨਾ ਕੇਵਲ ਰੋਕਣ ’ਚ ਅਸਫਲ ਰਹੇ, ਸਗੋਂ ਕਈ ਮੁਕਾਮਾਂ ’ਤੇ ਖੁਦ ਇਸ ਪ੍ਰਕਿਰਿਆ ’ਚ ਸਹਾਇਕ ਬਣ ਗਏ ਅਤੇ ਅੰਤ ’ਚ ਵੰਡ ਦੇ ਫੈਸਲੇ ਨੂੰ ਪ੍ਰਵਾਨ ਕੀਤਾ। 1909 ਦੇ ਕਾਨੂੰਨ ਤਹਿਤ ਕੇਂਦਰੀ ਕਾਉਂਸਿਲ ਦੇ 68 ਪ੍ਰਤੀਨਿਧੀਆਂ ’ਚੋਂ 36 ਸਰਕਾਰੀ ਅਧਿਕਾਰੀ ਅਤੇ 5 ਗੈਰ-ਸਰਕਾਰੀ ਵਿਅਕਤੀ ਨਾਮਜ਼ਦ ਕੀਤੇ ਜਾਂਦੇ ਸਨ। 27 ਚੁਣੇ ਪ੍ਰਤੀਨਿਧੀਆਂ ’ਚੋਂ 6 ਦੀ ਚੋਣ ਵੱਡੇ ਜਗੀਰਦਾਰ ਅਤੇ 2 ਦੀ ਅੰਗਰੇਜ਼ ਸਰਮਾਏਦਾਰ ਕਰਦੇ ਸਨ। ਬਾਕੀ 19 ਸੀਟਾਂ ਸਧਾਰਨ ਅਤੇ ਮੁਸਲਿਮ ਚੋਣ ਮੰਡਲਾਂ ’ਚ ਵੰਡੀਆਂ ਹੋਈਆਂ ਸਨ, ਜਿਸ ’ਚ ਮੁਸਲਿਮ ਵੋਟਰਾਂ ਨੂੰ ਤਾਂ ਸਿੱਧਾ ਵੋਟ ਦਾ ਅਧਿਕਾਰ ਹਾਸਲ ਸੀ, ਪਰ ਸਾਧਾਰਨ ਸ਼੍ਰੇਣੀ ਦੀਆਂ ਸੀਟਾਂ ’ਤੇ ਅਸਿੱਧੀ ਚੋਣ ਦੋ ਤਿੰਨ ਪੜਾਵਾਂ ’ਚ ਹੁੰਦੀ ਸੀ। ਉੱਤੋਂ ਇਹ ਕਿ ਇਸ ਤਰ੍ਹਾਂ ਨਾਲ਼ ਬਣੀਆਂ ਇਹਨਾਂ ਵਿਧਾਨ ਪ੍ਰੀਸ਼ਦਾਂ ਦੀ ਹੈਸੀਅਤ ਵੀ ਵਾਇਸਰਾਏ ਅਤੇ ਉੱਚ ਪ੍ਰਸ਼ਾਸਕਾਂ ਦੇ ਫੈਸਲਿਆਂ ’ਚ ਦਖਲ ਅੰਦਾਜੀ ਕਰਨ ਦੀ ਨਹੀਂ ਬਣਦੀ ਸੀ। ਸੂਬਾਈ ਵਿਧਾਨ ਪ੍ਰੀਸ਼ਦਾਂ ਦੀ ਵੀ ਇਹੀ ਹਾਲਤ ਸੀ। ਇਸ ਕਾਨੂੰਨ ਦਾ ਮੁੱਖ ਉਦੇਸ਼ ਸੰਪਤੀਸ਼ਾਲੀ ਜਮਾਤਾਂ ’ਚ ਬਸਤੀਵਾਦੀ ਸ਼ਾਸਨ ਦਾ ਅਧਾਰ ਵਿਆਪਕ ਬਣਾਉਣਾ ਸੀ ਅਤੇ ਨਾਲ਼ ਹੀ ਫਿਰਕਾਪ੍ਰਸਤ ਜਾਤੀਗਤ ਅਧਾਰ ’ਤੇ ਲੋਕਾਂ ਨੂੰ ਵੰਡਣਾ ਸੀ। □

(ਬਾਕੀ ਹਿੱਸਾ ਅਗਲੇ ਅੰਕ ’ਚ)

## ਭੁੱਖ ਦੀ ਫੈਲਦੀ ਮੰਡੀ

(ਸਫ਼ਾ 18 ਦਾ ਬਾਕੀ)

ਕੰਪਨੀਆਂ ਦੀਆਂ ਮੰਡੀਆਂ ਵਧਾਉਣ ਲਈ ਵੱਖ-ਵੱਖ ਦੇਸ਼ਾਂ ’ਚ ਅੰਨ ਅਤੇ ਪੋਸ਼ਣ ਕਾਨੂੰਨਾਂ ਨੂੰ ਆਪਣੇ ਅਨੁਕੂਲ ਬਣਾਉਣ ਲਈ ਵੀ ਯਤਨ ਕਰ ਰਹੇ ਹਨ। ਭਾਰਤੀ ਸੰਸਦ ਮੈਂਬਰਾਂ ਦਰਮਿਆਨ ਗੇਨ ਨੇ ਇੱਕ ਬੈਠਕ ਕਰਕੇ ਉਹਨਾਂ ਨੂੰ ਫੋਰਟੀਫਾਇਡ ਫੂਡ ਦੇ ਫਾਇਦੇ ਦੱਸੇ। ਇਸ ਦਾ ਪ੍ਰਭਾਵ ਵੀ ਰੰਗ ਲਿਆਉਣ ਲੱਗਿਆ ਹੈ। ਸੰਸਦ ਮੈਂਬਰ ਸੱਚਿਨ ਪਾਇਲਟ ਵਿਟਾਮਿਨ ਏ ਭਰਪੂਰ ਨਕਲੀ ਪੋਸ਼ਕ ਖੁਰਾਕ ਦੇ ਪ੍ਰਬਲ ਸਮਰਥਕ ਬਣ ਗਏ ਹਨ। ਪਿਛਲੇ ਸੰਸਦ ਬੁਲੇਟਿਨ ’ਚ ਉਹ ਇਸ ਦੀ ਜ਼ੋਰਦਾਰ ਵਕਾਲਤ ਵੀ ਕਰ ਚੁੱਕੇ ਹਨ।

ਗੇਨ ਕੁਪੋਸ਼ਣ ਦੀ ਸਮੱਸਿਆ ਦਾ ਹੱਲ ਮੰਡੀ ’ਚ ਲੱਭਦਾ ਹੈ। ਗੇਨ ਦਾ ਉਦੇਸ਼ ਭਾਰਤ ’ਚ ਪੋਸ਼ਣ ਖੁਰਾਕ ਲਈ ਇੱਕ ਅਰਬ ਲੋਕਾਂ ਦੀ ਮੰਡੀ ਉਸਾਰਨਾ ਹੈ। ਗੇਨ ਨੇ ਹੁਣੇ-ਹੁਣੇ ਹੈਦਰਾਬਾਦ ’ਚ ਹੀ ਬ੍ਰਿਟਾਨਿਆ ਨਾਮਕ ਕੰਪਨੀ ਨੂੰ ਇੱਕ ਲੱਖ ਬੱਚਿਆਂ ਤੱਕ ਆਪਣਾ ਅਖੌਤੀ ਪੋਸ਼ਕ ਉਤਪਾਦ ਪਹੁੰਚਾਉਣ ਦਾ ਮੌਕਾ ਉਪਲਬਧ ਕਰਾਇਆ ਹੈ। ਇਸ ਤਰ੍ਹਾਂ ਕੁਪੋਸ਼ਣ ਨੇ ਇਸ ਮੰਡੀ ’ਚ ਵੱਡੀਆਂ ਕੰਪਨੀਆਂ ਨੂੰ ਵੱਡੀ ਮੰਡੀ ਬਣਾਉਣ ਦੇ ਵਿਆਪਕ ਮੌਕੇ ਉਪਲਬਧ ਹੋ ਰਹੇ ਹਨ। ਇਸ ਝੱਟਪਟ ਹੱਲ ਦੀ ਆਪਾਧਾਪੀ ’ਚ ਭੁੱਖ ਅਤੇ ਕੁਪੋਸ਼ਣ ਦੇ ਮੂਲ ਸਵਾਲ ਦੱਬ ਗਏ ਹਨ। ਇਨ੍ਹਾਂ ਸਵਾਲਾਂ ਦਾ ਫਾਸਟ-ਫੂਡ ਸਟਾਇਲ ਵਾਲ਼ਾ ਜਵਾਬ ਸਥਾਈ ਹੱਲ ਦੇ ਨਹੀਂ ਸਕਦਾ ਕਿਉਂਕਿ ਭੁੱਖ ਮਹਿਜ਼ ਇੱਕ ਸਮੱਸਿਆ ਨਹੀਂ ਸਾਮਰਾਜਵਾਦ ਦੀ ਮੁੰਕਮਲ ਨੀਤੀ ਹੈ। ਜਦੋਂ ਤੱਕ ਨੀਤੀਆਂ ’ਤੇ ਸੱਟ ਨਹੀਂ ਵੱਜੇਗੀ ਭੁੱਖ ਦੀ ਮੰਡੀ ਵੱਧਦੀ ਫੁੱਲਦੀ ਰਹੇਗੀ।

(ਲੇਖਕ ਲੋਕ ਸਿਹਤ ਵਿਗਿਆਨਕ ਅਤੇ ਕੌਮੀ ਹੋਮਿਓਪੈਥਿਕ ਡਾਕਟਰ ਹਨ।) □

*ਆਸਾਰਾਮ ਬਾਪੂ ਕਤਲ ਅਤੇ ਸੰਪੱਤੀ ਕਬਜ਼ੇ ਦੇ ਮਾਮਲੇ 'ਚ ਫਸਿਆ*

# ਧਾਰਮਕ ਪੂੰਜੀਵਾਦ ਦੇ ਅਪਰਾਧ ਜਾਂ ਅਪਰਾਧੀ ਪੂੰਜੀਵਾਦ ਦਾ ਧਰਮ?

● **ਸੁਜੈ**

ਪਿਛਲੇ ਦਿਨੀਂ ਆਸਾਰਾਮ ਬਾਪੂ ਦੇ ਮੱਠਾਂ 'ਚ ਚਾਰ ਰਹੱਸਮਈ ਮੌਤਾਂ ਹੋਈਆਂ। ਆਸਾਰਾਮ ਬਾਪੂ ਦੇ ਅਹਿਮਦਾਬਾਦ ਅਤੇ ਛਿੰਦਵਾੜਾ ਦੇ ਆਸ਼ਰਮਾਂ 'ਚ ਇੱਕ ਮਹੀਨੇ ਦਰਮਿਆਨ ਚਾਰ ਬੱਚਿਆਂ ਦੀਆਂ ਮੌਤਾਂ ਹੋਈਆਂ। ਇਸ ਮਗਰੋਂ ਆਸਾਰਾਮ ਬਾਪੂ ਦੇ ਆਸ਼ਰਮ 'ਚ ਹੋਣ ਵਾਲ਼ੀ ਕ੍ਰਿਆ-ਕਲਾਪਾਂ ਬਾਰੇ ਲਗਾਤਾਰ ਸਵਾਲ ਖੜ੍ਹੇ ਹੋ ਰਹੇ ਹਨ। ਪੜਤਾਲ਼ੀਆ ਟੀਮ ਨੇ ਜਦੋਂ ਆਸ਼ਰਮ ਦੇ ਲੋਕਾਂ ਤੋਂ ਪੁੱਛਗਿੱਛ ਨੂੰ ਅੱਗੇ ਵਧਾਉਣ ਸ਼ੁਰੂ ਕੀਤਾ ਤਾਂ ਮੁਲਕ ਦੇ ਵੱਖ-ਵੱਖ ਹਿੱਸਿਆਂ 'ਚ ਆਸਾਰਾਮ ਦੇ ਚੇਲਿਆਂ ਨੇ ਹੁੜਦੁੰਗ ਮਚਾਉਣਾ ਸ਼ੁਰੂ ਕਰ ਦਿੱਤਾ। ਆਪਣੇ ਚੇਲਿਆਂ ਦੀ ਭਗਤੀ ਤੋਂ ਹਿੰਮਤ ਹਾਸਲ ਕਰ ਆਸਾਰਾਮ ਬਾਪੂ ਨੇ ਵੀ ਸੱਤ੍ਹਾ ਤੋਂ ਲੈ ਕੇ ਨਿਆਪਾਲਿਕਾ ਤੱਕ ਨੂੰ ਚੁਣੌਤੀ ਦੇ ਦਿੱਤੀ ਕਿ ਜੇਕਰ ਹਿੰਮਤ ਹੈ ਤਾਂ ਉਸ ਨੂੰ ਗ੍ਰਿਫ਼ਤਾਰ ਕਰਕੇ ਦਿਖਾਵੇ। ਸੁਪਰੀਮ ਕੋਰਟ ਨੇ ਆਸਾਰਾਮ ਨੂੰ ਇਸ ਮਾਮਲੇ 'ਚ ਕਿਸੇ ਵੀ ਕਿਸਮ ਦੀ ਰਾਹਤ ਦੇਣ ਤੋਂ ਸਾਫ਼ ਇਨਕਾਰ ਕਰ ਦਿੱਤਾ, ਪਰ ਜਿਵੇਂ ਕਿ ਉਮੀਦ ਕੀਤੀ ਜਾ ਸਕਦੀ ਸੀ ਇਸ ਧਾਰਮਿਕ ਗੁਰੂ ਖਿਲਾਫ਼ ਹੁਣ ਤੱਕ ਕੋਈ ਕਾਰਵਾਈ ਨਹੀਂ ਹੋ ਸਕੀ ਹੈ। ਅੱਗੇ ਵੀ ਕੋਈ ਕਾਰਵਾਈ ਹੋਵੇਗੀ ਇਸ ਦੀ ਉਮੀਦ ਘੱਟ ਹੀ ਹੈ। ਇਸ ਤੋਂ ਪਹਿਲਾਂ ਵੀ ਆਸਾਰਾਮ ਬਾਪੂ 'ਤੇ ਕਈ ਅਪਰਾਧਿਕ ਮਾਮਲੇ ਦਰਜ਼ ਕੀਤੇ ਜਾ ਚੁੱਕੇ ਹਨ ਜਿਨ੍ਹਾਂ 'ਚ ਜ਼ਿਆਦਤਰ ਸੰਪੱਤੀ 'ਤੇ ਕਬਜ਼ਾ ਕਰਨ ਬਾਰੇ ਹਨ। ਵਿੱਚ-ਵਿੱਚ 'ਚ ਹੋਰ ਕਈ ਇਲਜ਼ਾਮ ਵੀ ਆਸਾਰਾਮ ਬਾਪੂ 'ਤੇ ਲੱਗਦੇ ਰਹੇ ਹਨ।

ਆਸਾਰਾਮ ਬਾਪੂ ਨੇ ਆਪਣੇ ਧਾਰਮਿਕ ਕੈਰੀਅਰ ਦੀ ਸ਼ੁਰੂਆਤ ਜਿਸ ਜਗ੍ਹਾਂ ਤੋਂ ਕੀਤੀ ਸੀ ਉੱਥੋਂ ਦੇ ਹੀ ਇੱਕ ਨਿਵਾਸੀ ਅਸ਼ੋਕ ਠਾਕਰੇ ਨੇ ਆਸਾਰਾਮ ਬਾਪੂ ਵਿਰੁੱਧ ਉਹਨਾਂ ਦੀ ਪਰਿਵਾਰਕ ਭੂਮੀ ਦੇ 5 ਏਕੜ 'ਤੇ ਕਬਜ਼ੇ ਦਾ ਇਲਜ਼ਾਮ ਲਗਾਇਆ ਹੈ ਕਿ ਉਹਨਾਂ ਨੇ ਗੁਰੂ ਪੂਰਨਮਾਸ਼ੀ ਦੇ ਦਿਨ ਉਹਨਾਂ ਦੀ 5 ਏਕੜ ਜ਼ਮੀਨ 'ਤੇ ਕੈਂਪ ਲਗਾਉਣ ਲਈ ਉਹਨਾਂ ਦੇ ਪਿਤਾ ਤੋਂ ਆਗਿਆ ਮੰਗੀ ਜਿਹੜੀ ਉਹਨਾਂ ਦੇ ਪਿਤਾ ਨੇ ਦੇ ਦਿੱਤੀ। ਪਰ ਇਸ ਮਗਰੋਂ ਉਹ ਜ਼ਮੀਨ ਕਦੇ ਉਹਨਾਂ ਨੂੰ ਵਾਪਸ ਨਹੀਂ ਮਿਲੀ। ਇਸੇ ਤਰ੍ਹਾਂ ਸੂਰਤ ਕੋਲ਼ ਜਹਾਂਗੀਰਪੁਰ 'ਚ ਇੱਕ ਕਿਸਾਨ ਅਕੀਲ ਵਿਆਸ ਦੀ 34,400 ਵਰਗ ਮੀਟਰ ਜ਼ਮੀਨ 'ਤੇ ਆਸਾਰਾਮ ਬਾਪੂ ਦੇ ਆਸ਼ਰਮ ਨੇ ਕਬਜ਼ਾ ਕਰ ਲਿਆ। ਗੁਜਰਾਤ ਸਰਕਾਰ ਤਾਂ ਪੂਰੀ ਦੀ ਪੂਰੀ ਹੀ ਆਸਾਰਾਮ ਬਾਪੂ ਦੀ ਚੇਲਾ ਮੰਡਲੀ ਨਜ਼ਰ ਆਉਂਦੀ ਹੈ ਕਿਉਂਕਿ ਉਸ ਨੇ ਇਸ ਗ਼ੈਰ-ਕਾਨੂੰਨੀ ਕਬਜ਼ੇ ਨੂੰ ਜ਼ਾਇਜ਼ ਕਰਾਰ ਦੇ ਦਿੱਤਾ। ਭਾਵੇਂ ਮਗਰੋਂ ਗੁਜਰਾਤ ਹਾਈਕੋਰਟ ਨੇ ਇਸ ਨੂੰ ਗ਼ੈਰ-ਕਾਨੂੰਨੀ ਠਹਿਰਾਇਆ ਅਤੇ ਇਹ ਮਾਮਲਾ ਹੁਣ ਕੋਰਟ 'ਚ ਚੱਲ ਰਿਹਾ ਹੈ। ਦਿੱਲੀ ਦੇ ਰਾਜੌਰੀ ਗਾਰਡਨ ਦੀ ਸੁਦਰਸ਼ਨ ਕੁਮਾਰੀ ਦੇ ਮਕਾਨ ਦੇ ਗਰਾਉਂਡ ਫਲੋਰ 'ਤੇ ਆਸਾਰਾਮ ਬਾਪੂ ਦੇ ਆਸ਼ਰਮ ਨੇ ਕਬਜ਼ਾ ਕਰ ਲਿਆ ਹੈ। ਇਹ ਮਾਮਲਾ ਵੀ ਕੋਰਟ 'ਚ ਹੈ। ਆਸਾਰਾਮ ਬਾਪੂ ਨੇ ਤਾਂ ਸਰਕਾਰ ਤੱਕ ਨੂੰ ਨਹੀਂ ਛੱਡਿਆ। ਬਿਹਾਰ ਸਰਕਾਰ ਨੇ ਇਲਜ਼ਾਮ ਲਾਇਆ ਹੈ ਕਿ ਆਸਾਰਾਮ ਬਾਪੂ ਨੇ ਪਟਨਾ 'ਚ ਬਿਹਾਰ ਸਰਕਾਰ ਦੀ ਜ਼ਮੀਨ 'ਤੇ ਕਬਜ਼ਾ ਕਰ ਲਿਆ ਹੈ। ਨਾਲ਼ ਹੀ, ਆਸਾਰਾਮ ਬਾਪੂ 'ਤੇ ਰਤਲਾਮ 'ਚ 4.7 ਕਰੋੜ ਰੁ. ਦੀ ਬਿਜਲੀ ਚੋਰੀ ਦਾ ਇਲਜ਼ਾਮ ਹੈ। ਇਹ ਤਾਂ ਬੱਸ ਕੁੱਝ ਉਦਾਹਰਣਾਂ ਹਨ। ਆਸਾਰਾਮ ਬਾਪੂ ਦੇ ਇਲਾਵਾ ਕੋਈ ਵੀ ਅਜਿਹਾ ਧਾਰਮਿਕ ਬਾਬਾ ਨਹੀਂ ਹੈ ਜਿਹੜਾ ਗ਼ੈਰ-ਕਾਨੂੰਨੀ ਸੰਪੱਤੀ ਇਕੱਠੀ ਕਰਨ, ਹੱਤਿਆ, ਬਲਾਤਕਾਰ, ਚੋਰੀ ਆਦਿ ਜਿਹੇ ਮਾਮਲਿਆਂ 'ਚ ਫਸਿਆ ਨਾ ਹੋਵੇ.

ਹੁਣ ਮਨ 'ਚ ਸਹਿਜ ਹੀ ਇਹ ਸਵਾਲ ਉਠਦਾ ਹੈ ਕਿ ਧਰਮ ਨੂੰ ਇਨ੍ਹਾਂ ਮੋਹ-ਮਾਇਆ ਦੀਆਂ ਚੀਜ਼ਾਂ ਤੋਂ ਕੀ ਲੈਣਾ-ਦੇਣਾ ? ਧਾਰਮਕ ਬਾਬਿਆਂ ਦਾ ਸੰਪੱਤੀ, ਇਸਤਰੀ ਆਦਿ ਪ੍ਰਤੀ ਮੋਹ ਦਾ ਕੀ ਅਰਥ ? ਜਿੱਥੇ ਤੱਕ ਸੰਨਿਆਸੀ ਜੀਵਨ, ਸਾਧੂ ਜੀਵਨ ਦਾ ਸਵਾਲ ਹੈ ਤਾਂ ਇਹਨਾਂ ਦਾ ਸਬੰਧ ਤਾਂ ਪਰਲੋਕ ਨੂੰ ਸੁਧਾਰਣ ਲਈ ਹੁੰਦਾ ਹੈ। ਪਰ ਇਹਨਾਂ ਬਾਬਿਆਂ ਦੇ ਜੀਵਨ ਨੂੰ ਦੇਖ ਕੇ ਤਾਂ ਲੱਗਦਾ ਹੈ ਕਿ ਧਰਮ ਉਹਨਾਂ ਦੇ ਇਸੇ ਲੋਕ ਨੂੰ ਹੀ ਸਵਰਗ ਬਣਾਉਣ ਦਾ ਔਜ਼ਾਰ ਬਣ ਗਿਆ ਹੈ।

ਧਰਮ ਉਂਝ ਤਾਂ ਹਮੇਸ਼ਾ ਹੀ ਹਾਕਮ ਜਮਾਤਾਂ ਦੇ ਹੱਥਾਂ 'ਚ ਇੱਕ ਮਹੱਤਵਪੂਰਨ ਸੰਦ ਹੁੰਦਾ ਹੈ। ਸਾਧੂ, ਸੰਤਾਂ, ਪਾਦਰੀਆਂ, ਮੌਲਵੀਆਂ ਦਾ ਇਸਤੇਮਾਲ ਸਦਾ ਤੋਂ ਹੀ ਹਾਕਮਾਂ ਨੇ ਕੀਤਾ ਹੈ ਅਤੇ ਅੱਜ ਵੀ ਉਹ ਕਰ ਰਹੇ ਹਨ। ਜਗੀਰਦਾਰੀ ਦੇ ਦੌਰ 'ਚ ਵੀ ਯੂਰਪ ਵਿੱਚ ਚਰਚ ਰਾਹੀਂ ਅਤੇ ਸਾਡੇ ਇੱਥੋਂ ਪੁਰੋਹਿਤਾਂ-ਪੰਡਤਾਂ ਰਾਹੀਂ ਰਾਜੇ ਦੀ ਸੱਤ੍ਹਾ ਦੇ ਦੈਵੀ ਕਾਨੂੰਨੀਕਰਣ ਬਿਨ੍ਹਾਂ ਰਾਜੇ ਜਾਂ ਜਗੀਰਦਾਰ ਦੀ ਸੱਤ੍ਹਾ ਦਾ ਰਾਜਨੀਤਕ ਜਸਟੀਫਿਕੇਸ਼ਨ ਪੂਰਾ ਨਹੀਂ ਹੁੰਦਾ ਸੀ। ਜਾਹਿਰਾ ਤੌਰ 'ਤੇ ਅੰਤਮ ਜਸਟਿਫਿਕੇਸ਼ਨ ਤਾਂ ਤਾਕਤ ਨਾਲ਼ ਮਿਲਦਾ ਹੈ, ਪਰ ਹਾਕਮ ਜਮਾਤਾਂ ਦੇ ਗਲਬੇ ਲਈ ਇਹ ਵਿਚਾਰਕ ਜਸਟੀਫਿਕੇਸ਼ਨ ਬੇਹੱਦ ਜ਼ਰੂਰੀ ਹੁੰਦਾ ਹੈ। ਤਾਰਕਿਕ ਅਤੇ ਵਿਗਿਆਨਕ ਦ੍ਰਿਸ਼ਟੀ ਦੀ ਕਮੀ 'ਚ ਅਤੇ ਇੱਕ ਜਮਾਤੀ ਸਮਾਜ 'ਚ ਆਮ ਕਿਰਤੀ ਜੀਵਨ ਦੀ ਆਰਥਿਕ ਅਤੇ ਸਮਾਜਿਕ

ਅਸੁਰੱਖਿਆ ਕਾਰਨ ਸਮਾਜ ਦੇ ਆਮ ਕਿਰਤੀ ਜਗੀਰਦਾਰੀ ਦੇ ਦੌਰ ਤੋਂ ਪਹਿਲਾਂ ਹੀ ਧਰਮ ਦੀ ਸ਼ਰਨ 'ਚ ਜਾਂਦੇ ਰਹੇ ਹਨ। ਪੂੰਜੀਵਾਦ ਨੇ ਜਿੱਥੇ ਰਾਜ ਲਈ ਧਰਮ ਦੁਆਰਾ ਜ਼ਾਇਜ ਠਹਿਰਾਏ ਜਾਣ ਦੀ ਲੋੜ ਨੂੰ ਰੱਦ ਕਰ ਦਿੱਤਾ, ਉੱਥੇ ਨਾਗਰਿਕ ਸਮਾਜ (ਸਿਵਿਲ ਸੋਸ਼ਾਇਟੀ) 'ਚ ਹਾਕਮ ਜਮਾਤ ਦੇ ਕਿਲਿਆਂ ਦੇ ਰੂਪ 'ਚ ਧਾਰਮਿਕ ਉਸਾਰ ਢਾਂਚਿਆਂ ਦੀ ਲੋੜ ਹੋਰ ਵੀ ਵੱਧ ਗਈ। ਇਹੀ ਕਾਰਨ ਹੈ ਕਿ ਪੂੰਜੀਵਾਦ ਜਿਹੜਾ ਵਿਗਿਆਨਕਤਾ ਅਤੇ ਤਾਰਕਿਕਤਾ ਜਾਂ ਆਧੁਨਿਕਤਾ ਦਾ ਢੋਲ ਵਜਾਉਂਦੇ ਹੋਏ ਇਤਿਹਾਸ 'ਚ ਆਇਆ ਸੀ, ਉਸ ਨੇ ਜ਼ਿਆਦਾਤਰ ਥਾਵਾਂ 'ਤੇ ਦਿਖਾਉਣ ਲਈ ਰਾਜ ਦੇ ਮਾਮਲਿਆਂ 'ਚ ਧਰਮ ਦੇ ਸਿੱਧੇ ਦਖਲ ਨੂੰ ਖਤਮ ਕਰ ਦਿੱਤਾ (ਸਗੋਂ ਅਮਲ ਵਿੱਚ ਅਜਿਹਾ ਨਹੀਂ ਹੈ) ਪਰ ਸਮਾਜ 'ਚ ਇੱਕ ਅਜਿਹੀ ਅਸੁਰੱਖਿਆ ਅਤੇ ਅਲਿਹਦਗੀ ਦੀ ਸਥਿਤੀ ਪੈਦਾ ਕੀਤੀ ਗਈ ਕਿ ਧਰਮ ਦੇ ਨਵੇਂ-ਨਵੇਂ ਆਧੁਨਿਕ ਰੂਪਾਂ ਅਤੇ ਐਡੀਸ਼ਨਾਂ ਨੇ ਮਨੁੱਖੀ ਸਮਾਜ ਨੂੰ ਹੋਰ ਬੁਰੀ ਤਰ੍ਹਾਂ ਨਾਲ਼ ਜਕੜ ਲਿਆ। ਭਾਰਤ 'ਚ ਬੇਅੰਤ ਬਾਬਿਆਂ ਦਾ ਖੁੰਭਾਂ ਵਾਂਗ ਗਲੀਆਂ ਮੁਹੱਲਿਆਂ 'ਚ ਉੱਗ ਆਉਣ ਅਤੇ ਉਹਨਾਂ ਦੀਆਂ ਵਿਸ਼ਾਲ ਚੇਲਾ ਮੰਡਲੀਆਂ ਪੈਦਾ ਹੋਣ ਪਿੱਛੇ ਇਹੀ ਕਾਰਨ ਹੈ।

ਪਰ ਪੂੰਜੀਵਾਦ ਨੇ ਧਰਮ ਦੀ ਨਾ ਸਿਰਫ਼ ਵਰਤੋਂ ਕੀਤੀ ਸਗੋਂ ਉਸ ਨੂੰ ਖੁਦ ਹੀ ਇੱਕ ਪੂੰਜੀਵਾਦੀ ਅਦਾਰਾ ਬਣਾ ਦਿੱਤਾ ਹੈ। ਧਰਮ ਹੁਣ ਇੱਕ ਮਹਾਂ ਮੁਨਾਫੇ ਵਾਲ਼ਾ ਧੰਦਾ ਬਣ ਚੁੱਕਿਆ ਹੈ ਅਤੇ ਕਿਸੇ ਵੀ ਪੂੰਜੀਵਾਦੀ ਖੇਤਰ ਵਾਗੂੰ ਇਸ 'ਚ ਕਾਫ਼ੀ ਮੁਕਾਬਲਾ ਹੈ। ਮਾਰਕਸ ਨੇ ਕਿਹਾ ਸੀ ਕਿ ਪੂੰਜੀਵਾਦ ਹੁਣ ਤੱਕ ਦਾ ਸਭ ਤੋਂ ਗਤੀਮਾਨ ਉਤਪਾਦਨ ਢੰਗ ਹੈ ਉਹ ਆਪਣੀ ਦਿੱਖ ਦੇ ਅਨੁਸਾਰ ਇੱਕ ਸੰਸਾਰ ਦੀ ਰਚਨਾ ਕਰਦਾ ਹੈ। ਪੂੰਜੀਵਾਦ ਨੇ ਧਰਮ ਨਾਲ਼ ਅਜਿਹਾ ਹੀ ਕੀਤਾ ਹੈ। ਇਸਨੇ ਇਸ ਨੂੰ ਪੂੰਜੀਵਾਦੀ ਧਰਮ 'ਚ ਇਸ ਕਦਰ ਤਬਦੀਲ ਕਰ ਦਿੱਤਾ ਹੈ ਕਿ ਧਰਮ ਖੁਦ ਧੰਦਾ ਬਣ ਗਿਆ ਹੈ। ਅਜਿਹਾ ਪਹਿਲਾਂ ਕਦੇ ਨਹੀਂ ਹੋਇਆ ਸੀ, ਜੇਕਰ ਦੱਖਣ ਭਾਰਤ ਦੇ ਜਗੀਰੂ ਧਰਮ ਦੇ ਜਾਂ ਕੁੱਝ ਹੋਰ ਗੌਰਤਲਬ ਛੋਟਾਂ ਨੂੰ ਛੱਡ ਦੇਓ, ਜਿੱਥੇ ਮੰਦਰ ਅਰਥਚਾਰੇ ਦੇ ਰੂਪ 'ਚ ਮੰਦਰ ਹੀ ਸਭ ਤੋਂ ਵੱਡੇ ਜਗੀਰਦਾਰ ਬਣ ਗਏ ਹਨ। ਚਰਚ ਵੀ ਯੂਰਪ 'ਚ ਭੂਮੀਪਤੀ ਬਣ ਗਏ ਸਨ ਪਰ ਉਹ ਜਗੀਰਦਾਰੀ ਦੇ ਸਾਰੇ ਆਰਥਿਕ ਨਿਯਮਾਂ ਕਾਨੂੰਨਾਂ ਦੇ ਅਨੁਰੂਪ ਨਹੀਂ ਚੱਲਦੇ ਸਨ। ਅੱਜ ਪੂੰਜੀਵਾਦ ਨੇ ਧਰਮ ਨਾਲ਼ ਜੋ ਕੀਤਾ ਹੈ ਉਹ ਕੁੱਝ ਵੱਖਰਾ ਹੀ ਹੈ. ਇਹ ਧਰਮ ਦਾ ਪੂਰਨ ਕਾਰੋਬਾਰੀਕਰਣ ਹੈ ਨਾਲ਼ੇ ਜਿੱਥੇ ਵੀ ਕਾਰੋਬਾਰੀਕਰਨ ਹੁੰਦਾ ਹੈ, ਉੱਥੇ ਅਪਰਾਧੀਕਰਣ ਆਮ-ਮੁਹਾਰੇ ਹੀ ਹੁੰਦਾ ਹੈ। ਅੱਜ ਧਰਮ ਦੇ ਨਾਂ ਤੇ ਅਰਬਾਂ-ਖਰਬਾਂ ਦੇ ਵਾਰੇ-ਨਿਆਰੇ ਹੋ ਜਾਂਦੇ ਹਨ। ਮੱਠਾਂ ਵਿੱਚ ਦੇਸ਼ ਭਰ 'ਚ ਖਰਬਾਂ ਰੁਪਇਆਂ ਦੀ ਸੰਪੱਤੀ ਜਮ੍ਹਾ ਹੈ। ਕਈ ਬਾਬਿਆਂ ਦੇ ਤਾਂ ਆਪਣੇ ਨਿੱਜੀ ਹਵਾਈ ਜਹਾਜ ਅਤੇ ਹੈਲੀਪੈਡ ਤੱਕ ਹਨ। ਇਹ ਦੇਸ਼ ਦੇ ਕਿਸੇ ਵੀ ਅਰਬਪਤੀ-ਖਰਬਪਤੀ ਨੂੰ ਟੱਕਰ ਦੇ ਸਕਦੇ ਹਨ। ਖੁਦ ਆਸਾਰਾਮ ਬਾਪੂ ਦੇ ਦੇਸ਼ ਤੇ ਵਿਦੇਸ਼ ਦੇ ਮਿਲਾ ਕੇ ਕਰੀਬ 350 ਆਸ਼ਰਮ ਹਨ ਜਿਨ੍ਹਾਂ ਕੋਲ ਅਥਾਹ ਸੰਪੱਤੀ ਹੈ। ਅੱਜ ਸਵਾਮੀ ਰਾਮਦੇਵ ਇੱਕ ਧਾਰਮਿਕ ਬਾਬਾ ਤਾਂ ਹੈ ਹੀ, ਨਾਲ਼ ਹੀ ਉਹ ਪੰਤਜਲੀ ਕੰਪਨੀ ਦਾ ਸੀ. ਈ. ਓ. ਵੀ ਹੈ। ਜੀ ਹਾਂ, ਉਹ ਕਾਰਪੋਰੇਟ ਜਗਤ ਦਾ ਕੁਸ਼ਲ ਪ੍ਰਬੰਧਕ ਵੀ ਹੈ। ਸਵਾਮੀ ਰਾਮਦੇਵ ਬਾਬਿਆਂ ਦੀ ਨਵੀਂ ਪੈਦਾਵਾਰ 'ਚ ਸਭ ਤੋਂ ਆਧੁਨਿਕ ਹੈ ਅਤੇ ਨਾਲ਼ ਹੀ ਸਭ ਤੋਂ ਵੱਧ ਫਾਸ਼ੀਵਾਦੀ, ਧਾਰਮਿਕ ਫਾਸ਼ੀਵਾਦ ਅਤੇ ਫਾਸ਼ੀਵਾਦ ਕੌਮਵਾਦ ਨੂੰ ਆਪਣੇ ਪ੍ਰਵਚਨਾਂ ਦੀ ਚਾਸ਼ਨੀ 'ਚ ਢਾਲ ਕੇ ਸਵਾਮੀ ਰਾਮਦੇਵ ਨੇ ਭਾਰਤ 'ਚ ਫਾਸ਼ੀਵਾਦੀ ਉਭਾਰ ਨੂੰ ਮਦਦ ਪਹੁੰਚਾਉਣ ਦਾ ਹਰ ਸੰਭਵ ਯਤਨ ਕੀਤਾ ਹੈ। ਹੁਣੇ ਹੀ ਸਵਾਮੀ ਰਾਮਦੇਵ ਨੇ ਭਾਰਤ ਸਵਾਭਿਮਾਨ ਮੁਹਿੰਮ ਸ਼ੁਰੂ ਕੀਤੀ ਹੈ। ਇਹ ਮੁਹਿੰਮ ਹਰ ਤਰ੍ਹਾਂ ਨਾਲ਼ ਅੰਨ੍ਹੀ ਕੌਮਪ੍ਰਸਤੀ, ਮੁੜਸੁਰਜੀਤੀਵਾਦੀ, ਫਾਸ਼ੀਵਾਦੀ ਵਿਚਾਰਧਾਰਾ ਦਾ ਇੱਕ ਨਮੂਨਾ ਹੈ। ਸ਼੍ਰੀ ਸ਼੍ਰੀ ( ?!) ਰਵੀਸ਼ੰਕਰ ਦਾ 'ਆਰਟ ਆਫ਼ ਲਿਵਿੰਗ' ਤਾਂ ਸਿੱਧਾ ਸਿੱਧਾ ਫਾਸੀਵਾਦ ਨਾਲ਼ ਜੁੜਿਆ ਹੋਇਆ ਹੈ। ਚੇਤੇ ਰਹੇ ਕੇ ਮਹਾਰਾਸ਼ਟਰ 'ਚ ਫੜੇ ਗਏ ਹਿੰਦੂ ਫਾਸ਼ੀਵਾਦੀ ਦਹਿਸ਼ਤਗਰਦ ਰਵੀਸ਼ੰਕਰ ਦੇ ਆਰਟ ਆਫ਼ ਲਿਵਿੰਗ ਦੇ ਕੈਂਪ 'ਚ ਹੀ ਟ੍ਰੇਨਿੰਗ ਲੈ ਰਹੇ ਸਨ। ਜਦੋਂ ਕਿ ਰਵੀਸ਼ੰਕਰ ਨੇ ਇਸ ਤੋਂ ਪੱਲਾ ਝਾੜ ਲਿਆ ਹੈ ਅਤੇ ਜਿਹੋ ਜਿਹਾ ਸਾਡਾ 'ਧਰਮ—ਨਿਰਪੱਖ' ਰਾਜ ਹੈ ਇਸ ਨੇ ਕੁੱਝ ਵੀ ਨਹੀਂ ਕੀਤਾ। ਰਵੀਸ਼ੰਕਰ 'ਤੇ ਵੀ ਯੌਨ-ਸ਼ੋਸ਼ਣ, ਹੱਤਿਆ ਆਦਿ ਜਿਹੇ ਇਲਜਾਮ ਲੰਬੇ ਸਮੇਂ ਤੋਂ ਲੱਗਦੇ ਰਹੇ ਹਨ। ਪਰ ਹੁਣ ਤੱਕ ਸਾਰੇ ਧਾਰਮਿਕ ਬਾਬੇ ਅਤੇ ਗੁਰੂ ਢੰਡ ਸਹਿਤਾ ਦੇ ਦਾਇਰੇ ਤੋਂ ਬਾਹਰ ਰਹੇ ਹਨ। ਇੱਥੇ ਇੱਕ ਕਤਾਰ 'ਚ ਸਾਰੇ ਬਾਬਿਆਂ ਦੀਆਂ ਉਦਾਹਰਣਾਂ ਦੀ ਕੋਈ ਲੋੜ ਨਹੀਂ ਹੈ। ਇਨ੍ਹਾਂ ਸਾਰੇ ਬਾਬਿਆਂ ਨੂੰ ਸਾਰੇ ਲੀਡਰਾਂ ਅਤੇ ਵੋਟ ਪਾਰਟੀਆਂ ਦਾ ਸਮਰਥਨ ਅਤੇ ਸਹਿਯੋਗ ਹਾਸਲ ਹੈ। ਖਾਸ ਕਰਕੇ ਭਾਜਪਾ ਇਹਨਾਂ ਨੂੰ ਲੈ ਕੇ ਬਹੁਤ ਜਜ਼ਬਾਤੀ ਰਹਿੰਦੀ ਹੈ। ਆਸਾਰਾਮ ਬਾਪੂ ਦੇ ਫਸਣ 'ਤੇ ਵੀ ਇੱਕੋ ਇੱਕ ਭਾਜਪਾ ਉਸ ਨੂੰ ਬਚਾਉਣ ਆਈ। ਇਸ ਪਿੱਛੇ ਕਾਰਨ ਵੀ ਹੈ। ਅਡਵਾਨੀ ਖੁਦ ਆਸਾਰਾਮ ਬਾਪੂ ਕੋਲ਼ ਨਿਯਮਿਤ ਤੌਰ 'ਤੇ ਜਾਣ ਵਾਲ਼ੇ ਚੇਲਿਆਂ 'ਚੋਂ ਇੱਕ ਹੈ। ਨਰਿੰਦਰ ਮੋਦੀ ਦਾ ਵੀ ਇਸ ਆਪਰਾਧੀ ਬਾਬੇ ਨਾਲ਼ ਕਾਫੀ ਸਨੇਹ ਹੈ। ਇਹੀ ਕਾਰਨ ਹੈ ਕਿ ਤੁਸੀਂ ਗੁਜਰਾਤ ਦੇ ਰਾਜ ਦਫ਼ਤਰਾਂ, ਰਾਜ ਟਰਾਂਪੋਰਟ ਦੀਆਂ ਬੱਸਾਂ 'ਚ ਆਸਾਰਾਮ ਬਾਪੂ ਦੀਆਂ ਫੋਟੋਆਂ ਅਤੇ ਸੁਨੇਹੇ ਵੱਡੇ ਪੈਮਾਨੇ 'ਤੇ ਲੱਗੇ ਦੇਖੇ ਜਾ ਸਕਦੇ ਹਨ। ਉਸ ਦੇ ਕਈ ਚੇਲੇ ਤਾਂ ਭਾਜਪਾ ਦੇ ਮਹੱਤਵਪੂਰਣ ਅਹੁਦੇਦਾਰ ਵੀ ਹਨ! ਰਵੀਸ਼ੰਕਰ ਦੇ ਭਗਤਾਂ 'ਚ ਹਰ ਵੋਟ ਪਾਰਟੀ ਦੇ ਲੁੰਪਨ ਸ਼ਾਮਲ ਹਨ! ਉਸਦੇ ਆਰਟ ਆਫ਼ ਲਿਵਿੰਗ ਕੈਂਪ 'ਚ ਨਿਰਅਕਾਰ ਨਾਲ਼ ਇੱਕ-ਰੂਪ ਹੋ ਜਾਣ ਦੇ ਨਾਂ 'ਤੇ ਲੁੰਪਨ-ਬਾਜ਼ੀ ਅਤੇ ਗੰਦਗੀ ਫੈਲਦੀ ਹੈ। ਉਸ 'ਚ ਟੁੱਭੀ ਲਾਉਣ ਲਈ ਦੇਸ਼ ਭਰ ਤੋਂ ਕੁੰਠਿਤ ਵਿਦਿਆਰਥੀ-ਨੌਜਵਾਨ, ਲੁੰਪਨ ਨੇਤਾ, ਸਰਮਾਏਦਾਰ, ਚਰਿੱਤਰਹੀਨ ਨੌਕਰਸ਼ਾਹ, ਸਾਰੇ ਪਹੁੰਚਦੇ ਹਨ। ਇਹੀ ਹਾਲ, ਵੱਖ-ਵੱਖ ਰੂਪਾਂ 'ਚ ਸਾਰੇ ਬਾਬਿਆਂ ਅਤੇ ਉਹਨਾਂ ਦੀਆਂ ਚੇਲਾ ਮੰਡਲੀਆਂ ਦਾ ਹੈ। ਇਹਨਾਂ ਦੇ ਆਸ਼ਰਮ ਕੁਚੱਜ, ਅਪਰਾਧ ਅਤੇ ਦੇਹ ਵਪਾਰ ਦੇ ਅੱਡੇ ਬਣ ਰਹੇ ਹਨ ਅਤੇ ਇਹਨਾਂ ਦੀ ਜਾਂਚ-ਪੜਤਾਲ ਕਰਨਾ ਵੀ ਨਾ-ਮੁਮਕਿਨ ਹੈ, ਕਿਉਂਕਿ ਇਹਨਾਂ ਦਾ ਕੰਮ ਪਰਲੋਕ ਨੂੰ ਸੁਧਾਰਨ ਲਈ ਤੱਪਸਿਆ ਕਰਨਾ ਨਹੀਂ ਹੈ ਸਗੋਂ ਇੱਥੇ ਅਜਿਹੇ ਗੋਰਖਦਧੰਦੇ ਧਰਮ ਦੇ ਨਾਂ 'ਤੇ ਚੱਲ ਰਹੇ ਹਨ ਜਿਨ੍ਹਾਂ ਦੀ ਕਲਪਨਾ

(**ਬਾਕੀ ਸਫ਼ਾ 22 'ਤੇ**)

## ਪ੍ਰੋ. ਹਮਦਰਦਵੀਰ ਨੌਸ਼ਿਹਰਵੀ ਦੀ ਇੱਕ ਨਜ਼ਮ

# ਬੁਰਕੇ ਹੇਠਲੀ ਰਾਤ

(ਅਫ਼ਗਾਨੀ ਅਤੇ ਸਵਾਤ ਔਰਤਾਂ ਦੇ ਨਾਂ)

*ਰੁੱਤਾਂ ਦੇ ਫਟੇ ਦਾਮਨ ਵਿੱਚੋਂ ਕਿਰ ਗਿਆ ਹੈ ਬਹਾਰ ਦਾ ਮੌਸਮ*
*ਗੁਲਾਬੀ ਬੁੱਲ੍ਹਾਂ ਉੱਤੇ ਵਿੰਨ੍ਹੀ ਪਈ ਹੈ ਨਗ਼ਮੇ ਦੀ ਹੇਕ।*
*ਇੱਕ ਮੌਸਮ ਆਉਂਦਾ ਹੈ*
*ਕੈਕਟਸ ਦੇ ਕੰਢਿਆਂ ਵਿੱਚੋਂ ਵੀ ਫੁੱਲ ਉਭਰਦਾ ਹੈ,*
*ਅੱਕ ਦਾ ਫੁੱਲ ਮੁਸਕਰਾਉਂਦਾ ਹੈ।*
*ਧੁੱਪ ਵਿੱਚ ਖਿੜੀਆਂ ਕੋਹਕਾਫ਼ ਦੀਆਂ ਨਿੱਖਰੀਆਂ ਚੋਟੀਆਂ ਵਾਂਗ*
*ਅਸੀਂ ਵੀ ਚਾਹੁੰਦੀਆਂ ਹਾਂ ਹੱਸਣਾ,*
*ਰੁਮਕਦੀ ਹਵਾ ਵਿੱਚ ਪੋਸਤ ਦੇ ਡੋਡਿਆਂ ਵਾਂਗ*
*ਅਸੀਂ ਵੀ ਚਾਹੁੰਦੀਆਂ ਹਾਂ ਨੱਚਣਾ।*
*ਕਿਉਂ ਹੈ ਆਸਮਾਨੀ ਝੂਲਦੀ ਸਤਰੰਗੀ ਪੀਂਘ*
*ਦਾ ਰੰਗ ਸਿਰਫ਼ ਕਾਲਾ*
*ਕੌਣ ਚੁਰਾ ਕੇ ਲੈ ਗਿਆ ਸਾਡੀ ਚੁੰਨੀ ਦੇ ਛੇ ਰੰਗ।*
*ਅਸੀਂ ਡਰਦੀਆਂ ਤਾਰਿਆਂ ਨਾਲ਼ ਗੱਲਾਂ ਨਹੀਂ ਕਰਦੀਆਂ।*
*ਸਾਡੇ ਸਿਰਾਂ ਉੱਤੋਂ ਦੀ ਲੰਘਦਾ ਨਹੀਂ*
*ਸੂਰਜ ਦੀਆਂ ਕਿਰਨਾਂ ਦਾ ਕਾਫਲਾ*
*ਅਸੀਂ ਸਿਰਫ ਗਿਣਦੀਆਂ ਹਾਂ ਦਸ ਫੁੱਟੀ ਗੁਲਾਬੀ ਫਰਸ਼*
*ਦਾ ਫਾਸਲਾ।*
*ਕੋਈ ਨਹੀਂ ਨਾਪਦਾ ਸਾਡੇ ਅੱਥਰੂਆਂ ਦੀ ਭਾਰੀ, ਖਾਰੀ ਝੀਲ*
*ਦੀ ਡੂੰਘਾਈ*
*ਸਾਡੇ ਕੱਜੇ ਹੱਡਾਂ ਦੀ ਆਪਸ ਵਿੱਚ ਟਕਰਾਉਂਦੀ ਮੌਨ ਚੀਕ ਵਿੱਚੋਂ*
*ਤੁਸੀਂ ਦੇਖਦੇ ਹੋ ਆਪਣੀ ਪਾਰਸਾਈ*
*ਸਾਨੂੰ ਗੌਰਵ ਹੈ, ਅਫ਼ਗਾਨੀ ਧਰਤੀ ਦੀ ਉਪਜ ਸੀ*
*ਭਾਈ ਮਰਦਾਨੇ ਦੇ ਹੱਥਾਂ ਵਿੱਚ ਮਧੁਰ ਰਬਾਬ*
*ਹੇ ਨਾਨਕ ਕੌਣ ਗਿਣੇਗਾ ਸਾਡੀਆਂ ਚੀਸਾਂ, ਕੌਣ ਲਵੇਗਾ ਜ਼ਖ਼ਮਾਂ*
*ਦਾ ਹਿਸਾਬ।*
*ਅਸੀਂ ਹਾਂ ਕਾਲੀ ਟਾਕੀ ਵਿੱਚ ਬੱਧੀ ਸਹਿਕਦੇ ਮਾਸ ਦੀ ਬੋਟੀ*
*ਅਸੀਂ ਬਾਸੀ ਬੋਲਾਂ ਦੀਆਂ ਕੈਦੀ*
*ਤੁਹਾਡੇ ਹੱਥ ਚਾਬਕ ਮੌਨ ਮਜ਼ਬੀ ਪੁਸਤਕ ਦਾ*
*ਦੰਦ ਪੀਂਹਦੀ ਲਗਾਮ ਤੇ ਦੰਦਿਆਂ ਵਾਲੀ ਸੋਟੀ।*
*ਤੁਸੀਂ ਬੰਦ ਕਰ ਦਿੱਤੀਆਂ ਹਨ, ਜ਼ਿੰਦਗੀ ਵੱਲ ਖੁੱਲ੍ਹਦੀਆਂ*
*ਸਾਰੀਆਂ ਖਿੜਕੀਆਂ*
*ਸਾਡੇ ਲਈ ਨਾ ਰਾਗ, ਨਾ ਰੰਗ, ਨਾ ਚਿਤਰ, ਨਾ ਮਿੱਤਰ,*
*ਨਾ ਕਿੰਤੂ ਨਾ ਅੱਖਰ, ਹੈ ਸਿਰਫ਼ ਖਿਲਾ ਵਿੱਚ ਹੂੰਘਦਾ ਵਿਰਲਾਪ*
*ਨੀਵੀਂ ਜਿਹੀ ਛੱਤ ਹੈ ਸਾਡੇ ਤਸੱਵਰ ਦੀ ਸੀਮਾ*
*ਸਾਡੇ ਸੁਪਨਿਆਂ ਦੇ ਕਤਰੇ ਖੰਭ–ਭਾਰੇ ਬੂਟਾਂ ਦੀ ਕਦਮ ਚਾਪ*
*ਸਦੀਆਂ ਦੀ ਯਾਦ, ਤੁਸੀਂ ਬੁੱਧ ਦੀ ਦਿਓ ਕੱਦ ਮੂਰਤੀ ਤੋੜੀ*
*ਜਿਹੜੀ ਜੀਊਂਦੀ ਮਾਦਾ ਗਰਦਨ ਹੋਈ ਨੰਗੀ–ਤੁਸੀਂ ਮਰੋੜੀ*
*ਤੁਹਾਡੇ ਲਈ ਔਰਤ ਹੈ ਲੁਕ ਕੇ ਖਾਧਾ ਹੈਰੋਇਨ ਦਾ ਨਸ਼ਾ*
*ਤੁਹਾਡੇ ਅੰਦਰ ਪੱਥਰ ਯੁੱਗ ਦੇ ਹਨ੍ਹੇਰੇ ਦਾ ਕੱਲਰ*
*ਪੰਦਰਵੀਂ ਸਦੀ ਦੇ ਤੁਸੀਂ ਬਾਸ਼ਿੰਦੇ,*
*ਇੱਕ ਸੀਤੀ ਅੱਖ ਵਾਲ਼ੇ ਕਾਲ਼ੇ ਅੱਖਰ*
*ਇੱਕੀਵੀਂ ਸਦੀ ਦੇ ਕੰਪਿਊਟਰੀ ਚਿਹਰੇ ਉੱਤੇ*
*ਤੁਸੀਂ ਰੱਖਣੀ ਚਾਹੁੰਦੇ ਹੋ ਤੇਜ਼ਾਬੀ ਪਕੜ।*
*ਸਾਡੇ ਤਨ ਤੋਂ ਬਾਹਰ ਤੁਸੀਂ ਤਾਣੀ ਹੈ*
*ਸਿਆਹ ਪੰਜਰੀਲੇ ਲੋਹੇ ਦੀ ਚਾਦਰ*
*ਅੰਨ੍ਹੀ ਅੱਗ ਦੀਆਂ ਜੀਭਾਂ ਵਾਲ਼ੇ ਟਕਰਾਏ ਆਤਮਘਾਤੀ ਵਿਮਾਨ*
*ਸੰਸਾਰ ਦੀਆਂ ਅੱਖਾਂ ਵਿੱਚ ਡਰ ਸੀ, ਅੰਬਰ ਪ੍ਰੇਸ਼ਾਨ*
*ਕਿਸੇ ਨੇ ਨਹੀਂ ਵੇਖਿਆ ਸਾਡੀ ਹੌਲ਼ੀ ਹੌਲ਼ੀ ਧੁਖਦੀ ਚਿਤਾ*
*ਦਾ ਧੂੰਆਂ*
*ਨਾਦਾਨੋਂ, ਬੰਬਾਂ ਦੀ ਦਿੱਤੀ ਤੁਹਾਡੀ ਦਾਅਵਤ*
*ਸਾਡੇ ਲਈ ਨਾ ਚਾਨਣ ਹੈ, ਨਾ ਮਘਦਾ ਚੁੱਲ੍ਹਾ।*
*ਹੁਸਨ ਕੋਠੇ ਉੱਤੇ ਬੈਠਾ ਹੈ ਉਮਰ ਇਮਾਮ ਦਾ ਈਮਾਨ*
*ਕਿਸ ਨੂੰ ਵਿਖਾਈਏ ਅਸੀਂ, ਚੂੜੀਆਂ, ਕੋਕਾ, ਕਾਂਟੇ*
*ਸਾਡੇ ਲਈ ਖ਼ੈਰਾਇਤੀ ਰੋਟੀ ਦੀਆਂ ਦੋ ਬੁਰਕੀਆਂ ਤੇ*
*ਕਿੰਨੇ ਸਾਰੇ ਛਾਂਟੇ*
*ਪਾਮੇਰ ਦੀਆਂ ਪਹਾੜੀਆਂ ਪਾਰ ਕਰ ਗਏ*
*ਕਦੋਂ ਵਾਪਸ ਪਰਤਣਗੇ ਗਾਉਂਦੇ ਪੰਛੀ।*
*ਕਦੋਂ ਸੂਰਜ ਵਜਾਏਗਾ ਸਾਡੇ ਬੰਦ ਦਰਾਂ ਉੱਤੇ ਚਾਨਣ ਦੀ ਬੰਸਰੀ*
*ਕਦੋਂ ਜ਼ਿੰਦਗੀ ਵਿੱਚ ਪਰਤਣਗੀਆਂ ਇਹ*
*ਤੁਰਦੀਆਂ ਫਿਰਦੀਆਂ ਕਬਰਾਂ*
*ਕਦੋਂ ਆਉਣਗੀਆਂ ਧਰਮੀ ਜਨੂੰਨ ਦੇ ਹਾਰਨ ਦੀਆਂ ਖ਼ਬਰਾਂ*
*ਕਦੋਂ ਆਵੇਗੀ ਮੀਂਹ ਦੀ ਪਹਿਲੀ ਕਣੀ ਵਰਗੀ ਪ੍ਰਭਾਤ*
*ਯਾ ਅੱਲਾ, ਕਦੋਂ ਮੁਕੇਗੀ ਇਹ ਬੁਰਕੇ ਹੇਠਲੀ ਕਾਲ਼ੀ ਰਾਤ।*

✡ ✡ ✡ ✡ ✡ ✡ ✡

# ਸ਼ਹੀਦ ਭਗਤ ਸਿੰਘ, ਸੁਖਦੇਵ ਅਤੇ ਰਾਜਗੁਰੂ ਦਾ 79 ਵਾਂ ਸ਼ਹਾਦਤ ਦਿਵਸ ਮਨਾਇਆ

ਨੌਜਵਾਨ ਭਾਰਤ ਸਭਾ ਨੇ ਪੰਜਾਬ ਦੇ ਵੱਖ-ਵੱਖ ਇਲਾਕਿਆਂ ਲੁਧਿਆਣਾ ਸ਼ਹਿਰ, ਮੰਡੀ ਗੋਬਿੰਦਗੜ, ਮਾਛੀਵਾੜਾ, ਪੱਖੋਵਾਲ, ਰਾਏਕੋਟ, ਜਗਰਾਓਂ,, ਨਵਾਂ ਸ਼ਹਿਰ, ਖੰਨਾ, ਅਲੌੜ ਪਿੰਡ, ਜੋਨੇਵਾਲ ਪਿੰਡ ਆਦਿ ਥਾਵਾਂ 'ਤੇ ਮਹਾਨ ਸ਼ਹੀਦਾਂ ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਦੇ 79ਵੇਂ ਸ਼ਹਾਦਤ ਦਿਵਸ 'ਤੇ ਸੰਘਣੀ ਪ੍ਰਚਾਰ ਮੁਹਿੰਮ ਚਲਾ ਕੇ ਹਜ਼ਾਰਾਂ ਹੀ ਲੋਕਾਂ ਤੱਕ ਸ਼ਹੀਦਾਂ ਦੇ ਵਿਚਾਰਾਂ ਨੂੰ ਪਹੁੰਚਾਇਆ। ਇਨਕਲਾਬੀ ਦੀ ਕੁਰਬਾਨੀ, ਸੋਚ ਅਤੇ ਅੱਜ ਦੇ ਸਮੇਂ ਵਿੱਚ ਉਹਨਾਂ ਦੇ ਵਿਚਾਰਾਂ ਦੀ ਪ੍ਰਸੰਗਿਕਤਾ ਤੋਂ ਜਾਣੂ ਕਰਵਾਉਂਦਾ ਇੱਕ ਪਰਚਾ ਹਜ਼ਾਰਾਂ ਦੀ ਗਿਣਤੀ ਵਿੱਚ ਪੰਜਾਬੀ ਅਤੇ ਹਿੰਦੀ ਭਾਸ਼ਾ ਵਿੱਚ ਛਾਪ ਕੇ ਵੰਡਿਆ ਗਿਆ। ਸ਼ਹੀਦ ਭਗਤ ਸਿੰਘ ਦੀ ਤਸਵੀਰ ਵਾਲ਼ਾ ਇੱਕ ਆਕਰਸ਼ਕ ਪੋਸਟਰ ਪੰਜਾਬ ਦੇ ਵੱਖ-ਵੱਖ ਸ਼ਹਿਰਾਂ ਅਤੇ ਪਿੰਡਾਂ ਵਿੱਚ ਚਿਪਕਾਇਆ ਗਿਆ। ਲੁਧਿਆਣਾ, ਮੰਡੀ ਗੋਬਿੰਦਗੜ ਅਤੇ ਮਾਛੀਵਾੜਾ ਵਿੱਚ ਇਨਕਲਾਬੀ ਨਾਟਕਾਂ ਅਤੇ ਗੀਤਾਂ ਦੇ ਪ੍ਰੋਗਰਾਮ ਜਰੀਏ ਸਹੀਦਾਂ ਨੂੰ ਸ਼ਰਧਾਂਜਲੀ ਦਿੱਤੀ ਗਈ।

## ਲੁਧਿਆਣਾ

ਨੌਜਵਾਨ ਭਾਰਤ ਸਭਾ ਦੇ ਸਹਿਯੋਗ ਨਾਲ਼ ਕਾਰਖਾਨਾ ਮਜ਼ਦੂਰ ਯੂਨੀਅਨ (ਲੁਧਿ.) ਨੇ ਸਮਰਾਲਾ ਚੌਂਕ ਦੇ ਨਜ਼ਦੀਕ ਸਥਿਤ ਈ.ਡਬਲਿਉ.ਐਸ. ਕਾਲੋਨੀ ਵਿੱਚ 21 ਮਾਰਚ ਨੂੰ ਇਨਕਲਾਬੀ ਸਭਿਆਚਾਰਕ ਪ੍ਰੋਗਰਾਮ ਦਾ ਆਯੋਜਨ ਕੀਤਾ ਗਿਆ। ਪ੍ਰੋਗਰਾਮ ਦੀ ਤਿਆਰੀ ਲਈ ਮਜ਼ਦੂਰ ਬਸਤੀਆਂ ਦੇ ਵਿਹੜਿਆਂ ਅਤੇ ਬਜ਼ਾਰਾਂ ਵਿੱਚ ਪਰਚੇ ਵੰਡੇ ਗਏ। ਵਿਹੜਿਆਂ ਵਿੱਚ ਮੀਟਿੰਗਾਂ ਕੀਤੀਆਂ ਗਈਆਂ। ਕਮਰੇ-ਕਮਰੇ ਜਾ ਕੇ ਮਜ਼ਦੂਰਾਂ ਨੂੰ ਪ੍ਰੋਗਰਾਮ ਵਿੱਚ ਸ਼ਾਮਲ ਹੋਣ ਦਾ ਸੱਦਾ ਦਿੱਤਾ ਗਿਆ। 21 ਮਾਰਚ ਦੀ ਦੁਪਹਿਰ 2.30 ਵਜੇ ਪ੍ਰੋਗਰਾਮ ਦੀ ਸ਼ੁਰੂਆਤ ਹੋਈ। ਲੁਧਿਆਣਾ ਦੇ ਵੱਖ-ਵੱਖ ਇਲਾਕਿਆਂ ਤੋਂ ਮਜ਼ਦੂਰ ਮਰਦ-ਔਰਤਾਂ ਵੱਡੀ ਸੰਖਿਆਂ ਵਿੱਚ ਪ੍ਰੋਗਰਾਮ ਵੇਖਣ ਪਹੁੰਚੇ।

ਪ੍ਰੋਗਰਾਮ ਦੀ ਸ਼ੁਰੂਆਤ ਇਨਕਲਾਬੀ ਗੀਤਾਂ ਨਾਲ਼ ਹੋਈ। ਗਵੀਸ਼, ਰਾਜਵਿੰਦਰ ਅਤੇ ਪਰਮਿੰਦਰ ਨੇ 'ਤਸਵੀਰ ਬਦਲਦੋ ਦੁਨੀਆਂ ਕੀ' ' ਆ ਗਏ ਯਹਾਂ ਕਦਮ' ਅਤੇ 'ਕਿਸਕਾ ਲਹੂ ਹੈ ਕੌਨ ਮਰਾ' ਆਦਿ ਸਮੂਹ ਗੀਤ ਪੇਸ਼ ਕੀਤੇ। ਇਸਤੋਂ ਬਾਅਦ ਸ਼ਹੀਦ ਭਗਤ ਸਿੰਘ ਦੇ ਅੰਤਿਮ ਜੇਲ੍ਹ ਜੀਵਨ ਸਮੇਂ 'ਤੇ ਅਧਾਰਿਤ ਦਵਿੰਦਰ ਦਮਨ ਦਾ ਲਿਖਿਆ ਨਾਟਕ 'ਛਿਪਣ ਤੋਂ ਪਹਿਲਾਂ' ਅਤੇ ਗੁਰਸ਼ਰਨ ਭਾਅ ਜੀ ਦੁਆਰਾ ਸੰਸਦੀ ਢਾਂਚੇ ਦੇ ਢੋਂਗ ਬਾਰੇ ਲਿਖਿਆ ਨਾਟਕ 'ਹਵਾਈ-ਗੋਲ਼ੇ' ਪੇਸ਼ ਕੀਤਾ ਗਿਆ। ਇਸ ਤੋਂ ਇਲਾਵਾ ਇੱਕ ਬੱਚੀ ਗਾਰਗੀ ਨੇ 'ਭਗਤ ਸਿੰਘ ਇਸ ਬਾਰ ਨਾ ਲੇਨਾ ਕਾਇਆ ਭਾਰਤ ਵਾਸੀ ਕੀ' ਗੀਤ ਗਾਇਆ। ਸਾਥੀ ਤਾਜ ਮੁਹੰਮਦ ਨੇ ਇੱਕ ਇਨਕਲਾਬੀ ਕਵਿਤਾ ਪੜੀ। ਪੇਸ਼ ਕੀਤੇ ਗਏ ਨਾਟਕਾਂ, ਗੀਤਾਂ, ਕਵਿਤਾਵਾਂ ਨੂੰ ਲੋਕਾਂ ਨੇ ਜ਼ੋਰਦਾਰ ਤਾੜੀਆਂ ਰਾਹੀਂ ਖੂਬ ਸਰਾਹਿਆ। ਸਾਥੀ ਵਿਕਰਮ ਨੇ ਲੋਕਾਂ ਨੂੰ ਵਹਿਮਾਂ-ਭਰਮਾਂ, ਟੂਣੇ-ਟੋਟਕਿਆਂ ਤੋਂ ਮੁਕਤ ਹੋਣ ਦਾ ਸੁਨੇਹਾ ਦਿੰਦੇ ਹੋਏ ਕੁੱਝ ਜਾਦੂ ਦੇ ਟਰਿੱਕ ਵਿਖਾਏ ਅਤੇ ਦੱਸਿਆ ਕਿ ਕਿਸ ਤਰ੍ਹਾਂ ਤਾਂਤਰਿਕ ਬਾਬੇ ਭੋਲ਼ੇ-ਭਾਲ਼ੇ ਗਰੀਬਾਂ ਨੂੰ ਮੂਰਖ ਬਣਾ ਕੇ ਠੱਗਦੇ ਹਨ। ਜਾਦੂ ਕੋਈ ਤੰਤਰ-ਮੰਤਰ ਰਾਹੀਂ ਨਹੀਂ ਕੀਤਾ ਜਾਂਦਾ ਸਗੋਂ ਸਿਰਫ਼ ਹੱਥ ਦੀ ਸਫਾਈ ਹੁੰਦਾ ਹੈ ਜੋ ਕੋਈ ਵੀ ਸਿੱਖ ਸਕਦਾ ਹੈ। ਦਰਸ਼ਕਾਂ ਨੇ ਜਾਦੂ ਦਾ ਸ਼ੋਅ ਖੂਬ ਪਸੰਦ ਕੀਤਾ।

ਕਾਰਖਾਨਾ ਮਜ਼ਦੂਰ ਯੂਨੀਅਨ ਦੇ ਕਨਵੀਨਰ ਰਾਜਵਿੰਦਰ ਨੇ ਲੋਕਾਂ ਨੂੰ ਸੰਬੋਧਨ ਕਰਦੇ ਹੋਏ ਕਿਹਾ ਕਿ ਸ਼ਹੀਦਾਂ ਦਾ ਸੁਪਨਾ ਪੂਰਾ ਕਰਨ ਲਈ ਜ਼ਰੂਰੀ ਹੈ ਕਿ ਅਸੀਂ ਜਾਤਾਂ, ਧਰਮਾਂ ਅਤੇ ਖੇਤਰਾਂ ਦੇ ਝਗੜਿਆਂ ਤੋਂ ਉੱਪਰ ਉੱਠ ਕੇ ਸਾਰੇ ਮਜ਼ਦੂਰਾਂ-ਗਰੀਬਾਂ ਦੀ ਜਮਾਤੀ ਏਕਤਾ ਕਾਇਮ ਕਰੀਏ। ਇੱਕਜੁੱਟ ਸੰਘਰਸ਼ਾਂ ਵਿੱਚ ਸ਼ਾਮਿਲ ਹੁੰਦੇ ਹੋਏ ਅਤੇ ਹੋਰ ਮਜ਼ਦੂਰਾਂ ਨੂੰ ਸਿੱਖਿਅਤ ਕਰਦੇ ਹੋਏ ਤੇ ਜੱਥੇਬੰਦ ਕਰਦੇ ਹੋਏ ਹੀ ਵੱਡੀ ਤੇ ਨਿਰਨਾਇਕ ਲੜਾਈ ਵੱਲ ਵਧਿਆ ਜਾ ਸਕਦਾ ਹੈ। ਅੱਜ ਦੇ ਸਮੇਂ ਸਰਕਾਰਾਂ ਦਾ ਮਜ਼ਦੂਰ ਵਿਰੋਧੀ ਚਿਹਰਾ ਨੰਗਾ ਹੋ ਚੁੱਕਿਆ ਹੈ। ਮਜ਼ਦੂਰ ਅੱਜ ਫੇਰ ਅੰਗ੍ਰੇਜ਼ੀ ਗੁਲਾਮੀ ਦੇ ਸਮੇਂ ਤੋਂ ਵੀ ਭੈੜੀ ਜ਼ਿੰਦਗੀ ਜੀਣ ਲਈ ਮਜਬੂਰ ਹਨ। ਮਜ਼ਦੂਰਾਂ ਦੇ ਸਾਰੇ ਹੱਕ ਖੋਹੇ ਜਾ ਚੁੱਕੇ ਹਨ ਜੋ ਬੇਹਿਸਾਬ ਕੁਰਬਾਨੀਆਂ ਤੋਂ ਬਾਅਦ ਹਾਸਿਲ ਕੀਤੇ ਗਏ ਸਨ। ਹੁਣ ਸਹਿਣ ਕਰਨ ਦਾ ਸਮਾਂ ਲੰਘ ਚੁੱਕਾ ਹੈ। ਹੱਕਾਂ ਲਈ ਸੰਘਰਸ਼ ਦਾ ਰਾਹ ਚੁਣਨਾ ਅੱਜ ਜੀਣ ਦੀ ਸ਼ਰਤ ਬਣ ਚੁੱਕਾ ਹੈ। ਉਹਨਾਂ ਜ਼ੋਰ ਦਿੱਤਾ ਕਿ ਮਜ਼ਦੂਰਾਂ ਨੂੰ ਮੌਜੂਦਾ ਸਰਕਾਰਾਂ ਦੀਆਂ ਮਜ਼ਦੂਰ ਵਿਰੋਧੀ ਅਤੇ ਅਮੀਰ ਪੱਖੀ ਨੀਤੀਆਂ ਨੂੰ ਸਮਝਣਾ ਪਏਗਾ। ਇਨਕਲਾਬੀ ਸ਼ਹੀਦਾਂ ਦੇ ਵਿਚਾਰਾਂ ਨੂੰ ਲੋਕਾਂ ਤੱਕ ਪਹੁੰਚਾਉਂਦੇ ਹੋਏ ਲੋਕਾਂ ਨੂੰ ਲੁਟੇਰੇ ਹਾਕਮਾਂ ਖਿਲਾਫ ਜਾਗਰੂਕ ਅਤੇ ਜੱਥੇਬੰਦ ਕਰਨਾ ਹੀ ਮਹਾਨ ਸ਼ਹੀਦਾਂ ਨੂੰ ਸੱਚੀ ਸ਼ਰਧਾਜਲੀ ਹੋਵੇਗੀ।

ਸਟੇਜ ਸੰਚਾਲਨ ਤਾਜ ਮੁਹੰਮਦ ਨੇ ਕੀਤਾ। 'ਇਨਕਲਾਬ ਜ਼ਿੰਦਾਬਾਦ', 'ਸ਼ਹੀਦੋ ਤੁਹਾਡੇ ਕਾਜ ਅਧੂਰੇ ਲਾ ਕੇ ਜ਼ਿੰਦੜੀਆਂ ਕਰਾਂਗੇ ਪੂਰੇ', 'ਅਮਰ ਸ਼ਹੀਦਾ ਦਾ ਪੈਗਾਮ, ਜਾਰੀ ਰੱਖਣਾ ਹੈ ਸੰਗਰਾਮ', 'ਖਤਮ ਕਰੋ ਪੂੰਜੀ ਦਾ ਰਾਜ, ਲੜੋ ਬਣਾਓ ਲੋਕ ਸਵਰਾਜ', 'ਮਜ਼ਦੂਰ ਏਕਤਾ ਜ਼ਿੰਦਾਬਾਦ' ਗਰਜਵੇਂ ਨਾਹਰਿਆਂ ਨਾਲ਼ ਪ੍ਰੋਗਰਾਮ ਦੀ ਸਮਾਪਤੀ ਕੀਤੀ ਗਈ।

## ਮੰਡੀ ਗੋਬਿੰਦਗੜ੍ਹ

ਨੌਭਾਸ ਦੀ ਮੰਡੀ ਗੋਬਿੰਦਗੜ੍ਹ ਇਕਾਈ ਦੁਆਰਾ ਮੰਡੀ ਗੋਬਿੰਦਗੜ੍ਹ ਦੇ ਸੰਗਤਪੁਰਾ ਮੁਹੱਲੇ ਵਿੱਚ ਇਨਕਲਾਬੀ ਨਾਟਕਾਂ ਅਤੇ ਗੀਤਾਂ ਦਾ ਸਭਿਆਚਾਰਕ ਪ੍ਰੋਗਰਾਮ ਕਰਵਾਇਆ ਗਿਆ। 22 ਮਾਰਚ ਦੀ ਸ਼ਾਮ ਨੂੰ ਆਯੋਜਿਤ ਕੀਤੇ ਗਏ ਇਸ ਪ੍ਰੋਗਰਾਮ ਦੀ ਸ਼ੁਰੂਆਤ ਵਿੱਚ ਰਾਜਵਿੰਦਰ ਨੇ ਇਨਕਲਾਬੀ ਕਵੀ ਪਾਸ਼ ਦੀ ਲਿਖੀ ਗਜਲ 'ਦਹਿਕਦੇ ਅੰਗਿਆਰਾਂ 'ਤੇ' ਪੇਸ਼ ਕੀਤੀ। ਰਾਜਵਿੰਦਰ ਅਤੇ ਪਰਮਿੰਦਰ ਨੇ 'ਮਾਂ ਧਰਤੀਏ', 'ਮਸ਼ਾਲਾਂ ਬਾਲ ਕੇ ਚੱਲਣਾ' ਆਦਿ ਇਨਕਲਾਬੀ ਗੀਤ ਪੇਸ਼ ਕੀਤੇ ਗਏ। 'ਛਿਪਣ ਤੋਂ ਪਹਿਲਾਂ' ਅਤੇ 'ਹਵਾਈ ਗੋਲ਼ੇ' ਨਾਟਕ ਪੇਸ਼ ਕੀਤੇ ਗਏ। ਇੱਕ ਛੋਟੀ ਬੱਚੀ ਦੀਆ ਜੌਲੀ ਨੇ ਇਨਕਲਾਬੀ ਗੀਤ ਪੇਸ਼ ਕੀਤਾ। ਲੋਕਾਂ ਨੇ ਜ਼ੋਰਦਾਰ ਤਾੜੀਆਂ ਨਾਲ਼ ਉਸਦਾ ਹੌਂਸਲਾ ਵਧਾਇਆ। ਸਾਥੀ ਲਖਵਿੰਦਰ ਨੇ ਪ੍ਰੋਗਰਾਮ ਵਿੱਚ ਹਾਜਰ ਲੋਕਾਂ ਤੱਕ ਸ਼ਹੀਦ ਭਗਤ ਸਿੰਘ ਦਾ ਸੁਨੇਹਾ ਪਹੁੰਚਾਇਆ। ਮੰਚ ਸੰਚਾਲਨ ਸਾਥੀ ਗੁਲਸ਼ਨ ਨੇ ਕੀਤਾ।

ਨੌਭਾਸ ਦੁਆਰਾ ਮੰਡੀ ਗੋਬਿੰਦਗੜ੍ਹ, ਖੰਨਾ ਅਤੇ ਇਸ ਇਲਾਕੇ ਦੇ ਕੁਝ ਪਿੰਡਾਂ ਵਿੱਚ ਵੱਡੇ ਪੱਧਰ 'ਤੇ ਪਰਚਾ ਵੰਡ ਕੇ ਲੋਕਾਂ ਤੱਕ ਇਨਕਲਾਬੀ ਸ਼ਹੀਦਾਂ ਦੇ ਵਿਚਾਰ ਪਹੁੰਚਾਏ ਅਤੇ ਉਹਨਾਂ ਨੂੰ ਸ਼ਹੀਦਾਂ ਦੇ ਸੁਪਨੇ ਪੂਰੇ ਕਰਨ ਲਈ ਅੱਗੇ ਆਉਣ ਦਾ ਸੱਦਾ ਦਿੱਤਾ।

## ਮਾਛੀਵਾੜਾ

ਮਾਛੀਵਾੜਾ ਦੀ ਇੰਦਰਾ ਕਲੋਨੀ ਵਿੱਚ ਨੌਭਾਸ ਦੁਆਰਾ ਇਨਕਲਾਬੀ ਗੀਤਾਂ ਅਤੇ ਨਾਟਕਾਂ ਦੇ ਸੱਭਿਆਚਾਰਕ ਪ੍ਰੋਗਰਾਮ ਦਾ ਆਯੋਜਨ ਕੀਤਾ ਗਿਆ। ਪ੍ਰੋਗਰਾਮ ਵਿੱਚ ਔਰਤਾਂ ਸਮੇਤ ਲੋਕਾਂ ਨੇ ਵੱਡੀ ਗਿਣਤੀ ਵਿੱਚ ਸ਼ਮੂਲੀਅਤ ਕੀਤੀ। ਪ੍ਰੋਗਰਾਮ ਦੀ ਤਿਆਰੀ ਲਈ ਸਭਾ ਦੇ ਮੈਂਬਰਾਂ ਨੇ ਘਰ-ਘਰ ਜਾ ਕੇ ਪਰਚਾ ਵੰਡਿਆ ਅਤੇ ਲੋਕਾਂ ਨੂੰ ਪ੍ਰੋਗਰਾਮ ਵਿੱਚ ਪਹੁੰਚਣ ਦਾ ਸੱਦਾ ਦਿੱਤਾ। ਮਾਛੀਵਾੜਾ ਤੋਂ ਇਲਾਵਾ ਇਲਾਕੇ ਦੇ ਹੋਰਨਾਂ ਪਿੰਡਾਂ ਵਿੱਚ ਵੀ ਪਰਚਾ ਵੰਡਿਆ।

27 ਮਾਰਚ ਦੀ ਸ਼ਾਮ ਨੂੰ ਪ੍ਰੋਗਰਾਮ ਸ਼ੁਰੂ ਹੋਣ ਤੋਂ ਪਹਿਲਾਂ ਨੌਜਵਾਨਾਂ ਦੁਆਰਾ ਮਸ਼ਾਲ ਮਾਰਚ ਕੀਤਾ ਗਿਆ। ਇਨਕਲਾਬ ਜ਼ਿੰਦਾਬਾਦ' 'ਸ਼ਹੀਦ ਭਗਤ ਸਿੰਘ, ਰਾਜਗੁਰੂ, ਸੁਖਦੇਵ ਅਮਰ ਰਹੇ' 'ਅਮਰ ਸ਼ਹੀਦਾਂ ਦਾ ਪੈਗਾਮ ਜਾਰੀ ਰੱਖਣਾ ਹੈ ਸੰਗਰਾਮ' ਆਦਿ ਨਾਹਰੇ ਬੁਲੰਦ ਕਰਦੇ ਹੋਏ ਨੌਜਵਾਨ ਮਰਦ-ਔਰਤਾਂ ਦਾ ਇਹ ਮਸ਼ਾਲ ਮਾਰਚ ਮਾਛੀਵਾੜਾ ਦੀਆਂ ਵੱਖ ਸੜਕਾਂ-ਗਲੀਆਂ ਵਿੱਚੋਂ ਗੁਜਰਿਆ। ਲੋਕਾਂ ਨੇ ਘਰਾਂ ਤੋਂ ਬਾਹਰ ਆ ਕੇ ਮਸ਼ਾਲ ਮਾਰਚ ਦਾ ਸਵਾਗਤ ਕੀਤਾ। ਨੌਜਵਾਨਾਂ ਨੇ ਮਸ਼ਾਲ ਮਾਰਚ ਦੇ ਦੌਰਾਨ ਲੋਕਾਂ ਵਿੱਚ ਸ਼ਹੀਦਾਂ ਦੇ ਵਿਚਾਰਾਂ ਤੋਂ ਜਾਣੂ ਕਰਾਉਂਦਾ ਪਰਚਾ ਵੀ ਵੰਡਿਆ।

ਪ੍ਰੋਗਰਾਮ ਦੀ ਸ਼ੁਰੂਆਤ ਗਵੀਸ਼, ਰਾਜਵਿੰਦਰ, ਪਰਮਿੰਦਰ ਦੁਆਰਾ ਪੇਸ਼ ਇਨਕਲਾਬੀ ਗੀਤਾਂ ਰਾਹੀਂ ਹੋਈ। ਇੱਕ ਛੋਟੇ ਬੱਚੇ ਧਰਮਿੰਦਰ ਨੇ 'ਹਿੰਦ ਵਾਸੀਓ ਰੱਖਣਾ ਯਾਦ ਸਾਨੂੰ' ਗੀਤ ਪੇਸ਼ ਕੀਤਾ। ਇੱਕ ਰਿਕਸ਼ਾ ਮਜ਼ਦੂਰ ਧੰਨਾ ਦਾ ਗੀਤ 'ਸਰਦਾਰ ਭਗਤ ਸਿੰਘ' ਲੋਕਾਂ ਨੇ ਖ਼ੂਬ ਪਸੰਦ ਕੀਤਾ। ਸਾਥੀ ਰਾਜਵਿੰਦਰ ਨੇ ਲੋਕਾਂ ਦੇ ਇਕੱਠ ਨੂੰ ਸੰਬੋਧਨ ਕਰਦੇ ਹੋਏ ਕਿਹਾ ਕਿ 'ਜਿਸ ਤਰ੍ਹਾਂ ਸ਼ਹੀਦ ਭਗਤ ਸਿੰਘ ਦਾ ਨਾਂ ਸਾਰੇ ਸ਼ਹੀਦਾਂ ਤੋਂ ਅੱਗੇ ਆਉਂਦਾ ਹੈ ਉਸ ਦਾ ਕਾਰਨ ਭਗਤ ਸਿੰਘ ਦਾ ਵਿਚਾਰਕ ਪੱਖ ਸੀ। ਜਿਸ ਕੋਲ਼ ਦੇਸ਼ ਦੀ ਆਜ਼ਾਦੀ ਤੋਂ ਬਾਅਦ ਦੇ ਭਾਰਤ ਦਾ ਭਵਿੱਖ ਦਾ ਨਕਸ਼ਾ ਸੀ। ਸਾਮਰਾਜੀ ਲੁੱਟ ਦੇ ਨਾਲ਼-ਨਾਲ਼ ਭਗਤ ਸਿੰਘ ਅਤੇ ਉਨ੍ਹਾਂ ਦੇ ਸਾਥੀ ਦੇਸੀ ਸਰਮਾਏਦਾਰਾਂ ਹੱਥੋਂ ਵੀ ਲੋਕਾਂ ਦੀ ਲੁੱਟ ਦੇ ਖਿਲਾਫ਼ ਸਨ ਅਤੇ ਉਹ ਦੇਸ਼ ਦੀਆਂ ਫੈਕਟਰੀਆਂ, ਖਾਣਾਂ ਅਤੇ ਜ਼ਮੀਨਾਂ ਦੀ ਮਾਲਕੀ ਦੇ ਹੱਕਦਾਰ ਉਹਨਾਂ ਵਿੱਚ ਕੰਮ ਕਰਨ ਵਾਲ਼ੇ ਮਜ਼ਦੂਰਾਂ, ਕਿਸਾਨਾਂ ਨੂੰ ਮੰਨਦੇ ਸਨ। ਅੱਜ ਦੇਸ਼ ਦੇ ਮਜ਼ਦੂਰ, ਗਰੀਬ ਕਿਸਾਨ ਅਤੇ ਨੌਜਵਾਨ ਭਗਤ ਸਿੰਘ ਦੇ ਰਾਹ ਤੋਂ ਅਣਜਾਣ ਹੋਣ ਕਾਰਨ ਆਪਣਾ ਜੀਵਨ ਏਕਤਾ ਬਣਾ ਕੇ ਲੜਨ ਦੀ ਬਜਾਏ ਨਸ਼ਿਆਂ, ਨੈਤਿਕ ਪਤਨ ਅਤੇ ਜਾਤਾਂ, ਧਰਮਾਂ, ਕੌਮਾਂ ਦੀਆਂ ਵੰਡੀਆਂ ਵਿੱਚ ਉਲਝ ਕੇ ਬਰਬਾਦ ਕਰ ਰਹੇ ਹਨ। ਲੁੱਟ-ਖਸੁੱਟ ਖਿਲਾਫ਼ ਸਾਡੀ ਏਕਤਾ ਬਣਾ ਕੇ ਸੰਘਰਸ਼ ਕਰਨਾ ਹੀ ਸ਼ਹੀਦਾਂ ਨੂੰ ਸੱਚੀ ਸ਼ਰਧਾਂਜਲੀ ਹੈ।" ਮੰਚ ਸੰਚਾਲਨ ਲਖਵਿੰਦਰ ਨੇ ਕੀਤਾ। ਰਿਸ਼ੀ ਅਮਨ ਨੇ ਪ੍ਰੋਗਰਾਮ ਵਿੱਚ ਪਹੁੰਚੇ ਲੋਕਾਂ ਦਾ ਧੰਨਵਾਦ ਕੀਤਾ।

□

### 23 ਮਾਰਚ 'ਤੇ ਭਗਤ ਸਿੰਘ ਨੂੰ ਯਾਦ ਕਰਦਿਆਂ...

ਆਹ ਕੀ ਖਬਰਾਂ ਦੇ ਵਿੱਚ ਅੱਜ ਕਹਿਰ ਵੇਖਿਆ,
ਤੇਰੇ ਗਲ਼ ਵਿੱਚ ਹਾਰ ਪਾਉਂਦਾ ਡਾਇਰ ਵੇਖਿਆ।

ਤੇਰੇ ਸੁਪਨੇ ਅਧੂਰੇ ਕਹਿੰਦੇ ਕਰ ਦੇਣੇ ਪੂਰੇ,
ਭੱਜ ਵੋਟਾਂ ਪਾਉਣ ਜਾਂਦਾ ਤੇਰਾ ਸ਼ਹਿਰ ਵੇਖਿਆ।

ਚਿੱਟੇ ਕੁੜਤੇ ਪਜਾਮਿਆਂ ਨੇ ਮੱਲੀਆਂ ਸਟੇਜਾਂ,
ਫਿਰ ਸਿੰਮਦਾ ਸਪੀਕਰਾਂ 'ਚੋਂ ਜ਼ਹਿਰ ਵੇਖਿਆ।

ਜਿੱਥੇ ਸੁੱਟਿਆ ਸੀ ਬੰਬ ਉੱਥੇ ਲਾਉਣਾ ਤੇਰਾ ਬੁੱਤ,
ਤੇਰੀ ਸੋਚ ਦਾ ਬਲਾਤਕਾਰ ਠਹਿਰ ਵੇਖਿਆ।

ਕਿਵੇਂ ਨਜ਼ਰਾਂ ਮਿਲਾਈਏ ਕਿਵੇਂ ਤੇਰੇ ਸਾਹਵੇਂ ਆਈਏ,
ਅੱਜ ਆਪਣੇ ਹੀ ਚਿਹਰਿਆਂ 'ਚ ਗ਼ੈਰ ਵੇਖਿਆ।

ਤੇਰੇ ਵਾਰਸਾਂ ਦੇ ਕੋਲ ਲੈ ਕੇ ਜਾਣੇ ਤੇਰੇ ਬੋਲ,
ਇਹੋ ਟਹਿਕਦਾ ਸਿਤਾਰਾ ਚੱਤੋਂ ਪਹਿਰ ਵੇਖਿਆ।

—ਸਵਜੀਤ

# ਢੰਡਾਰੀ ਕਾਂਡ : 42 ਬੇਦੋਸ਼ੇ ਮਜ਼ਦੂਰਾਂ ਨੂੰ ਬਿਨਾਂ ਸ਼ਰਤ ਰਿਹਾਅ ਕਰਵਾਇਆ

ਬੀਤੇ ਵਰ੍ਹੇ ਦਸੰਬਰ ਦੇ ਪਹਿਲੇ ਹਫ਼ਤੇ ਵਾਪਰੇ ਢੰਡਾਰੀ ਕਾਂਡ (ਦੇਖੋ ਲਲਕਾਰ ਦੇ ਪਿਛਲੇ ਅੰਕ 'ਚ ਛਪੀ ਰਿਪੋਰਟ) ਦੇ ਪੀੜਤਾਂ ਨੂੰ ਇਨਸਾਫ਼ ਦਿਵਾਉਣ ਲਈ ਲੁਧਿਆਣਾ ਦੀਆਂ ਮਜ਼ਦੂਰ, ਕਿਸਾਨ, ਸਰਕਾਰੀ ਕਰਮਚਾਰੀ ਅਤੇ ਨੌਜਵਾਨਾਂ ਦੀਆਂ ਜਥੇਬੰਦੀਆਂ ਦੀ ਅਗਵਾਈ ਵਿੱਚ ਹੋਏ ਇੱਕਜੁੱਟ ਸੰਘਰਸ਼ ਨੂੰ ਵੱਡੀ ਸਫ਼ਲਤਾ ਮਿਲੀ ਹੈ। 4-5 ਦਸੰਬਰ ਨੂੰ ਡੀ. ਸੀ. ਲੁਧਿਆਣਾ ਦੇ ਦਫ਼ਤਰ ਸਾਹਮਣੇ ਧਰਨੇ-ਮੁਜ਼ਾਹਰੇ ਅਤੇ ਫਿਰ 17 ਜਨਵਰੀ ਨੂੰ ਲੁਧਿਆਣੇ ਦੇ ਢੰਡਾਰੀ ਖੁਰਦ ਵਿੱਚ 22 ਇਨਸਾਫ਼ਪਸੰਦ ਜਥੇਬੰਦੀਆਂ ਦੀ ਅਗਵਾਈ ਵਿੱਚ ਹਜ਼ਾਰਾਂ ਮਜ਼ਦੂਰਾਂ ਸਹਿਤ ਕਿਸਾਨਾਂ, ਸਰਕਾਰੀ ਕਰਮਚਾਰੀਆਂ ਅਤੇ ਨੌਜਵਾਨਾਂ ਵੱਲੋਂ ਕੀਤੀ ਇੱਕ ਜਬਰਦਸਤ ਇਕਜੁੱਟਤਾ ਰੈਲੀ ਅਤੇ ਮੁਜ਼ਾਹਰੇ ਨੇ ਸਰਕਾਰ ਨੂੰ ਮਜਬੂਰ ਕਰ ਦਿੱਤਾ ਕਿ ਉਹ ਝੂਠੇ ਕੇਸਾਂ ਵਿੱਚ ਜੇਲ੍ਹ ਵਿੱਚ ਬੰਦ ਕਰ ਦਿੱਤੇ ਗਏ ਢੰਡਾਰੀ ਦੇ 42 ਬੇਦੋਸ਼ੇ ਮਜ਼ਦੂਰਾਂ ਨੂੰ ਰਿਹਾਅ ਕਰੇ। ਇਸ ਪ੍ਰਦਰਸ਼ਨ ਦੇ ਦੋ ਦਿਨਾਂ ਮਗਰੋਂ ਹੀ ਜ਼ਿਆਦਾਤਰ ਮਜ਼ਦੂਰਾਂ ਨੂੰ ਬਿਨਾਂ ਸ਼ਰਤ ਰਿਹਾਅ ਕਰ ਦਿੱਤਾ ਗਿਆ। 17 ਜਨਵਰੀ ਦੀ ਵਿਸ਼ਾਲ ਰੈਲੀ ਨੇ ਲੁਧਿਆਣਾ ਖਾਸ ਕਰਕੇ ਫ਼ੋਕਲ ਪੁਆਇੰਟ ਖੇਤਰ ਦੇ ਮਜ਼ਦੂਰਾਂ ਵਿੱਚ ਫੈਲੀ ਪੁਲਿਸ ਅਤੇ ਗੁੰਡਿਆਂ ਦੀ ਦਹਿਸ਼ਤ ਨੂੰ ਵੀ ਤੋੜਨ ਵਿੱਚ ਅਹਿਮ ਭੂਮਿਕਾ ਨਿਭਾਈ।

ਪੰਜਾਬ ਸਰਕਾਰ ਨੇ 'ਪੰਜਾਬ ਪ੍ਰਵਾਸੀ ਕਲਿਆਣ ਬੋਰਡ' ਜ਼ਰੀਏ ਪੀੜਤਾਂ ਲਈ 17 ਲੱਖ ਰੁ. ਮੁਆਵਜੇ ਦੇ ਤੌਰ 'ਤੇ ਵੀ ਜਾਰੀ ਕੀਤੇ ਹਨ। ਜਥੇਬੰਦੀਆਂ ਦੇ ਸਾਂਝੇ ਮੰਚ ਨੇ ਇਸ ਮੁਆਵਜ਼ੇ ਨੂੰ ਨਾ-ਮਾਤਰ ਕਰਾਰ ਦਿੰਦੇ ਹੋਏ ਪੀੜਤਾਂ ਨੂੰ ਉੱਚਿਤ ਮੁਆਵਜਾ ਦੇਣ ਦੀ ਮੰਗ ਕੀਤੀ ਹੈ।

17 ਜਨਵਰੀ ਦੀ ਇਕਜੁੱਟਤਾ ਰੈਲੀ ਨੂੰ ਅਸਫ਼ਲ ਕਰਨ ਲਈ ਪੁਲਿਸ ਨੇ ਬਹੁਤ ਯਤਨ ਕੀਤੇ ਸਨ। ਰੈਲੀ ਦੀ ਜਗ੍ਹਾ ਬਦਲਣ ਲਈ ਪ੍ਰਬੰਧਕਾਂ 'ਤੇ ਬਹੁਤ ਦਬਾਅ ਪਾਇਆ ਗਿਆ। ਢੰਡਾਰੀ ਉਹੀ ਇਲਾਕਾ ਹੈ ਜਿੱਥੇ ਦਸੰਬਰ ਵਿੱਚ ਲੁਧਿਆਣੇ ਦੇ ਮਜ਼ਦੂਰਾਂ ਨੇ ਬਾਈਕਰਜ਼ ਗੈਂਗ ਵੱਲੋਂ ਕੀਤੀ ਜਾਂਦੀ ਰੋਜ਼ਾਨਾ ਕੁੱਟ-ਮਾਰ ਤੇ ਲੁੱਟ-ਖੋਹ ਦੇ ਵਿਰੋਧ ਵਿੱਚ ਰੋਸ ਵਿਖਾਵਾ ਕੀਤਾ ਸੀ। 3 ਦਸੰਬਰ ਦੀ ਰਾਤ ਨੂੰ ਆਪਣੇ ਇੱਕ ਸਾਥੀ ਨਾਲ਼ ਹੋਈ ਵਾਰਦਾਤ ਦੀ ਰਿਪੋਰਟ ਲਿਖਵਾਉਣ ਜਦੋਂ ਕੁੱਝ ਮਜ਼ਦੂਰ ਪੁਲਿਸ ਚੌਂਕੀ ਗਏ ਤਾਂ ਉਹਨਾਂ ਨੂੰ ਬੇਇੱਜ਼ਤ ਕਰਕੇ ਭਜਾ ਦਿੱਤਾ ਗਿਆ। ਇਸ ਦੇ ਵਿਰੋਧ ਵਿੱਚ ਜਦੋਂ ਲਗਭਗ 500 ਮਜ਼ਦੂਰਾਂ ਨੇ ਜੀ. ਟੀ. ਰੋਡ ਜਾਮ ਕਰ ਦਿੱਤਾ ਤਦ ਵੀ ਉਹਨਾਂ ਦੀ ਗੱਲ ਸੁਣਨ ਦੀ ਬਜਾਏ ਪੁਲਿਸ ਨੇ ਉਹਨਾਂ 'ਤੇ ਬਰਬਰਤਾਪੂਰਵਕ ਲਾਠੀਆਂ ਵਰ੍ਹਾਈਆਂ। ਪੁਲਿਸ ਨੇ ਢੰਡਾਰੀ ਫਲਾਈਓਵਰ ਨਾਲ਼ ਲੱਗਦੇ ਮਜ਼ਦੂਰਾਂ ਦੇ ਕਵਾਰਟਰਾਂ ਦੇ ਦਰਵਾਜੇ ਤੋੜਕੇ ਬਰਬਰਤਾਪੂਰਵਕ ਕੁੱਟਦੇ ਹੋਏ 42 ਬੇਕਸੂਰ ਮਜ਼ਦੂਰਾਂ ਨੂੰ ਗ੍ਰਿਫ਼ਤਾਰ ਕਰ ਲਿਆ। ਇਨ੍ਹਾਂ ਵਿੱਚ 3 ਨਾ-ਬਾਲਗ ਬੱਚੇ ਵੀ ਸਨ। ਇਸ ਦੇ ਵਿਰੁੱਧ 4 ਦਸੰਬਰ ਨੂੰ ਲਗਭਗ ਦਸ ਹਜ਼ਾਰ ਮਜ਼ਦੂਰਾਂ ਦਾ ਸੈਲਾਬ ਸੜਕਾਂ 'ਤੇ ਉਤਰਿਆ। ਵਿਖਾਵਾਕਾਰੀ ਮਜ਼ਦੂਰਾਂ 'ਤੇ ਪੁਲਿਸ ਨੇ ਸਿੱਧੀਆਂ ਗੋਲ਼ੀਆਂ ਚਲਾਈਆਂ (ਪੂੰਜੀਵਾਦੀ ਮੀਡੀਆ ਨੇ ਇਸ ਤੱਥ ਨੂੰ ਬੇਸ਼ਰਮੀ ਨਾਲ਼ ਲੁਕਾ ਲਿਆ ਸੀ)। ਡਾਂਗਾਂ ਗੋਲ਼ੀਆਂ ਨਾਲ਼ ਖਦੇੜੇ ਗਏ ਇਨ੍ਹਾਂ ਮਜ਼ਦੂਰਾਂ 'ਤੇ ਪੁਲਿਸ ਨੇ ਤਲਵਾਰਾਂ, ਡੰਡਿਆਂ, ਕ੍ਰਿਕੇਟ ਦੇ ਬੱਲਿਆਂ, ਹਾਕੀਆਂ ਨਾਲ਼ ਲੈਸ ਗੁੰਡਿਆਂ ਰਾਹੀਂ ਹਮਲਾ ਕਰਵਾਇਆ। ਕਈ ਦਿਨਾਂ ਤੱਕ ਇਸ ਇਲਾਕੇ ਵਿੱਚ ਕਰਫਿਊ ਰਿਹਾ। ਪਰ ਇਹ ਕਰਫਿਊ ਸਿਰਫ਼ ਮਜ਼ਦੂਰਾਂ ਲਈ ਹੀ ਸੀ। ਪੁਲਿਸ ਦੇ ਸ਼ਿਸਕੇਰੇ ਗੁੰਡਿਆਂ ਨੇ ਇਸ ਕਰਫਿਊ ਦੌਰਾਨ ਮਜ਼ਦੂਰਾਂ ਦੇ ਸਮਾਨ ਸਹਿਤ ਸੈਂਕੜੇ ਕਵਾਰਟਰਾਂ ਅਤੇ ਦੁਕਾਨਾਂ ਨੂੰ ਅੱਗ ਲਗਾ ਦਿੱਤੀ। ਅਨੇਕਾਂ ਇਸਤਰੀਆਂ ਨੂੰ ਬਲਾਤਕਾਰ ਦਾ ਸ਼ਿਕਾਰ ਬਣਾਇਆ ਗਿਆ।

ਲੁਧਿਆਣੇ ਦੇ ਇਸੇ ਇਲਾਕੇ ਢੰਡਾਰੀ ਵਿੱਚ ਇਕਜੁੱਟਤਾ ਰੈਲੀ ਅਤੇ ਮੁਜ਼ਾਹਰੇ ਦੇ ਐਲਾਨ ਨਾਲ਼ ਲੁਧਿਆਣਾ ਦਾ ਪੁਲਿਸ ਪ੍ਰਸ਼ਾਸਨ ਬੌਂਦਲ ਗਿਆ ਸੀ। ਪੂੰਜੀਵਾਦੀ ਸਿਆਸੀ ਪਾਰਟੀਆਂ ਅਤੇ ਜਥੇਬੰਦੀਆਂ ਵੀ ਨਹੀਂ ਚਾਹੁੰਦੀਆਂ ਸਨ ਕਿ ਖੱਬੇਪੱਖੀ ਧਾਰਾ ਨਾਲ਼ ਜੁੜੀਆਂ ਜਨਤਕ ਜਥੇਬੰਦੀਆਂ ਦੁਆਰਾ ਇਸ ਇਲਾਕੇ ਵਿੱਚ ਰੈਲੀ ਕੀਤੀ ਜਾਵੇ। ਪਰ ਜਦੋਂ ਜਥੇਬੰਦੀਆਂ ਇਸ ਇਲਾਕੇ 'ਚ ਰੈਲੀ ਕਰਨ ਦੇ ਫੈਸਲੇ 'ਤੇ ਡਟੀਆਂ ਰਹੀਆਂ ਤਾਂ ਢੰਡਾਰੀ ਦੇ ਲੋਕਾਂ ਵਿੱਚ ਰੈਲੀ ਬਾਰੇ ਡਰ ਫੈਲਾਉਣ ਦੀਆਂ ਕੋਸ਼ਿਸ਼ਾਂ ਕੀਤੀਆਂ ਗਈਆਂ ਕਿ ਰੈਲੀ ਨਾਲ਼ ਫਿਰ ਇੱਕ ਵੱਡਾ ਹੰਗਾਮਾ ਹੋਵੇਗਾ ਇਸ ਲਈ ਉਹ ਇਸ ਰੈਲੀ ਵਿੱਚ ਨਾ ਜਾਣ। 17 ਜਨਵਰੀ ਨੂੰ ਰੈਲੀ ਵਾਲ਼ੇ ਦਿਨ ਫੋਕਲ ਪੁਆਇੰਟ ਏਰੀਆ ਪੁਲਿਸ ਛਾਉਣੀ ਵਿੱਚ ਬਦਲ ਦਿੱਤਾ ਗਿਆ। ਰੈਲੀ ਦੀ ਜਗ੍ਹਾ, ਢੰਡਾਰੀ ਖੁਰਦ ਦੀ ਈਸ਼ਵਰ ਕਲੋਨੀ ਦੀ ਸ਼ਬਜੀ ਮੰਡੀ ਵਿੱਚ ਪੁਲਿਸ ਦੀਆਂ ਗੱਡੀਆਂ ਹੀ ਨਜ਼ਰ ਆਈਆਂ। ਉਹ ਲੋਕਾਂ ਵਿੱਚ ਦਹਿਸ਼ਤ ਫੈਲਾਉਣ ਲਈ ਸੀ ਤਾਂ ਕਿ ਲੋਕ ਰੈਲੀ ਲਈ ਉੱਥੇ ਇਕੱਠੇ ਹੀ ਨਾ ਹੋਣ। ਲੋਕਾਂ ਨੂੰ ਰੈਲੀ ਵਿੱਚ ਪਹੁੰਚਣ ਤੋਂ ਰੋਕਣ ਲਈ ਜਗ੍ਹਾ-ਜਗ੍ਹਾ ਨਾਕੇ ਲਗਾਏ ਗਏ। ਜੀ. ਟੀ. ਰੋਡ ਨਾਲ਼ ਰੇਲਵੇ ਲਾਈਨ ਪਾਰ ਕਰਕੇ ਰੈਲੀ ਦੀ ਥਾਂ ਤੱਕ ਪਹੁੰਚਣ ਤੋਂ ਰੋਕਣ ਲਈ ਪੁਲਿਸ ਨੇ ਸਾਰੇ ਇਤੰਜ਼ਾਮ ਕਰ ਰੱਖੇ ਸਨ। ਪਰ ਰੈਲੀ ਨੂੰ ਅਸਫਲ ਕਰਨ ਦੀਆਂ ਪੁਲਿਸ ਦੀਆਂ ਸਾਰੀਆਂ ਕੋਸ਼ਿਸ਼ਾਂ ਜਿਉਂ ਦੀਆਂ ਤਿਉਂ ਰਹਿ ਗਈਆਂ।

ਜਥੇਬੰਦੀਆਂ ਨੇ ਪਹਿਲਾਂ ਹੀ ਯੋਜਨਾ ਬਣਾ ਲਈ ਸੀ ਕਿ ਕੋਈ ਵੀ ਢੰਡਾਰੀ ਵਿੱਚ ਇਕੱਲਾ ਪਹੁੰਚੇ ਹੀ ਨਾ। ਦੁਪਿਹਰ 12 ਵਜੇ ਸ਼ੇਰਪੁਰ ਲੇਬਰ ਮੰਡੀ (ਆਰਤੀ ਸਟੀਲ ਕੋਲ) ਚੌਂਕ ਤੋਂ

500-600 ਲੋਕਾਂ ਨੇ ਢੰਡਾਰੀ ਦੀ ਈਸ਼ਵਰ ਕਲੋਨੀ ਦੀ ਸ਼ਬਜੀ ਮੰਡੀ ਵੱਲ ਪੈਦਲ ਮਾਰਚ ਸ਼ੁਰੂ ਕਰ ਦਿੱਤਾ। ਪੁਲਿਸ ਇਹ ਤਾਂ ਚਾਹੁੰਦੀ ਸੀ ਕਿ ਰੈਲੀ ਨਾ ਹੋਵੇ ਪਰ ਉਹ ਫਿਰ ਤੋਂ ਦਸੰਬਰ ਜਿਹਾ ਟਾਕਰਾ ਨਹੀਂ ਚਾਹੁੰਦੀ ਸੀ। ਲੋਕਾਂ ਦੇ ਵਿਸ਼ਾਲ ਜੁਲੂਸ ਨੂੰ ਰੋਕਣ ਦੀ ਉਸ ਨੇ ਹਿੰਮਤ ਨਹੀਂ ਕੀਤੀ।

"ਜੀਣਾ ਹੈ ਤਾਂ ਮਰਨਾ ਸਿੱਖੋ, ਕਦਮ-ਕਦਮ 'ਤੇ ਲੜਨਾ ਸਿੱਖੋ"
"ਢੰਡਾਰੀ ਕਾਂਡ ਵਿੱਚ ਗ੍ਰਿਫਤਾਰ ਕੀਤੇ ਗਏ 42 ਮਜ਼ਦੂਰਾਂ ਨੂੰ ਰਿਹਾਅ ਕਰੋ"
"ਦੋਸ਼ੀ ਪੁਲਿਸ ਅਧਿਕਾਰੀਆਂ ਅਤੇ ਗੁੰਡਿਆਂ ਨੂੰ ਸਜਾ ਦਿਓ"
"ਮਜ਼ਦੂਰ, ਕਿਸਾਨ, ਮੁਲਾਜਮ, ਨੌਜਵਾਨ ਏਕਤਾ ਜ਼ਿੰਦਾਬਾਦ" ਆਦਿ ਨਾਅਰੇ ਬੁਲੰਦ ਕਰਦਾ ਹੋਇਆ ਇਹ ਜਲੂਸ ਢੰਡਾਰੀ ਖੁਰਦ ਦੀ ਈਸ਼ਵਰ ਕਲੋਨੀ ਦੇ ਸ਼ਬਜੀ ਮੰਡੀ ਮੈਦਾਨ ਤੱਕ ਪਹੁੰਚਿਆ।

ਪਹਿਲਾਂ ਤਾਂ ਢੰਡਾਰੀ ਦੇ ਲੋਕ ਰੈਲੀ ਵਿੱਚ ਸਾਮਲ ਹੋਣ ਤੋਂ ਡਰੇ ਪਰ ਹੌਲ਼ੀ ਹੌਲ਼ੀ ਉਹ ਰੈਲੀ ਵਿੱਚ ਆ ਕੇ ਸ਼ਾਮਲ ਹੁੰਦੇ ਗਏ। 1500 ਤੋਂ ਵੀ ਵੱਧ ਮਜ਼ਦੂਰ ਹੁਣ ਰੈਲੀ ਦੇ ਮੈਦਾਨ ਵਿੱਚ ਜਮ੍ਹਾ ਹੋ ਚੁੱਕੇ ਸਨ। ਨਾਲ਼ ਹੀ ਹਜ਼ਾਰਾਂ ਲੋਕ ਆਪਣੇ ਘਰਾਂ ਦੀਆਂ ਛੱਤਾਂ ਤੋਂ ਵੀ ਭਾਸ਼ਣ ਸੁਣ ਰਹੇ ਸਨ।

ਰੈਲੀ ਦਾ ਮੰਚ ਸੰਚਾਲਨ ਕਰ ਰਹੇ **ਕਾਰਖਾਨਾ ਮਜ਼ਦੂਰ ਯੂਨੀਅਨ, ਲੁਧਿਆਣਾ** ਦੇ ਸੰਚਾਲਕ **ਰਾਜਵਿੰਦਰ** ਨੇ ਕਿਹਾ ਕਿ ਅੱਜ ਦੀ ਰੈਲੀ ਪੁਲਿਸ-ਪ੍ਰਸ਼ਾਸਨ ਨੂੰ ਕਰਾਰਾ ਜਵਾਬ ਹੈ ਜਿਹਨੇ ਦਸੰਬਰ ਵਿੱਚ ਮਜ਼ਦੂਰਾਂ ਦੇ ਬਰਬਰ ਦਮਨ ਮਗਰੋਂ ਸੋਚਿਆ ਸੀ ਕਿ ਹੁਣ ਮਜ਼ਦੂਰ ਲੰਮੇ ਸਮੇਂ ਤਕ ਏਕਤਾ ਬਣਾਉਣ ਦਾ ਸਾਹਸ ਨਹੀਂ ਕਰਨਗੇ। ਉਹਨਾਂ ਕਿਹਾ ਕਿ ਮਜ਼ਦੂਰਾਂ ਦੇ ਜੀਵਨ ਦੀ ਪਲ-ਪਲ ਦੀ ਲੁੱਟ, ਸ਼ੋਸਣ, ਅਨਿਆਂ, ਬੇਇੱਜਤੀ ਅਤੇ ਨਰਕੀ ਹਾਲਤਾਂ ਉਹਨਾਂ ਲੋਟੂਆਂ ਵਿਰੁੱਧ ਲੜਨ ਲਈ ਮਜ਼ਬੂਰ ਕਰਦੀ ਹੈ। ਜ਼ੁਲਮ ਅਤੇ ਜ਼ਬਰ ਨਾਲ਼ ਉਹਨਾਂ ਦੀ ਅਵਾਜ ਨੂੰ ਦਬਾਇਆ ਨਹੀਂ ਜਾ ਸਕਦਾ। ਰਾਜਵਿੰਦਰ ਨੇ ਪੰਜਾਬ ਸਰਕਾਰ ਅਤੇ ਲੁਧਿਆਣਾ ਪੁਲਿਸ-ਪ੍ਰਸ਼ਾਸਨ ਨੂੰ ਚਿਤਾਵਨੀ ਦਿੱਤੀ ਕਿ ਜੇਕਰ 42 ਬੇਦੋਸ਼ੇ ਮਜ਼ਦੂਰਾਂ 'ਤੇ ਦਰਜ ਝੂਠੇ ਪੁਲਿਸ ਕੇਸ ਰੱਦ ਕਰਕੇ ਉਹਨਾਂ ਨੂੰ ਰਿਹਾਅ ਨਹੀਂ ਕੀਤਾ ਗਿਆ, ਮਜ਼ਦੂਰਾਂ 'ਤੇ ਬੇਰਹਿਮ ਅੱਤਿਆਚਾਰ ਅਤੇ ਇਸਤਰੀਆਂ ਨਾਲ਼ ਬਲਾਤਕਾਰ ਦੇ ਦੋਸ਼ੀ ਪੁਲਿਸ-ਪ੍ਰਸ਼ਾਸਨ ਦੇ ਅਧਿਕਾਰੀਆਂ ਅਤੇ ਗੁੰਡਿਆਂ ਨੂੰ ਸਜ਼ਾ ਨਹੀਂ ਦਿੱਤੀ ਗਈ ਤਾਂ ਮਜ਼ਦੂਰ ਲੁਧਿਆਣੇ ਦੀਆਂ ਸੜਕਾਂ 'ਤੇ ਹੋਰ ਤਿੱਖੀ ਲੜਾਈ ਲੜਨ 'ਤੇ ਮਜਬੂਰ ਹੋਣਗੇ।

**ਨੌਜਵਾਨ ਭਾਰਤ ਸਭਾ, ਪੰਜਾਬ** ਦੇ ਸੰਚਾਲਕ **ਡਾ. ਪਰਮਿੰਦਰ** ਨੇ ਕਿਰਤੀ ਲੋਕਾਂ ਨੂੰ ਇੱਕਜੁੱਟ ਹੋ ਕੇ ਜਾਬਰ ਪੂੰਜੀਵਾਦੀ ਹੁਕਮਰਾਨਾ ਖਿਲਾਫ਼ ਸੰਘਰਸ਼ ਕਰਨ ਦਾ ਹੋਕਾ ਦਿੱਤਾ। ਉਹਨਾਂ ਨੇ ਕਿਹਾ ਕਿ ਲੁਧਿਆਣੇ ਦੇ ਦਸੰਬਰ ਕਾਂਡ ਦੌਰਾਨ ਲੋਕ ਵਿਰੋਧੀ ਸਥਾਨਕਤਾਵਾਦੀ ਵਿਅਕਤੀਆਂ, ਜਥੇਬੰਦੀਆਂ ਨੇ ਕਿਰਤੀਆਂ ਨੂੰ ਪੰਜਾਬੀ-ਪ੍ਰਵਾਸੀ ਦੇ ਨਾਂ 'ਤੇ ਵੰਡਣ ਦੀਆਂ ਜੀਅ-ਤੋੜ ਕੋਸ਼ਿਸ਼ਾਂ ਕੀਤੀਆਂ ਸਨ। ਢੰਡਾਰੀ ਕਾਂਡ ਦੇ ਪੀੜਤ ਮਜ਼ਦੂਰਾਂ ਦੇ ਹੱਕ ਵਿੱਚ ਪੰਜਾਬ ਦੇ ਕਾਰਖਾਨਾ ਮਜ਼ਦੂਰਾਂ, ਪੇਂਡੂ ਮਜ਼ਦੂਰਾਂ, ਕਿਸਾਨਾਂ, ਸਰਕਾਰੀ ਮੁਲਾਜ਼ਮਾ, ਨੌਜਵਾਨਾਂ ਦੀ ਇਹ ਇੱਕਜੁੱਟਤਾ ਰੈਲੀ ਅਤੇ ਪ੍ਰਦਰਸ਼ਨ ਇਹਨਾਂ ਇਲਾਕਾਵਾਦੀਆਂ ਨੂੰ ਕਰਾਰਾ ਜਵਾਬ ਵੀ ਹੈ। ਉਹਨਾਂ ਨੇ ਕਿਹਾ ਕਿ ਹੋਰ ਰਾਜਾਂ ਤੋਂ ਪੰਜਾਬ 'ਚ ਆ ਕੇ ਵਸੇ ਕੰਮ ਕਰ ਰਹੇ ਮਜ਼ਦੂਰਾਂ ਨੂੰ ਪ੍ਰਵਾਸੀ ਨਹੀਂ ਕਿਹਾ ਜਾ ਸਕਦਾ ਕਿਉਂਕਿ ਆਪਣੇ ਹੀ ਦੇਸ਼ ਦੇ ਇੱਕ ਰਾਜ ਤੋਂ ਦੂਜੇ ਰਾਜ ਵਿੱਚੋਂ ਕੋਈ ਪ੍ਰਵਾਸੀ ਨਹੀਂ ਹੋ ਜਾਂਦਾ।

**ਨੌਜਵਾਨ ਭਾਰਤ ਸਭਾ, ਚੰਡੀਗੜ੍ਹ** ਦੀ ਆਗੂ ਨਮਿਤਾ ਨੇ ਕਿਹਾ ਕਿ ਇਹ ਬਹੁਤ ਹੀ ਖੁਸ਼ੀ ਦੀ ਗੱਲ ਹੈ ਕਿ ਰੈਲੀ ਵਿੱਚ ਇਸਤਰੀਆਂ ਵੀ ਸ਼ਾਮਲ ਹਨ। ਉਹਨਾਂ ਨੇ ਕਿਹਾ ਕਿ ਜਦੋਂ ਵੀ ਗਰੀਬਾਂ 'ਤੇ ਹੁਕਮਰਾਨਾ ਰਾਹੀਂ ਵੱਡਾ ਹਮਲਾ ਬੋਲਿਆਂ ਜਾਂਦਾ ਹੈ ਤਾਂ ਸਭ ਤੋਂ ਵੱਧ ਜੁਲਮ ਇਸਤਰੀਆਂ ਨੂੰ ਸਹਿਣਾ ਪੈਂਦਾ ਹੈ। ਉਹਨਾਂ ਨੇ ਕਿਹਾ ਕਿ ਕਿਰਤੀ ਇਸਤਰੀਆਂ ਨੂੰ ਵੀ ਪੁਰਸ਼ਾਂ ਦੇ ਮੋਢੇ ਨਾਲ਼ ਮੋਢਾ ਮਿਲਾ ਕੇ ਲੋਟੂ ਢਾਂਚੇ ਨੂੰ ਨੇਸਤਾਨਾਬੂਦ ਕਰਨ ਲਈ ਅੱਗੇ ਆਉਣਾ ਹੋਵੇਗਾ।

ਇਸ ਤੋਂ ਇਲਾਵਾ ਰੈਲੀ ਨੂੰ **ਮੋਲਡਰ ਐਂਡ ਸਟੀਲ ਵਰਕਰਜ਼ ਯੂਨੀਅਨ** ਦੇ ਆਗੂ ਹਰਜਿੰਦਰ, ਵਿਜੇ ਨਰਾਇਣ, **ਲੋਕ ਏਕਤਾ ਸੰਗਠਨ** ਦੇ ਪ੍ਰਧਾਨ ਗੱਲਰ ਚੌਹਾਨ, **ਮਜ਼ਦੂਰ ਯੂਨੀਅਨ ਇਲਾਕਾ ਖੰਨਾ-ਸਮਰਾਲਾ** ਦੇ ਮਲਕੀਤ ਸਿੰਘ, **ਪੇਂਡੂ ਮਜ਼ਦੂਰ ਯੂਨੀਅਨ (ਮਸ਼ਾਲ)** ਦੇ ਚਮਨ ਸਿੰਘ, **ਭਾਰਤੀ ਕਿਸਾਨ ਯੂਨੀਅਨ (ਏਕਤਾ-ਉਗਰਾਹਾਂ)** ਦੇ ਦਰਸ਼ਨ ਕੂਹਲੀ, **ਪੰਜਾਬ ਰੋਡਵੇਜ਼ ਇੰਪਲਾਇਜ਼ ਯੂਨੀਅਨ (ਅਜ਼ਾਦ)** ਦੇ ਅਮਰੀਕ ਸਿੰਘ, **ਭਾਰਤੀ ਕਿਸਾਨ ਯੂਨੀਅਨ (ਏਕਤਾ)** ਦੇ ਨਿਰਮਲ ਸਿੰਘ, **ਡੇਮੋਕ੍ਰੈਟਿਕ ਟੀਚਰਜ਼ ਫਰੰਟ** ਦੇ ਮਾ. ਮਲਕੀਤ ਸਿੰਘ, **ਡੇਮੋਕ੍ਰੈਟਿਕ ਇੰਪਲਾਇੰਜ ਫਰੰਟ** ਦੇ ਰਮਨਜੀਤ ਸੰਧੂ, **ਟੈਕਨੀਕਲ ਸਰਵਿਸਜ਼ ਯੂਨੀਅਨ** ਦੇ ਭਰਪੂਰ ਸਿੰਘ, **ਜਮਹੂਰੀ ਅਧਿਕਾਰ ਸਭਾ** ਦੇ ਏ. ਕੇ. ਮਲੇਰੀ, **ਹੋਜ਼ਰੀ ਵਰਕਰਜ਼ ਯੂਨੀਅਨ** ਦੇ ਰਮੇਸ਼ ਕੁਮਾਰ, **ਪੀ. ਏ. ਯੂ. ਇੰਪਲਾਇਜ਼ ਡੇਮੋਕ੍ਰੈਟਿਕ ਮੰਚ**, ਦੇ ਜਸਵੰਤ ਜੀਰਖ ਨੇ ਵੀ ਸੰਬੋਧਿਤ ਕੀਤਾ। **ਇਸਪਾਤ ਇੰਪਲਾਇਜ਼ ਯੂਨੀਅਨ**, ਮੰਡੀ ਗੋਬਿੰਦਗੜ੍ਹ ਦੇ ਆਗੂਆਂ ਅਤੇ ਕਾਰਕੁੰਨਾ ਨੇ ਵੀ ਹਿੱਸਾ ਲਿਆ।

ਦੂਜੇ ਪਾਸੇ, ਅਕਾਲੀ ਦਲ, ਭਾਜਪਾ, ਕਾਂਗਰਸ, ਬਸਪਾ ਜਿਹੇ ਰੰਗ ਬਰੰਗੇ ਝੰਡੇ ਵਾਲ਼ੇ ਚੋਣਾਵੀ ਸਿਆਸੀ ਮਦਾਰੀਆਂ ਤੋਂ ਲੈ ਕੇ ਅਖਿਲ ਭਾਰਤੀ ਪੂਰਵਾਂਚਲ ਵਿਕਾਸ ਪ੍ਰੀਸ਼ਦ ਜਿਹੀਆਂ ਇਲਾਕਾਵਾਦੀ ਜਥੇਬੰਦੀਆਂ ਵੀ, ਜਿਨ੍ਹਾਂ ਕੋਲ ਮਜ਼ਦੂਰਾਂ-ਕਿਰਤੀਆਂ ਦੀਆਂ ਅਮਲੀ-ਸਮੱਸਿਆਵਾਂ ਦੇ ਹੱਲ ਲਈ ਸੰਘਰਸ਼ ਦਾ ਕੋਈ ਪ੍ਰੋਗਰਾਮ ਹੀ ਨਹੀਂ ਹੈ ਅਤੇ ਅੱਜ ਤੱਕ ਸਦਾ ਹੀ ਪੂੰਜੀਵਾਦੀ ਹੁਕਮਰਾਨਾਂ ਦੀ ਸੇਵਾ ਕਰਦੇ ਆਏ ਹਨ, ਜ਼ੋਰ ਸ਼ੋਰ ਨਾਲ਼ ਇਹ ਪ੍ਰਚਾਰ ਕਰ ਰਹੇ ਹਨ ਕਿ ਮਜ਼ਦੂਰਾਂ ਦੀ ਰਿਹਾਈ ਉਹਨਾਂ ਦੀਆਂ ਕੋਸ਼ਿਸ਼ਾਂ ਦੀ ਬਦੌਲਤ ਹੋਈ ਹੈ। ਉਹ ਸਰਕਾਰ ਜਾਂ ਪ੍ਰਸ਼ਾਸਨ ਨਾਲ਼ ਹੋਈ ਮੇਜ-ਮੀਟਿੰਗ ਦੀ ਅਖੌਤੀ ਗੱਲਬਾਤ ਦਾ ਹਵਾਲਾ ਦੇ ਰਹੇ ਹਨ।

ਪਰ ਕੁੱਝ ਨੂੰ ਛੱਡ ਕੇ ਸਾਰੇ ਮਜ਼ਦੂਰ ਜਾਣਦੇ ਹਨ ਕਿ ਜੇਕਰ ਸਰਕਾਰ, ਪੁਲਿਸ, ਪ੍ਰਸ਼ਾਸਨ ਖ਼ਿਲਾਫ਼ ਲੁਧਿਆਣੇ ਦੇ ਮਜ਼ਦੂਰ-ਕਿਰਤੀ ਸੜਕਾਂ 'ਤੇ ਨਾ ਉੱਤਰੇ ਹੁੰਦੇ ਤਾਂ ਇਨਸਾਫ਼ ਨਹੀਂ ਮਿਲ ਸਕਦਾ ਸੀ। ਉਹ ਚੰਗੀ ਤਰ੍ਹਾਂ ਮੰਨਦੇ ਹਨ ਕਿ ਮੇਜ ਮੀਟਿੰਗ

(**ਬਾਕੀ ਸਫ਼ਾ** 14 'ਤੇ)

# ਜਦੋਂ ਮਜ਼ਦੂਰਾਂ ਨੇ ਹੈਂਕੜੇ ਮਾਲਕ ਤੋਂ ਮਾਫ਼ੀ ਮੰਗਵਾਈ

ਲੁਧਿਆਣਾ ਸ਼ਹਿਰ ਮਜ਼ਦੂਰਾਂ ਦੀ ਬਰਬਰ ਲੁੱਟ ਦਾ ਪ੍ਰਤੀਕ ਬਣ ਚੁੱਕਿਆ ਹੈ। 12 ਘੰਟੇ ਦੇ ਕੰਮ ਬਦਲੇ 2500 ਤੋਂ 3500 ਤੱਕ ਤਨਖਾਹ ਆਮ ਹੈਲਪਰ ਵਰਕਰਾਂ ਨੂੰ ਦਿੱਤੀ ਜਾਂਦੀ ਹੈ। ਹੋਰ ਕਿਸੇ ਤਰਾਂ ਦੀ ਕੋਈ ਸਹੂਲਤ ਮਜ਼ਦੂਰਾਂ ਨੂੰ ਨਹੀਂ ਦਿੱਤੀ ਜਾਂਦੀ ਏਥੋਂ ਤੱਕ ਕਿ ਫੈਕਟਰੀ ਦਾ ਕੋਈ ਪ੍ਰਮਾਣ ਪੱਤਰ ਜਾਂ ਸਬੂਤ ਤੱਕ ਨਹੀਂ ਦਿੱਤਾ ਜਾਂਦਾ ਕਿ ਮਜ਼ਦੂਰ ਇਹ ਦਾਅਵਾ ਕਰ ਸਕੇ ਉਹ ਕਿਸ ਫੈਕਟਰੀ ਵਿੱਚ ਕੰਮ ਕਰਦਾ ਹੈ। ਤਨਖਾਹ ਸਮੇਂ ਸਿਰ ਨਾ ਦੇਣਾ, ਜ਼ਬਰਦਸਤੀ ਓਵਰ ਟਾਈਮ ਲਗਵਾਉਣਾ, ਵਰਕ ਲੋਡ ਵਧਾਉਣ ਜਿਹੀ ਧੱਕੇ ਸ਼ਾਹੀ ਤੋਂ ਇਲਾਵਾ ਅਕਸਰ ਹੀ ਮਜ਼ਦੂਰਾਂ ਨੂੰ ਥੱਪੜ ਮਾਰ ਕੇ ਗਾਲਾਂ ਕੱਢ ਕੇ ਬਿਨਾਂ ਪੈਸੇ ਦਿੱਤਿਆਂ ਮਾਲਕ ਭਜਾ ਦਿੰਦੇ ਹਨ। ਇਸ ਦਾ ਸਬੂਤ ਲੇਬਰ ਕੋਰਟ ਵਿੱਚ ਚਲਦੇ ਹਜ਼ਾਰਾਂ ਹੀ ਮੁਕੱਦਮੇ ਹਨ ਜਿਨ੍ਹਾਂ ਲਈ ਇਨਸਾਫ਼ ਦੀ ਉਮੀਦ ਲਈ ਸੈਂਕੜੇ ਹੀ ਮਜ਼ਦੂਰ ਰੋਜ਼ ਦਿਹਾੜੀਆਂ ਤੋੜ ਕੇ ਲੇਬਰ ਅਧਿਕਾਰੀਆਂ ਦੀ ਚੌਂਕੀ ਭਰਨ ਲਈ ਮਜਬੂਰ ਹਨ ਤੇ ਕਈ ਤਾਂ 10-10 ਸਾਲਾਂ ਤੋਂ ਇਨਸਾਫ਼ ਦੀ ਉਮੀਦ ਵਿੱਚ ਭਟਕ ਰਹੇ ਹਨ ਟਰੇਡ ਯੂਨੀਅਨ ਲੀਡਰਾਂ ਦੀ ਦਲਾਲੀ, ਮਜ਼ਦੂਰਾਂ ਦੀ ਏਕਤਾ ਦੀ ਕਮੀ ਅਤੇ ਲੇਬਰ ਕੋਰਟ ਦੇ ਮਾਲਕ ਪੱਖੀ ਰਵੱਈਏ ਕਾਰਨ ਮਾਲਕਾਂ ਦੀ ਗੁੰਡਾਗਰਦੀ ਦਾ ਸ਼ਿਕਾਰ ਅਕਸਰ ਹੀ ਮਜ਼ਦੂਰ ਹੁੰਦੇ ਰਹਿੰਦੇ ਹਨ।

ਅਜਿਹੀ ਹੀ ਇੱਕ ਘਟਨਾ ਲੁਧਿਆਣੇ ਹਰਗੋਬਿੰਦ ਨਗਰ ਵਿੱਚ ਰਹਿੰਦੇ ਦੋ ਮਜ਼ਦੂਰਾਂ ਦੀਪਕ ਅਤੇ ਰਾਜ ਗੁਪਤਾ ਨਾਲ਼ ਵਾਪਰੀ। ਇਹ ਦੋਵੇਂ ਜਨਵਰੀ 2010 ਤੋਂ ਮੱਕੜ ਕਲੋਨੀ ਵਿੱਚ ਸਥਿਤ ਲੋਹਾ ਪਲਾਂਟ ਕੰਬੋਜ ਇੰਡਸਟਰੀਜ ਨਾਮੀ ਇੱਕ ਛੋਟੀ ਫੈਕਟਰੀ ਵਿੱਚ ਕੰਮ ਕਰਦੇ ਸਨ। ਇਸ ਫੈਕਟਰੀ ਵਿੱਚ ਲਗਭਗ 15 ਮਜ਼ਦੂਰ ਕੰਮ ਕਰਦੇ ਸਨ। ਇਸ ਵਿੱਚ ਟਰੱਕਾਂ ਦੇ ਐਕਸਲ ਵਗੈਰਾ ਬਣਦੇ ਸਨ। ਇਸ ਫੈਕਟਰੀ ਵਿੱਚ ਕੰਮ ਕਰਦੇ ਮਜ਼ਦੂਰਾਂ ਦਾ ਕੋਈ ਰਿਕਾਰਡ ਨਹੀਂ ਹੈ। ਕੰਮ ਪੀਸ ਰੇਟ ਉੱਪਰ ਕਰਵਾਇਆ ਜਾਂਦਾ ਹੈ। ਅੱਠ ਘੰਟੇ-ਕੰਮ ਦਿਹਾੜੀ, ਪਹਿਚਾਣ ਪੱਤਰ, ਹਾਜਰੀ ਕਾਰਡ, ਈ.ਐਸ.ਆਈ., ਪੀ.ਐਫ., ਬੋਨਸ, ਵਰਦੀ, ਓਵਰ ਟਾਇਮ ਆਦਿ ਕੋਈ ਵੀ ਸਹੂਲਤ ਹਾਸਲ ਨਹੀਂ ਹੈ। ਉੱਪਰੋਂ ਸਿਤਮ ਇਹ ਕਿ ਅਕਸਰ ਹੀ ਵਰਕਰਾਂ ਨਾਲ਼ ਮਾਲਕ ਗਾਲ਼ੀ ਗਲੋਚ ਕਰਨ ਤੋਂ ਇਲਾਵਾ ਬਿਨਾਂ ਪੈਸੇ ਦਿੱਤਿਆਂ ਭਜਾ ਦਿੰਦੇ ਸਨ। ਮਾਲਕਾਂ ਨੇ ਦੀਪਕ ਅਤੇ ਰਾਜ ਨਾਲ਼ ਵੀ ਇਹੀ ਸਲੂਕ ਕੀਤਾ। ਇਹ ਮਜ਼ਦੂਰ ਕਾਰਖਾਨਾ ਮਜ਼ਦੂਰ ਯੂਨੀਅਨ (ਲੁਧਿ.) ਦੇ ਮੈਂਬਰ ਸਨ। ਇਹ ਮਸਲਾ ਯੂਨੀਅਨ ਕੋਲ਼ ਆਇਆ। ਯੂਨੀਅਨ ਨੁਮਾਇੰਦੇ ਲਖਵਿੰਦਰ ਨੇ ਫੋਨ 'ਤੇ ਮਾਲਕ ਨਾਲ਼ ਮਜ਼ਦੂਰਾਂ ਦਾ ਬਣਦਾ ਹਿਸਾਬ ਦੇਣ ਲਈ ਕਿਹਾ। ਮਾਲਕ ਨੇ ਭਰੋਸਾ ਦਿਵਾਇਆ ਕਿ ਉਹ 10 ਮਾਰਚ ਦੀ ਸ਼ਾਮ 6 ਵਜੇ ਹਿਸਾਬ ਦੇ ਦੇਵੇਗਾ। ਤੈਅ ਕੀਤੇ ਗਏ ਸਮੇਂ ਅਨੁਸਾਰ ਯੂਨੀਅਨ ਸੰਚਾਲਕ ਰਾਜਵਿੰਦਰ ਤੇ ਦੋਵੇਂ ਮਜ਼ਦੂਰ ਸਾਥੀ ਫੈਕਟਰੀ ਪਹੁੰਚ ਗਏ। ਫੈਕਟਰੀ ਦੇ ਬਾਹਰੋਂ ਹੀ ਜਦੋਂ ਮਾਲਕ ਨੂੰ ਮਿਲਣ ਲਈ ਫੋਨ ਕੀਤਾ ਗਿਆ ਤਾਂ ਉਸਨੇ ਨਾ ਸਿਰਫ਼ ਮਿਲਣ ਤੋਂ ਇਨਕਾਰ ਕਰ ਦਿੱਤਾ ਸਗੋਂ ਗਾਲ੍ਹਾਂ ਦਿੰਦੇ ਹੋਏ ਕਿਹਾ ਕਿ ਉਹ ਇੱਕ ਵੀ ਪੈਸਾ ਨਹੀਂ ਦੇਵੇਗਾ ਚਾਹੇ ਜੋ ਕਰ ਲਵੋ। ਰਾਜਵਿੰਦਰ ਦੋਵਾਂ ਮਜ਼ਦੂਰ ਸਾਥੀਆਂ ਨਾਲ਼ ਮਸਲੇ ਦੇ ਹੱਲ ਲਈ ਵਿਚਾਰ ਕਰਨ ਲਈ ਸਮਾਂ ਤੈਅ ਕਰਕੇ ਅੱਗੇ ਨਿਕਲ ਗਏ। ਪਰ ਦੀਪਕ ਅਤੇ ਰਾਜ ਦੋਵੇਂ ਕੁਝ ਆਪਸੀ ਗੱਲਬਾਤ ਕਰਨ ਲਈ ਜਦੋਂ ਕੁਝ ਮਿੰਟ ਉੱਥੇ ਖਲੋਤੇ ਰਹੇ ਤਾਂ ਮੌਕਾ ਦੇਖ ਕੇ ਮਾਲਕ ਸਵਰਨ ਸਿੰਘ ਅਤੇ ਉਸਦੇ ਬੇਟੇ ਨੇ ਦੋਵਾਂ 'ਤੇ ਹਮਲਾ ਕਰ ਦਿੱਤਾ। ਮਾਲਕਾਂ ਨੇ ਉਹਨਾਂ ਨੂੰ ਕਾਰਖਾਨੇ ਵਿੱਚ ਘੜੀਸਣਾ ਸ਼ੁਰੂ ਕਰ ਦਿੱਤਾ। ਰਾਜ ਤਾਂ ਕਿਸੇ ਤਰ੍ਹਾਂ ਬਚ ਨਿਕਲਣ ਵਿੱਚ ਕਾਮਯਾਬ ਹੋ ਗਿਆ ਪਰ ਦੀਪਕ ਪੈਰ ਦੀ ਇੱਕ ਬਿਮਾਰੀ ਕਾਰਨ ਖੁਦ ਨੂੰ ਛੁੜਾ ਨਾ ਸਕਿਆ। ਮਾਲਕਾਂ ਨੇ ਉਸਨੂੰ ਫੈਕਟਰੀ ਅੰਦਰ ਲਿਜਾ ਕੇ ਬੁਰੀ ਤਰ੍ਹਾਂ ਕੁੱਟਿਆ। ਉਸਦਾ ਮੋਬਾਈਲ ਤੋੜ ਦਿੱਤਾ ਗਿਆ ਅਤੇ ਉਸਤੇ ਚੋਰੀ ਦਾ ਇਲਜਾਮ ਲਾਉਣ ਦੀ ਧਮਕੀ ਦਿੱਤੀ ਗਈ। ਕਿਸੇ ਤਰ੍ਹਾਂ ਦੀਪਕ ਆਪਣੀ ਜਾਨ ਬਚਾ ਕੇ ਭੱਜਣ ਵਿੱਚ ਸਫਲ ਹੋਇਆ ਅਤੇ ਆਪਣੇ ਕਮਰੇ 'ਚ ਪਹੁੰਚ ਗਿਆ।

ਉਹ ਕਾਫੀ ਡਰਿਆ ਹੋਇਆ ਸੀ ਅਤੇ ਜ਼ਖ਼ਮੀ ਸੀ। ਯੂਨਿਅਨ ਨੇ ਦੋਵਾਂ ਦਾ ਮੈਡੀਕਲ ਕਰਵਾਕੇ ਸ਼ੇਰਪੁਰ ਚੌਂਕੀ ਵਿੱਚ ਦਰਖਾਸਤ ਦਰਜ ਕਰਵਾਈ। ਪਤਾ ਲੱਗਾ ਕਿ ਮਾਲਕ ਨੇ ਵੀ ਪੁਲਸ ਨੂੰ ਇਹ ਝੂਠੀ ਦਰਖਾਸਤ ਦਿੱਤੀ ਹੈ ਕਿ ਯੂਨੀਅਨ ਵਾਲ਼ੇ ਤੋੜ-ਫੋੜ ਕਰਕੇ ਸਮਾਨ ਚੁੱਕ ਕੇ ਲੈ ਗਏ ਹਨ। ਪੁਲਸ ਨੇ ਪਹਿਲਾਂ ਤਾਂ ਯੂਨਿਅਨ ਦਾ ਹੀ ਕਸੂਰ ਕੱਢਣ ਦੀ ਕੋਸ਼ਿਸ਼ ਕੀਤੀ ਅਤੇ ਮਾਲਕ ਨੂੰ ਚੌਂਕੀ ਬਲਾਉਣ ਲਈ ਟਾਲਮਟੋਲ ਕੀਤੀ। ਪਰ ਯੂਨੀਅਨ ਦਾ ਸਖ਼ਤ ਰਵੱਈਆ ਦੇਖਕੇ ਮਾਲਕ ਨੂੰ 12 ਮਾਰਚ ਨੂੰ ਦੁਪਹਿਰ 3 ਵਜੇ ਚੌਂਕੀ ਬੁਲਾਇਆ ਗਿਆ। ਚੌਂਕੀ ਵਿੱਚ ਲਗਭਗ 50 ਮਜ਼ਦੂਰ ਮਰਦ-ਔਰਤਾਂ ਦੀਪਕ ਅਤੇ ਰਾਜ ਦੇ ਸਮਰਥਨ ਵਿੱਚ ਇਕੱਠੇ ਹੋ ਕੇ ਪੁਲਿਸ ਚੌਂਕੀ ਪਹੁੰਚੇ। ਮਜ਼ਦੂਰਾਂ ਦੇ ਸਖ਼ਤ ਤੇਵਰ ਦੇਖਦੇ ਹੀ ਪੁਲਸ ਅਤੇ ਮਾਲਕ ਦੇ ਹੋਸ਼ ਉੱਡ ਗਏ। ਮਾਲਕ ਆਪਣੀ ਸਫਾਈ ਵਿੱਚ ਕੋਈ ਵੀ ਠੋਸ ਸਬੂਤ ਦੇ ਕੇ ਆਪਣੇ ਆਪ ਨੂੰ ਠੀਕ ਨਾ ਸਿੱਧ ਕਰ ਸਕਿਆ। ਆਖਰ ਉਸ ਨੂੰ ਆਪਣਾ ਕਸੂਰ ਮੰਨਣਾ ਪਿਆ। ਉਸ ਨੇ ਹੱਥ ਜੋੜ ਕੇ ਸਾਰਿਆਂ ਦੇ ਸਾਹਮਣੇ ਦੋਵੇਂ ਮਜ਼ਦੂਰ ਸਾਥੀਆਂ ਤੋਂ ਮਾਫ਼ੀ ਮੰਗੀ ਅਤੇ ਉਹਨਾਂ ਦੇ ਪੂਰੇ ਪੈਸਿਆਂ ਤੋਂ ਇਲਾਵਾ, ਮੋਬਾਇਲ ਦੇ ਪੈਸੇ ਅਤੇ ਉੱਪਰ ਹੋਏ ਮੈਡੀਕਲ ਵਗੈਰਾ ਦਾ ਖਰਚ ਦੇ ਕੇ ਲਿਖਤੀ ਸਮਝੌਤੇ ਕਰਕੇ ਇਹ ਵਿਸ਼ਾਵਸ ਦਿਵਾਇਆ ਕਿ ਅੱਗੇ ਤੋਂ ਕਿਸੇ ਵੀ ਵਰਕਰ ਨਾਲ਼ ਅਜਿਹਾ ਨਹੀਂ ਕਰੇਗਾ। ਇਹ ਇੱਕਜੁੱਟ ਮਜ਼ਦੂਰਾਂ ਦੀ ਇੱਕ ਜ਼ਾਲਮ ਫੈਕਟਰੀ ਮਾਲਕ ਖਿਲਾਫ ਜਿੱਤ ਸੀ ਜਿਸ ਨੇ ਮਜ਼ਦੂਰਾਂ ਵਿੱਚ ਜੱਥੇਬੰਦੀ ਪ੍ਰਤੀ ਵਿਸ਼ਵਾਸ ਹੋਰ ਵਧਾਇਆ ਅਤੇ ਹੋਰ ਮਜ਼ਦੂਰਾਂ ਨੂੰ ਨਾਲ਼ ਜੋੜਨ ਲਈ ਪ੍ਰੇਰਿਤ ਕੀਤਾ। □

*ਬਿਹਤਰ ਜ਼ਿੰਦਗੀ ਦਾ ਰਾਹ ਬਿਹਤਰ ਕਿਤਾਬਾਂ ਵਿੱਚੋਂ ਹੋ ਕੇ ਲੰਘਦਾ ਹੈ।*

# ਜਨਚੇਤਨਾ

।ਇੱਕ ਸੱਭਿਆਚਾਰਕ ਮੁਹਿੰਮ ।ਇੱਕ ਵਿਚਾਰਕ ਪ੍ਰੋਜੈਕਟ ।ਬਦਲਵੇਂ ਮੀਡੀਆ ਦਾ ਇੱਕ ਮਾਡਲ

ਕਿਤਾਬਾਂ ਨਹੀਂ
ਅਸੀਂ ਆਣ ਵਾਲ਼ੇ ਕੱਲ੍ਹ ਦੇ ਸੁਪਨੇ ਲੈ ਕੇ ਆਏ ਹਾਂ
ਕਿਤਾਬਾਂ ਨਹੀਂ
ਅਸੀਂ ਅਸਲੀ ਇਨਸਾਨ ਦੀ ਤਰ੍ਹਾਂ
ਜੀਣ ਦਾ ਸੰਕਲਪ ਲੈ ਕੇ ਆਏ ਹਾਂ।
ਅਸੀਂ ਹਾਂ ਉਮੀਦਾਂ ਦੇ ਹਰਕਾਰੇ
ਅਸੀਂ ਹਾਂ ਵਿਚਾਰਾਂ ਦੇ ਡਾਕੀਏ।

**ਮੁੱਖ ਦਫ਼ਤਰ :** ਡੀ-68, ਨਿਰਾਲਾ ਨਗਰ,
ਲਖਨਊ-226020 ਫੋਨ : 0522-2786782,
#11, ਸਤਜੋਤ ਨਗਰ, ਗਲੀ ਨੰ-10/4, ਧਾਂਦਰਾ ਰੋਡ,
ਦੁੱਗਰੀ, ਲੁਧਿਆਣਾ। ਫੋਨ : 98155-87807
ਈਮੇਲ : **janchetna@rediffmail.com**

**ਜਨਚੇਤਨਾ ਦੀਆਂ ਹਿੰਦੀ, ਪੰਜਾਬੀ ਅਤੇ ਅੰਗਰੇਜ਼ੀ ਕਿਤਾਬਾਂ ਦੀ ਸੰਪੂਰਣ ਸੂਚੀ ਦੇਖਣ ਅਤੇ ਆਰਡਰ ਦੇਣ ਲਈ ਸਾਡੇ ਬਲੌਗ 'ਤੇ ਜਾਓ—**
**http://janchetnaa.blogspot.com**

## ਸਾਡੇ ਕੋਲ਼ ਤੁਹਾਨੂੰ ਮਿਲਣਗੇ :

-ਸਰਵਉਤਮ ਵਿਸ਼ਵ ਕਲਾਸਿਕਸ
-ਮਿਆਰੀ ਪ੍ਰਗਤੀਸ਼ੀਲ ਸਾਹਿਤ
-ਇਤਿਹਾਸ, ਫ਼ਲਸਫੇ ਅਤੇ ਸਮਾਜ ਵਿਗਿਆਨ ਦੀਆਂ ਚੋਣਵੀਆਂ ਕਿਤਾਬਾਂ
-ਭਗਤ ਸਿੰਘ ਅਤੇ ਉਨ੍ਹਾਂ ਦੇ ਸਾਥੀਆਂ ਦਾ ਸੰਪੂਰਨ ਉਪਲੱਭਧ ਸਾਹਿਤ
-ਜੀਵਨ ਅਤੇ ਸਮਾਜ ਦੀ ਸਮਝ ਦੇਣ ਵਾਲ਼ਾ ਅਤੇ ਭਵਿੱਖ ਦਾ ਮਾਰਗ ਦੱਸਣ ਵਾਲ਼ਾ ਇਨਕਲਾਬੀ ਰਾਜਨੀਤਿਕ ਸਾਹਿਤ
-ਦਿਮਾਗ ਦੀਆਂ ਖਿੜਕੀਆਂ ਖੋਲਣ ਵਾਲ਼ਾ ਅਤੇ ਕਲਪਨਾ ਨੂੰ ਖੰਭ ਦੇਣ ਵਾਲ਼ਾ ਬਾਲ ਸਾਹਿਤ
-ਆਕਰਸ਼ਕ ਪੋਸਟਰ, ਕੈਲੰਡਰ ਅਤੇ ਕਾਰਡ
-ਇਨਕਲਾਬੀ ਗੀਤਾਂ ਦੇ ਕੈਸਟਸ

ਦੋ ਦਹਾਕੇ ਪਹਿਲਾਂ ਪ੍ਰਗਤੀਸ਼ੀਲ, ਲੋਕ-ਪੱਖੀ ਸਾਹਿਤ ਨੂੰ ਘਰ-ਘਰ ਤੱਕ ਪਹੁੰਚਾਉਣ ਦੀ ਮੁਹਿੰਮ ਦੀ ਇੱਕ ਨਿੱਕੀ ਜਿਹੀ ਸ਼ੁਰੂਆਤ ਹੋਈ, ਵੱਡੇ ਮਨਸੂਬਿਆਂ ਨਾਲ਼। ਇੱਕ ਨਿੱਕੀ ਜਿਹੀ ਦੁਕਾਨ ਅਤੇ ਫੁੱਟਪਾਥਾਂ 'ਤੇ, ਮੁਹੱਲਿਆਂ ਵਿੱਚ ਅਤੇ ਦਫ਼ਤਰਾਂ ਦੇ ਸਾਹਮਣੇ ਛੋਟੀਆਂ-ਛੋਟੀਆਂ ਪ੍ਰਦਰਸ਼ਨੀਆਂ ਲਗਾਉਣ ਵਾਲ਼ੇ ਅਤੇ ਸਾਈਕਲਾਂ ਉਪਰ, ਰੇਹੜੀਆਂ ਉਪਰ, ਝੋਲ਼ਿਆਂ ਵਿੱਚ ਭਰਕੇ ਘਰ-ਘਰ ਕਿਤਾਬਾਂ ਪਹੁੰਚਾਉਣ ਵਾਲ਼ੇ ਬਿਨਾਂ ਤਨਖ਼ਾਹ ਤੋਂ ਕੰਮ ਕਰਨ ਵਾਲ਼ੇ ਸਮਰਪਿਤ ਵਲੰਟੀਅਰਾਂ ਦੀ ਟੀਮ – ਸ਼ੁਰੂਆਤ ਬੱਸ ਇੱਥੋਂ ਹੋਈ। ਅੱਜ ਇਹ ਵਿਚਾਰਕ ਮੁਹਿੰਮ ਉਤਰੀ ਭਾਰਤ ਦੇ ਦਰਜਨਾਂ ਸ਼ਹਿਰਾਂ ਅਤੇ ਪਿੰਡਾਂ ਤੱਕ ਫੈਲ ਚੁੱਕੀ ਹੈ। ਇੱਕ ਵੱਡੇ ਅਤੇ ਇੱਕ ਛੋਟੇ ਪ੍ਰਦਰਸ਼ਨੀ ਵਹੀਕਲ ਰਾਹੀਂ ਜਨਚੇਤਨਾ ਹਿੰਦੀ ਅਤੇ ਪੰਜਾਬੀ ਖੇਤਰ ਦੇ ਦੂਰ ਦਰਾਜ ਦੇ ਕੋਨਿਆਂ ਤੱਕ ਹਿੰਦੀ, ਪੰਜਾਬੀ ਅਤੇ ਅੰਗ੍ਰੇਜ਼ੀ ਸਾਹਿਤ ਅਤੇ ਕਲਾ ਸਮਗਰੀ ਦੇ ਨਾਲ਼ ਸੁਪਨੇ ਅਤੇ ਵਿਚਾਰ ਲੈ ਕੇ ਜਾ ਰਹੀ ਹੈ, ਜੀਵਨ-ਸੰਘਰਸ਼-ਸਿਰਜਣਾ-ਤਰੱਕੀ ਦਾ ਨਾਅਰਾ ਲੈ ਕੇ ਜਾ ਰਹੀ ਹੈ।

*ਆਮ ਲੋਕਾਂ ਲਈ*
*ਜ਼ਰੂਰੀ ਹਨ ਉਹ ਕਿਤਾਬਾਂ*
*ਜੋ ਉਨ੍ਹਾਂ ਦੀ ਜ਼ਿੰਦਗੀ ਦੀ ਘੁਟਣ*
*ਅਤੇ ਮੁਕਤੀ ਦੇ ਸੁਪਨਿਆਂ ਤੱਕ*
*ਪਹੁੰਚਾਉਂਦੀਆਂ ਨੇ ਵਿਚਾਰ*
*ਜਿਵੇਂ ਕਿ ਬਾਰੂਦ ਦੀ ਢੇਰੀ ਤੱਕ*
*ਅੱਗ ਦੀ ਚਿੰਗਾਰੀ*
*ਘਰ-ਘਰ ਤੱਕ ਚਿੰਗਾਰੀ ਛਿੜਕਣ ਵਾਲਾ*
*ਤੇਜ਼ ਹਵਾ ਦਾ ਬੁੱਲਾ ਬਣ ਜਾਣਾ ਹੋਵੇਗਾ*
*ਜ਼ਿੰਦਗੀ 'ਤੇ ਆਉਣ ਵਾਲੇ ਦਿਨਾਂ ਦਾ ਸੱਚ*
*ਦੱਸਣ ਵਾਲੀਆਂ ਕਿਾਤਬਾਂ ਨੂੰ*
*ਘਰ-ਘਰ ਵਿਚ ਪਹੁੰਚਾਉਣਾ ਹੋਵੇਗਾ।*

## ਅਨੁਰਾਗ ਟਰੱਸਟ ਵੱਲੋਂ ਜਲਦ ਹੀ ਪ੍ਰਕਾਸ਼ਤ ਹੋਣ ਜਾ ਰਹੀਆਂ ਨਵੀਆਂ ਕਿਤਾਬਾਂ

1. ਇਵਾਨ (ਵਲਾਦੀਮੀਰ ਬਗਾਮੋਲੋਵ) 40 ਰੁ.
2. ਵਾਂਕਾ (ਚੈਖ਼ਵ) 15 ਰੁ.
3. ਕਿਸਮਤ ਆਪੋ ਆਪਣੀ (ਜੈਨੇਂਦਰ) 20 ਰੁ.
4. ਕੋਹਕਾਫ਼ ਦਾ ਕੈਦੀ (ਲੇਵ ਤਾਲਸਤਾਏ) 30 ਰੁ.

**Book Post (Printed Matter)**

To ____________________

____________________

____________________

____________________

*If undelivered please return to:*
*Lakhwinder s/o S. Manjit Singh, Muhalla Jasrhan,*
*P.O. & City- Sirhind City*
*Distt-Fatehgarh Sahib-140406 ☎ 96461-50249*